12ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -12 ISSUE - 21
August 30, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

# ਕੈਲੀਫੋਰਨੀਆ ਅਸੈਂਬਲੀ ਨੇ 'ਜਾਤੀ ਭੇਦਭਾਵ ਵਿਰੋਧੀ' SB 403 ਬਿੱਲ ਕੀਤਾ ਪਾਸ







ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਜਾਤੀ ਵਿਤਕਰੇ ਵਿਰੋਧੀ ਬਿੱਲ ਨੂੰ ਪਾਸ ਕਰ ਦਿੱਤਾ ਹੈ, ਇਹ ਬਿੱਲ ਜਾਤੀ ਵਿਤਕਰੇ ਦਾ ਮੁਕਾਬਲਾ ਕਰਨ ਅਤੇ ਰਾਜ ਭਰ ਵਿੱਚ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਲਈ ਸੁਰੱਖਿਆ ਨੂੰ ਮਜ਼ਬੂਤ ਕਰੇਗਾ। ਇਹ ਬਿੱਲ ਕੱਲ੍ਹ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਸੀ। ਇਸ ਬਿੱਲ ਨੂੰ ਜੇਕਰ ਗਵਰਨਰ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਕੈਲੀਫੋਰਨੀਆ ਅਮਰੀਕਾ ਦਾ ਪਹਿਲਾ ਰਾਜ ਬਣ ਜਾਵੇਗਾ ਜਿਸ ਨੇ ਆਪਣੇ, ਭੇਦਭਾਵ ਵਿਰੋਧੀ ਕਾਨੂੰਨਾਂ ਵਿੱਚ ਜਾਤ ਨੂੰ ਸੁਰੱਖਿਅਤ ਸ਼੍ਰੇਣੀ ਵਜੋਂ ਸ਼ਾਮਲ ਕੀਤਾ ਹੈ।

ਕੱਲ੍ਹ ਕੈਲੀਫੋਰਨੀਆ ਅਸੈਂਬਲੀ ਤੋਂ ਇਸ ਬਿੱਲ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਦਸਤਖਤ ਲਈ ਗਵਰਨਰ ਗੇਵਿਨ ਨਿਊਜ਼ੋਮ ਪਾਸ ਪਹੁੰਚੇਗਾ। ਸੈਨੇਟ ਬਿੱਲ 403 ਅਸੈਂਬਲੀ ਨੇ 50-3 ਦੇ ਭਾਰੀ ਫਰਕ ਨਾਲ ਪਾਸ ਕਰ ਦਿੱਤਾ। ਕਮੇਟੀ ਵਿੱਚ ਪਿਛਲੀਆਂ ਤਬਦੀਲੀਆਂ ਨੇ ਬਿੱਲ ਦੀ ਭਾਸ਼ਾ ਵਿੱਚ ਜਾਤ 'ਤੇ ਜ਼ੋਰ ਨਹੀਂ ਦਿੱਤਾ। ਪਰ ਬਹੁਤ ਸਾਰੇ ਆਲੋਚਕਾਂ ਨੇ ਸੰਸਦ ਮੈਂਬਰਾਂ ਨੂੰ ਇਸ ਸ਼ਬਦ ਨੂੰ ਹਟਾਉਣ ਜਾਂ ਬਿਲ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਿਹਾ ਸੀ।

"ਕੈਲੀਫੋਰਨੀਆ ਅਜੇ ਵੀ ਇੱਕ ਅਜਿਹਾ ਰਾਜ ਹੈ ਜੋ ਨਾਗਰਿਕ ਅਧਿਕਾਰਾਂ ਲਈ ਖੜ੍ਹਾ ਹੈ। ਸੰਸਦ ਮੈਂਬਰਾਂ ਨੇ ਇਸ ਦਲੀਲ ਨੂੰ ਇੱਕ ਪਾਸੇ ਰੱਖਣ ਦਾ ਫੈਸਲਾ ਕੀਤਾ ਕਿ ਬਿੱਲ ਭਾਰਤ ਅਤੇ ਹਿੰਦੂ ਧਰਮ ਨਾਲ ਜਾਤ ਨੂੰ ਜੋੜਨ ਵਾਲੇ ਰੂੜ੍ਹੀਵਾਦੀ ਵਿਚਾਰਾਂ ਕਾਰਨ ਦੱਖਣੀ ਏਸ਼ੀਆਈ ਅਮਰੀਕੀਆਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਏਗਾ। ਇਸ ਦੀ ਬਜਾਏ, ਉਨ੍ਹਾਂ ਨੇ ਪ੍ਰਗਤੀਸ਼ੀਲ ਕਾਨੂੰਨੀ ਵਿਦਵਾਨਾਂ ਅਤੇ ਦਲਿਤ ਨਾਗਰਿਕ ਅਧਿਕਾਰ ਸਮੂਹ, ਸਮਾਨਤਾ ਲੈਬਜ਼ ਦਾ ਸਮਰਥਨ ਕੀਤਾ। ਦਲਿਤ ਸ਼ਬਦ ਉਨ੍ਹਾਂ ਲੋਕਾਂ ਨੂੰ ਦਰਸਾਉਂਦਾ ਹੈ ਜੋ ਹਿੰਸਕ ਤੌਰ 'ਤੇ ਦੱਖਣ ਏਸ਼ੀਆਈ ਜਾਤ ਪ੍ਰਣਾਲੀ ਦੇ ਹੇਠਲੇ ਹਿੱਸੇ ਤੱਕ ਪਹੁੰਚੇ ਹੋਏ ਹਨ, ਜਿਸ ਨੇ ਇਤਿਹਾਸਕ ਤੌਰ 'ਤੇ ਵੱਖ-ਵੱਖ ਧਰਮਾਂ ਦੇ ਲੋਕਾਂ ਦੀਆਂ ਨੌਕਰੀਆਂ ਅਤੇ ਸਿੱਖਿਆ ਨੂੰ ਆਪਣੇ ਕਬਜੇ ਚ ਕੀਤਾ ਹੋਇਆ ਹੈ। ਬਿੱਲ ਦੇ ਸਮਰਥਕਾਂ ਦੀ ਦਲੀਲ ਸੀ ਕਿ ਬੇ ਏਰੀਆ ਆਈ ਟੀ ਵਰਗੇ ਖੇਤਰਾਂ ਵਿੱਚ ਦੱਖਣੀ ਏਸ਼ੀਆਈ ਅਮਰੀਕੀਆਂ ਦੀ ਵੱਧ ਰਹੀ ਗਿਣਤੀ ਨੂੰ ਦੇਖ ਰਿਹਾ ਹੈ ਜਿਨਾਂ ਵਿੱਚ ਮਤਭੇਦਾਂ ਦੀਆਂ ਅਕਸਰ ਖਬਰਾਂ ਆਈਆਂ ਸਨ। ਵਹਾਬ ਨੇ ਵੋਟ ਤੋਂ ਬਾਅਦ ਇੱਕ ਪ੍ਰੈਸ ਬਿਆਨ ਵਿੱਚ ਕਿਹਾ "ਮੈਂ ਹਰ ਵਿਧਾਨ ਸਭਾ ਮੈਂਬਰ ਦੀ ਸ਼ਲਾਘਾ ਕਰਦੀ ਹਾਂ ਜਿਸ ਨੇ ਅੱਜ ਞ 403 ਦੇ ਸਮਰਥਨ ਵਿੱਚ ਵੋਟ ਪਾਈ। ਜਾਤੀ ਵਿਤਕਰੇ ਦੇ ਵਿਰੁੱਧ ਸਾਡੇ ਰਾਜ ਦੇ ਕਾਨੂੰਨਾਂ ਦੀ ਸੁਰੱਖਿਆ ਵਿੱਚ ਸ਼ਾਮਲ ਕਰਨ ਦੀ ਇਸ ਕਾਨੂੰਨੀ ਕਾਰਵਾਈ ਵਿੱਚ ਮੇਰੇ ਨਾਲ ਸ਼ਾਮਲ ਹੋਣ ਲਈ ਮੈਂ ਉਹਨਾਂ ਦੀ ਹਿੰਮਤ ਲਈ ਉਹਨਾਂ ਦਾ ਧੰਨਵਾਦ ਕਰਦੀ ਹਾਂ।




ਦੱਸਣਯੋਗ ਹੈ ਕਿ ਏਸ਼ੀਅਨ ਅਮਰੀਕਨ ਪੈਸੀਫਿਕ ਆਈਲੈਂਡਰ ਕਾਕਸ ਦੇ ਅਸੈਂਬਲੀ ਮੈਂਬਰ ਐਲੇਕਸ ਲੀ ਅਤੇ ਇਵਾਨ ਲੋ ਜਿਸ ਨੇ ਪਹਿਲਾਂ ਬਿੱਲ 'ਤੇ ਅਸੈਂਬਲੀ ਜੁਡੀਸ਼ਰੀ ਕਮੇਟੀ ਨੂੰ ਜਾਤੀ ਨੂੰ ਪਾਸੇ ਕਰਨ ਜਾਂ ਹੋਰ ਅਧਿਐਨ ਲਈ ਬਿੱਲ ਨੂੰ ਰੋਕਣ ਦੀ ਬੇਨਤੀ ਕੀਤੀ। ਬਿੱਲ ਦੇ ਸਮਰਥਕਾਂ ਨੇ ਪਹਿਲਾਂ ਬੇਨਤੀ ਕੀਤੀਆਂ ਤਬਦੀਲੀਆਂ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਹੈ, ਲੀ ਅਤੇ ਲੋ ਨੂੰ ਸੋਧਾਂ ਤੋਂ ਬਾਅਦ ਬਿੱਲ ਦੇ ਸਮਰਥਨ ਵਿੱਚ ਆਉਣ ਲਈ ਕਿਹਾ ਹੈ। ਲੀ ਨੇ ਸੋਮਵਾਰ ਨੂੰ ਸਮਰਥਨ ਵਿੱਚ ਗੱਲ ਕੀਤੀ, ਪਰ ਲੋ ਨੇ ਪਰਹੇਜ਼ ਕੀਤਾ। ਵਹਾਬ ਨੇ ਕਿਹਾ ਸੀ ਕਿ, ਇਹ ਨਾਗਰਿਕ ਅਧਿਕਾਰਾਂ ਦਾ ਮੁੱਦਾ ਹੈ, ਇਹ ਔਰਤਾਂ ਦੇ ਅਧਿਕਾਰਾਂ ਦਾ ਮੁੱਦਾ ਹੈ। ਬਿੱਲ ਕਈ ਤਰ੍ਹਾਂ ਦੇ ਰਾਜਨੀਤਿਕ ਮੁੱਦਿਆਂ ਲਈ ਇੱਕ ਫਲੈਸ਼ਪੁਆਇੰਟ ਬਣ ਗਿਆ ਹੈ, ਜਿਨ੍ਹਾਂ ਵਿੱਚੋਂ ਭਾਰਤ ਵਿੱਚ ਧਾਰਮਿਕ ਅਤੇ ਜਾਤੀ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਿੰਦੂ ਰਾਸ਼ਟਰਵਾਦ ਦਾ ਵੱਧ ਰਿਹਾ ਪ੍ਰਭਾਵ ਚਿੰਤਾ ਦਾ ਵਿਸ਼ਾ ਰਿਹਾ ਹੈ।

ਪ੍ਰੈਸ ਰਿਲੀਜ਼ ਵਿੱਚ, ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਕਾਰਜਕਾਰੀ ਨਿਰਦੇਸ਼ਕ, ਸੁਹਾਗ ਸ਼ੁਕਲਾ ਨੇ ਇਸ ਫੈਸਲੇ ਦੀ ਨਿੰਦਾ ਕੀਤੀ। ਸ਼ੁਕਲਾ ਨੇ ਕਿਹਾ, "ਕੈਲੀਫੋਰਨੀਆ ਦੇ 50 ਵਿਧਾਇਕਾਂ ਨੇ ਨੈਤਿਕ ਦਲੇਰੀ ਦਿਖਾਉਣ ਅਤੇ ਸੰਵਿਧਾਨ ਨੂੰ ਕਾਇਮ ਰੱਖਣ ਦੀ ਬਜਾਏ ਹਿੰਦੂ ਵਿਰੋਧੀ ਨਫਰਤ ਸਮੂਹਾਂ ਦਾ ਸਾਥ ਦਿੱਤਾ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D TM
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

ਹਰਿ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਸਤੰਬਰ 8-9-10, 2023**

ਸ੍ਰੀ ਅਖੰਡ ਪਾਠ ਸਾਹਿਬ ਜੀ 8 ਸਤੰਬਰ ਨੂੰ ਆਰੰਭ ਹੋਣਗੇ, ਜਿਹਨਾਂ ਦੇ ਭੋਗ
10 ਸਤੰਬਰ, 2023 ਦਿਨ ਐਤਵਾਰ ਨੂੰ ਪਾਏ ਜਾਣਗੇ।
ਪਾਠ ਦੀ ਸੇਵਾ ਕੁਲਦੀਪ ਸਿੰਘ ਸੈਣੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲਈ ਗਈ ਹੈ ਜੀ।

**Sangat Sewadars** www.sriguruもravidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

# ਅਮਰੀਕਾ ਵਿਚ ਨਸਲੀ ਨਫਰਤ ਲਈ ਕੋਈ ਥਾਂ ਨਹੀਂ- ਜੋ ਬਾਈਡਨ

## ਨਫਰਤੀ ਹਿੰਸਾ ਬਾਰੇ ਚੁੱਪ ਅਪਰਾਧ ਵਿਚ ਸ਼ਾਮਿਲ ਹੋਣ ਵਾਂਗ-ਰਾਸ਼ਟਰਪਤੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਜੈਕਸਨਵਿਲੇ, ਫਲੋਰਿਡਾ ਵਿਚ 3 ਕਾਲੇ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਵਾਪਰੀ ਘਟਨਾ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮਰੀਕਾ ਵਿਚ ਘ੍ਰਿਣਾ ਲਈ ਕੋਈ ਥਾਂ ਨਹੀਂ ਹੈ। ਜੈਕਸਨਵਿਲੇ ਵਿਚ ਡਾਲਰ ਜਨਰਲ ਸਟੋਰ ਵਿਚ ਬੀਤੇ ਦਿਨ ਇਕ ਔਰਤ ਸਮੇਤ 3 ਕਾਲੇ ਵਿਅਕਤੀ ਮਾਰੇ ਗਏ ਸਨ। ਪੁਲਿਸ ਅਫਸਰਾਂ ਅਨੁਸਾਰ ਇਸ ਘਟਨਾ ਨੂੰ ਇਕ 20 ਸਾਲ ਦੇ ਗੋਰੇ ਵਿਅਕਤੀ ਨੇ ਅੰਜਾਮ ਦਿੱਤਾ ਹੈ ਜਿਸ ਨੇ ਸਟੋਰ ਵਿਚ ਮੌਜੂਦ ਕੇਵਲ ਕਾਲੇ ਲੋਕਾਂ ਨੂੰ ਹੀ ਨਿਸ਼ਾਨਾ ਬਣਾਇਆ। ਬਾਈਡਨ ਨੇ ਕਿਹਾ ਕਿ ਅਸੀਂ ਸਵਾਲਾਂ ਦੇ ਹੱਲ ਲੱਭਣ ਦਾ ਯਤਨ ਜਾਰੀ ਰਖਾਂਗੇ ਪਰੰਤੂ ਸਾਨੂੰ ਇਕ ਗੱਲ ਸਾਫ ਤੇ ਜੋਰਦਾਰ ਢੰਗ ਨਾਲ ਸਪੱਸ਼ਟ ਕਰਨੀ ਪਵੇਗੀ ਕਿ ਗੋਰੀ ਸੁਪਰਮੇਸੀ ਨੂੰ ਅਮਰੀਕਾ ਵਿਚ ਕੋਈ ਜਗਾ ਨਹੀਂ ਹੈ। ਰਾਸ਼ਟਰਪਤੀ ਨੇ ਕਿਹਾ ਕਿ ਗੋਲੀਬਾਰੀ ਦੀ ਇਹ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ ਵਾਸ਼ਿੰਗਟਨ ਵਿਚ ਰੈਲੀ ਦੀ 60 ਵੀਂ ਵਰੇ ਗੰਢ ਮਨਾਈ ਜਾ ਰਹੀ ਹੈ ਜੋ ਕਿ 20 ਵੀਂ ਸਦੀ ਦਾ ਮਨੁੱਖੀ ਹੱਕਾਂ ਬਾਰੇ ਇਕ ਵਿਸ਼ੇਸ਼ ਮਹੱਤਵ ਵਾਲਾ ਅਹਿਮ ਪ੍ਰਦਰਸ਼ਨ ਹੈ। ਰਾਸ਼ਟਰਪਤੀ ਨੇ ਕਿਹਾ ਸਾਨੂੰ ਇਕ ਅਜਿਹੇ ਦੇਸ਼ ਵਿਚ ਰਹਿਣ ਤੋਂ ਇਨਕਾਰ ਕਰਨਾ ਪਵੇਗਾ ਜਿਥੇ ਕਾਲੇ ਭਾਈਚਾਰੇ ਨਾਲ ਸਬੰਧਤ ਪਰਿਵਾਰ ਡਰ ਦੇ ਸਾਏ ਹੇਠ ਜੀਵਨ ਬਿਤਾਉਣ। ਚਮੜੀ ਦੇ ਰੰਗ ਕਾਰਨ ਗੋਲੀ ਮਾਰ ਦੇਣ ਦੇ ਡਰੋਂ ਕਾਲੇ ਲੋਕ ਸਟੋਰਾਂ ਵਿਚ ਜਾਣ ਤੇ ਕਾਲੇ ਵਿਦਿਆਰਥੀ ਸਕੂਲਾਂ ਵਿਚ ਜਾਣ ਸਮੇ ਘਬਰਾਉਣ। ਰਾਸ਼ਟਰਪਤੀ ਨੇ ਹੋਰ ਕਿਹਾ ਨਫਰਤੀ ਹਿੰਸਾ ਬਾਰੇ ਚੁੱਪ ਅਪਰਾਧ ਵਿਚ ਸ਼ਾਮਿਲ ਹੋਣ ਵਾਂਗ ਹੈ, ਅਸੀਂ ਕਿਸੇ ਵੀ ਹਾਲਤ ਵਿਚ ਚੁੱਪ ਨਹੀਂ ਰਹਿ ਸਕਦੇ। ਇਸੇ ਦੌਰਾਨ ਅਟਰਾਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਵੱਖਰੇ ਬਿਆਨ ਵਿਚ ਪੁਸ਼ਟੀ ਕੀਤੀ ਹੈ ਕਿ ਨਿਆਂ ਵਿਭਾਗ ਜੈਕਸਨਵਿਲੇ ਘਟਨਾ ਦੀ ਨਫਰਤੀ ਅਪਰਾਧ ਤੇ ਨਸਲੀ ਹਿੰਸਕ ਅੱਤਵਾਦ ਦੇ ਨਜ਼ਰੀਏ ਤੋਂ ਜਾਂਚ ਕਰ ਰਿਹਾ ਹੈ। ਉਨਾਂ ਕਿਹਾ ਕਿ ਇਸ ਦੇਸ਼ ਵਿਚ ਕੋਈ ਵੀ ਵਿਅਕਤੀ ਨਫਰਤੀ ਹਿੰਸਾ ਦੇ ਡਰ ਦੇ ਸਾਏ ਹੇਠ ਨਹੀਂ ਰਹੇਗਾ ਤੇ ਕਿਸੇ ਪਰਿਵਾਰ ਨੂੰ ਵੀ ਕਿਸੇ ਦੇ ਕੱਟੜਪੁਣੇ ਤੇ ਘ੍ਰਿਣਾ ਕਾਰਨ ਆਪਣੇ ਕਿਸੇ ਸਕੇ - ਸਬੰਧੀ ਦੀ ਮੌਤ ਉਪਰ ਰੋਣਾ ਨਹੀਂ ਪਵੇਗਾ।

# ਅਮਰੀਕਾ ਦੇ ਲੋਇਸਵਿਲੇ ਸ਼ਹਿਰ ਵਿਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਤੇ 5 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਦੇ ਕੈਂਟੂਕੀ ਰਾਜ ਦੇ ਸ਼ਹਿਰ ਲੋਇਸਵਿਲੇ ਵਿਖੇ ਲੰਘੀ ਰਾਤ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ



2 ਵਿਅਕਤੀਆਂ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਅਨੁਸਾਰ ਸਦਰਨ ਰੈਸਟੋਰੈਂਟ ਐਂਡ ਲਾਂਜ ਦੇ ਬਾਹਰਵਾਰ ਰਾਤ 3 ਵਜੇ ਤੜਕਸਾਰ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਵਿਭਾਗ ਦੇ ਡਿਪਟੀ ਚੀਫ ਸਟੀਵ ਹੀਲੇ ਅਨੁਸਾਰ ਇਕ ਵਿਅਕਤੀ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੂਸਰਾ ਵਿਅਕਤੀ ਹਸਪਤਾਲ ਵਿਚ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਹੀਲੇ ਨੇ ਕਿਹਾ ਕਿ 5 ਜ਼ਖਮੀ ਸਥਾਨਕ ਹਸਪਤਾਲਾਂ ਵਿਚ ਜੇਰੇ ਇਲਾਜ਼ ਹਨ । ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਸ਼ੱਕੀ ਨੂੰ ਹਿਰਾਸਤ ਵਿਚ ਨਹੀਂ ਲਿਆ ਹੈ।

# ਭਾਰਤ ਦੇ ਸੂਰਜ ਮਿਸ਼ਨ 'ਚ ਕੀ ਹੈ ਖਾਸ

**ਵਾਸ਼ਿੰਗਟਨ–** ਚੰਦਰਯਾਨ-3 ਦੀ ਸਫਲਤਾ ਤੋਂ ਬਾਅਦ ਹੁਣ ਭਾਰਤ ਦੀਆਂ ਨਜ਼ਰਾਂ ਸੂਰਜ 'ਤੇ ਟਿਕੀਆਂ ਹੋਈਆਂ ਹਨ। ਇਸਰੋ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਸੂਰਜ ਮਿਸ਼ਨ ਆਦਿਤਿਆ ਐਲ-1 ਦੋ ਸਤੰਬਰ ਨੂੰ ਸਵੇਰੇ 11.50 ਵਜੇ ਲਾਂਚ ਕੀਤਾ ਜਾਵੇਗਾ। ਆਦਿਤਿਆ ਐਲ1 ਮਿਸ਼ਨ ਭਾਰਤ ਦਾ ਪਹਿਲਾ ਸੂਰਜੀ ਮਿਸ਼ਨ ਹੈ, ਜਿਸ ਰਾਹੀਂ ਸੂਰਜੀ ਵਾਯੂਮੰਡਲ ਦੀ ਗਤੀਸ਼ੀਲਤਾ ਯਾਨੀ ਕ੍ਰੋਮੋਸਫੀਅਰ ਅਤੇ ਕੋਰੋਨਾ ਦੀ ਗਤੀਸ਼ੀਲਤਾ ਦਾ ਅਧਿਐਨ ਕੀਤਾ ਜਾਵੇਗਾ।

ਸੂਰਜ ਦੇ ਕਈ ਦੇਸ਼ ਸੂਰਜ ਦਾ ਅਧਿਐਨ ਕਰਨ ਲਈ ਮੁਕਾਬਲਾ ਕਰ ਰਹੇ ਹਨ। ਅਮਰੀਕਾ, ਜਰਮਨੀ, ਯੂਰਪੀਅਨ ਸਪੇਸ ਏਜੰਸੀ ਨੇ ਹੁਣ ਤਕ ਸੂਰਜ ਵੱਲ ਕੁੱਲ 22 ਮਿਸ਼ਨ ਭੇਜੇ ਹਨ। ਇਨ੍ਹਾਂ 22 ਮਿਸ਼ਨਾਂ 'ਚੋਂ ਹੁਣ ਤਕ ਸਿਰਫ 1 ਮਿਸ਼ਨ ਹੀ ਅਸਫਲ ਰਿਹਾ ਹੈ। ਇਸ ਵਿਚ ਵੀ ਨਾਸਾ ਵੱਲੋਂ ਸਭ ਤੋਂ ਵੱਧ ਮਿਸ਼ਨ ਭੇਜੇ ਗਏ ਹਨ। ਨਾਸਾ ਨੇ ਸੂਰਜ ਦਾ ਅਧਿਐਨ ਕਰਨ ਲਈ ਸਾਲ 1960 ਵਿੱਚ ਪਹਿਲਾ ਸੂਰਜ ਮਿਸ਼ਨ ਪਾਇਨੀਅਰ-5 ਭੇਜਿਆ ਸੀ।

ਇਸਰੋ ਦਾ ਆਦਿਤਿਆ ਐਲ1 ਮਿਸ਼ਨ ਧਰਤੀ ਤੋਂ ਲਗਪਗ 15 ਲੱਖ ਕਿਲੋਮੀਟਰ ਦੂਰ ਸੂਰਜ ਵੱਲ ਜਾਵੇਗਾ। ਆਦਿਤਿਆ ਐਲ1 ਮਿਸ਼ਨ ਨੂੰ ਲੈਂਗਰੇਸ ਪੁਆਇੰਟ ਯਾਨੀ ਐਲ-1 ਤਕ ਪਹੁੰਚਣ ਲਈ 4 ਮਹੀਨੇ ਲੱਗਣਗੇ।

ਆਦਿਤਿਆ ਐਲ-1 'ਚ ਕੁੱਲ 7 ਪੇਲੋਡ ਲਗਾਏ ਗਏ ਹਨ, ਜੋ ਇਸਰੋ ਨੂੰ ਫੋਟੋਸਫੀਅਰ, ਕ੍ਰੋਮੋਸਫੀਅਰ ਅਤੇ ਕੋਰੋਨਾ (ਸੂਰਜ ਦੀ ਸਭ ਤੋਂ ਬਾਹਰੀ ਪਰਤ) ਦੇ ਅਧਿਐਨ ਵਿੱਚ ਮਦਦ ਕਰਨਗੇ।

# 1 ਅਰਬ ਲੋਕਾਂ ਦੀ ਮੌਤ ਦਾ ਕਾਰਨ ਬਣ ਸਕਦੀ ਹੈ ਗਲੋਬਲ ਵਾਰਮਿੰਗ



**ਨਵੀਂ ਦਿੱਲੀ–** ਅਧਿਐਨ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਮਨੁੱਖ ਦੀਆਂ ਆਪਹੁਦਰੀਆਂ ਕਾਰਨ ਜੇ ਗਲੋਬਲ ਵਾਰਮਿੰਗ ਦੋ ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦੀ ਹੈ ਤਾਂ ਜਲਵਾਯੂ ਤਬਦੀਲੀ ਕਾਰਨ ਅਗਲੀ ਸਦੀ ਵਿੱਚ ਕਰੀਬ ਇੱਕ ਅਰਬ ਲੋਕਾਂ ਦੀ ਸਮੇਂ ਤੋਂ ਪਹਿਲਾਂ ਮੌਤ ਹੋ ਸਕਦੀ ਹੈ। ਖੋਜੀਆਂ ਨੇ ਕਿਹਾ ਕਿ ਤੇਲ ਅਤੇ ਗੈਸ ਉਦਯੋਗ 40 ਪ੍ਰਤੀਸ਼ਤ ਤੋਂ ਵੱਧ ਕਾਰਬਨ ਨਿਕਾਸ ਲਈ ਸਿੱਧੇ ਅਤੇ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਅਰਬਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰ ਰਿਹਾ ਹੈ। ਜਰਨਲ ਐਨਰਜੀਜ਼ ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ ਵਿਆਪਕ ਤੇ ਠੋਸ ਊਰਜਾ ਨੀਤੀਆਂ ਬਣਾਉਣ ਲਈ ਗਿਆ ਗਿਆ ਹੈ, ਜੋ ਕਾਰਬਨ ਦੇ ਨਿਕਾਸ 'ਚ ਤੁਰੰਤ ਕਮੀ ਲਿਆਉਣ ਦੇ ਸਮਰਥ ਹੋਣ।




# ਕੈਲੇਫੋਰਨੀਆਂ ਸਿੱਖ ਯੂਥ ਅਲਾਇੰਸ ਵੱਲੋਂ ਚੌਥਾ ਸ਼ਹੀਦੀ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਚ ਪਾਵਰ ਲਿਫਟਿੰਗ (ਭਾਰ ਚੁੱਕਣ) ਦਾ ਟੂਰਨਾਮੈਂਟ “ਕੈਲੇਫੋਰਨੀਆਂ ਸਿੱਖ ਯੂਥ ਅਲਾਇੰਸ” ਵੱਲੋਂ ਕਰਵਾਇਆ ਗਿਆ। ਜੋ ਕਿ ਸਮੂੰਹ ਸਿੱਖ ਸ਼ਹੀਦਾਂ ਦੀ ਨਿੱਘੀ ਯਾਦ ਅਤੇ ਸ਼ਹਾਦਤ ਨੂੰ ਸਮਰਪਿਤ ਸੀ। ਇਸ ਸੰਸਥਾ ਵੱਲੋਂ ਕੈਲੇਫੋਰਨੀਆਂ ਵਿੱਚ ਕਰਵਾਇਆ ਜਾਣ ਵਾਲਾ ਇਹ ਚੌਥਾ ਟੂਰਨਾਮੈਂਟ ਸੀ। ਜਿਸ ਵਿਚ ਭਾਰ ਚੁੱਕਣ ਦੇ ਸੌਕੀਨ ਬਹੁ ਗਿਣਤੀ ਵਿੱਚ ਲੜਕੇ, ਲੜਕੀਆਂ ਅਤੇ ਨੌਜਵਾਨਾ ਨੇ ਦੂਰ-ਦੂਰਾਡੇ ਤੋਂ ਪਹੁੰਚ ਕੇ ਨੇ ਭਾਗ ਲਿਆ। ਇਸ ਟੂਰਨਾਮੈਂਟ ਨੂੰ ਵੱਖ-ਵੱਖ ਉਮਰ ਅਤੇ ਭਾਰ ਚੁੱਕਣ ਦੇ ਗਰੁੱਪਾ ਵਿੱਚ ਵੰਡਿਆ ਗਿਆ ਸੀ। ਜਿਸ ਵਿੱਚ ਹਿੱਸਾ ਲੈਣ ਲਈ ਪਹੁੰਚੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਸ ਵਿੱਚ ਬਹੁਤ ਜ਼ਿਆਦਾ ਭਾਰ ਚੁੱਕਣ ਦੇ ਸੌਕੀਨਾਂ ਨੇ ਹਿੱਸਾ ਲਿਆ। ਜਿਸ ਕਰਕੇ ਇਹ ਟੂਰਨਾਂਮੈਂਟ ਮਿੱਥੇ ਸਮੇਂ ਤੋਂ ਬਾਅਦ ਵੀ ਕਈ ਘੰਟੇ ਚੱਲਿਆ। ਸਮੂੰਹ ਹਿੱਸਾ ਲੈਣ ਵਾਲੇ



ਖਿਡਾਰੀਆਂ ਦਾ ਹੌਸਲਾ ਅਫਜਾਈ ਅਤੇ ਜੇਤੂਆਂ ਨੂੰ ਸਨਮਾਨ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਟੂਰਨਾਮੈਂਟ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਵੀ ਸੰਗਤਾਂ ਨੂੰ ਸੰਬੋਧਿਨ ਕੀਤਾ ਅਤੇ ਸਿੱਖਾਂ ਦੇ ਸੰਘਰਸ਼ ਭਰੇ ਇਤਿਹਾਸ ਦੀ ਸਾਂਝ ਪਾਈ। ਇਸ ਟੂਰਨਾਮੈਂਟ ਤੋਂ ਇਲਾਵਾ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਸਮੂੰਹ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਸ਼ਨੀ ਵੀ ਲੱਗੀ ਹੋਈ ਅਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਟੀ-ਸਰਟਾਂ ਅਤੇ ਪੁਸਤਕਾਂ ਦੇ ਸਟਾਲ ਵੀ ਲੱਗੇ ਹੋਏ ਸਨ। ਜੋ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾ ਰਹੇ ਸਨ।

ਇਸ ਸਮੇਂ ਗੁਰੂਘਰ ਅੰਦਰ ਸਮੂੰਹ ਸੰਗਤਾਂ ਲਈ ਲੰਗਰ ਅਤੁੱਟ ਵਰਤ ਰਹੇ ਸਨ। ਅੰਤ ਕੈਲੇਫੋਰਨੀਆਂ ਸਿੱਖ ਯੂਥ ਅਲਾਇਸ ਦੀ ਸਮੁੱਚੀ ਟੀਮ ਵੱਲੋਂ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਅਤੇ ਸਮੂੰਹ ਸੰਗਤ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਜੇ ਰਾਸ਼ਟਰਪਤੀ ਬਣਿਆ ਤਾਂ ਐਲੋਨ ਮਸਕ ਨੂੰ ਬਣਾਵਾਂਗਾ ਆਪਣਾ ਸਲਾਹਕਾਰ : ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ

**ਵਾਸ਼ਿੰਗਟਨ-** ਭਾਰਤੀ-ਅਮਰੀਕੀ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ, ਵਿਵੇਕ ਰਾਮਾਸਵਾਮੀ ਨੇ ਸੁਝਾਅ ਦਿੱਤਾ ਹੈ ਕਿ ਜੇ ਉਹ 2024 ਵਿੱਚ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਹ ਟੇਸਲਾ ਦੇ ਸੰਸਥਾਪਕ ਐਲੋਨ ਮਸਕ ਨੂੰ ਸਲਾਹਕਾਰ ਵਜੋਂ ਲਿਆਉਣਾ ਚਾਹੁਣਗੇ। ਏਐਨਆਈ ਨੇ ਦ ਹਿੱਲ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਹੈ। ਰਿਪਬਲਿਕਨ ਪਾਰਟੀ ਦੇ ਸਭ ਤੋਂ ਘੱਟ ਉਮਰ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਰਾਮਾਸਵਾਮੀ ਨੇ ਲੋਵਾ ਵਿੱਚ ਇੱਕ ਕਸਬੇ ਦੀ ਮੀਟਿੰਗ ਵਿੱਚ ਕਿਹਾ ਕਿ ਉਹ ਸਪੇਸਐਕਸ, ਟੇਸਲਾ ਅਤੇ ਐਕਸ ਦੇ ਅਰਬਪਤੀ ਮਾਲਕ ਸਮੇਤ ਆਪਣੇ ਪ੍ਰਸ਼ਾਸਨ ਵਿੱਚ ਮਾਰਗਦਰਸ਼ਨ ਪ੍ਰਦਾਨ ਕਰਨ ਲਈ "ਇੱਕ ਖਾਲੀ ਤਾਜ਼ਾ ਪ੍ਰਭਾਵ" ਵਾਲੇ ਲੋਕਾਂ ਨੂੰ ਲਿਆਏਗਾ। ਐਲੋਨ ਮਸਕ ਨੇ ਐਨਬੀਸੀ ਨਿਊਜ਼ ਦਾ ਹਵਾਲਾ ਦਿੰਦੇ ਹੋਏ ਦ ਹਿੱਲ ਦੀ ਰਿਪੋਰਟ ਦਿੱਤੀ।

ਰਾਮਾਸਵਾਮੀ ਨੇ ਕਿਹਾ, "ਮੈਨੂੰ ਹਾਲ ਹੀ ਵਿੱਚ ਐਲੋਨ ਮਸਕ ਨੂੰ ਚੰਗੀ ਤਰ੍ਹਾਂ ਜਾਣਨ ਦਾ ਆਨੰਦ ਮਿਲਿਆ ਹੈ। ਮੈਂ ਉਮੀਦ ਕਰਦਾ ਹਾਂ ਕਿ ਉਹ ਮੇਰੇ ਲਈ ਇੱਕ ਦਿਲਚਸਪ ਸਲਾਹਕਾਰ ਹੋਣਗੇ ਕਿਉਂਕਿ ਉਨ੍ਹਾਂ ਨੇ ਟਵਿੱਟਰ 'ਤੇ 75 ਫੀਸਦੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ," ਰਾਮਾਸਵਾਮੀ ਨੇ ਕਿਹਾ। ਉਸਨੇ ਪਹਿਲਾਂ ਸੋਸ਼ਲ ਮੀਡੀਆ ਕੰਪਨੀ 'ਐਕਸ', ਜੋ ਪਹਿਲਾਂ 'ਟਵਿੱਟਰ' ਵਜੋਂ ਜਾਣੀ ਜਾਂਦੀ ਸੀ, ਦੇ ਐਲੋਨ ਮਸਕ ਦੇ ਪ੍ਰਬੰਧਨ ਦੀ ਤਾਰੀਫ ਕੀਤੀ ਸੀ ਅਤੇ ਕਿਹਾ ਸੀ ਕਿ ਉਹ ਸਰਕਾਰ ਨੂੰ ਉਸੇ ਤਰ੍ਹਾਂ ਚਲਾਉਣਾ ਚਾਹੇਗਾ ਜਿਸ ਤਰ੍ਹਾਂ ਮਸਕ ਕੰਪਨੀ ਨੂੰ ਚਲਾਉਂਦਾ ਹੈ। ਸ਼੍ਰੀ ਰਾਮਾਸਵਾਮੀ ਨੇ ਪਿਛਲੇ ਹਫਤੇ ਫੌਕਸ ਨਿਊਜ਼ 'ਤੇ ਇੱਕ ਇੰਟਰਵਿਊ ਵਿੱਚ ਕਿਹਾ, "ਉਸਨੇ ਟਵਿੱਟਰ 'ਤੇ ਜੋ ਕੀਤਾ, ਉਹ ਇਸ ਗੱਲ ਦੀ ਇੱਕ ਚੰਗੀ ਉਦਾਹਰਣ ਹੈ ਕਿ ਮੈਂ ਪ੍ਰਸ਼ਾ-ਸਨਿਕ ਰਾਜ ਲਈ ਕੀ ਕਰਨਾ ਚਾਹੁੰਦਾ ਹਾਂ।" "ਡੈੱਡ ਵਜ਼ਨ ਦੀ ਲਾਗਤ ਦਾ 75 ਪ੍ਰਤੀਸ਼ਤ ਕੱਢੋ, ਅਸਲ ਅਨੁਭਵ ਵਿੱਚ ਸੁਧਾਰ ਕਰੋ ਕਿ ਇਹ ਕੀ ਕਰਨਾ ਚਾਹੀਦਾ ਹੈ," ਉਸਨੇ ਅੱਗੇ ਕਿਹਾ। ਭਾਰਤੀ-ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੇ ਅੱਗੇ ਕਿਹਾ, "ਉਸਨੇ ਟਵਿੱਟਰ ਦੁਆਰਾ ਇੱਕ ਐਕਸ ਲਗਾਇਆ, ਮੈਂ ਪ੍ਰਸ਼ਾਸਨਿਕ ਰਾਜ ਦੁਆਰਾ ਇੱਕ ਵੱਡਾ ਐਕਸ ਪਾਵਾਂਗਾ। ਇਸ ਲਈ, ਮੈਂ ਐਲੋਨ ਨਾਲ ਸਾਂਝੀ ਰਣਨੀਤੀ 'ਤੇ ਹਾਂ।" ਇਸ ਤੋਂ ਪਹਿਲਾਂ, ਮਸਕ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਉਸਨੇ ਕੰਪਨੀ ਦੇ ਕਰਮਚਾਰੀਆਂ ਨੂੰ 8,000 ਤੋਂ ਘਟਾ ਕੇ 1,500 ਕਰ ਦਿੱਤਾ ਹੈ ਕਿਉਂਕਿ ਉਸਨੇ ਪਿਛਲੀ ਗਿਰਾਵਟ ਵਿੱਚ 44 ਬਿਲੀਅਨ ਡਾਲਰ ਵਿੱਚ ਟਵਿੱਟਰ ਖਰੀਦਿਆ ਸੀ।



ਪਿਛਲੇ ਹਫ਼ਤੇ, ਮਸਕ ਨੇ ਕਿਹਾ ਸੀ ਕਿ ਉਸਨੇ ਰਾਮਾਸਵਾਮੀ ਨੂੰ "ਬਹੁਤ ਹੀ ਹੋਣਹਾਰ ਉਮੀਦਵਾਰ" ਵਜੋਂ ਵੇਖਿਆ। ਉਦਯੋਗਪਤੀ ਰਾਮਾਸਵਾਮੀ, ਨੇ ਪਹਿਲਾਂ ਬਹਿਸ ਦੇ ਪੜਾਅ ਦੌਰਾਨ ਹੋਰ GOP ਉਮੀਦਵਾਰਾਂ ਨਾਲ ਕਈ ਵਿਚਾਰ ਵਟਾਂਦਰੇ ਕੀਤੇ ਹਨ। ਰਾਮਾਸਵਾਮੀ ਇੱਕ ਬਾਇਓਟੈਕ ਅਤੇ ਹੈਲਥਕੇਅਰ ਉਦਮੀ ਹਨ, ਜਿਨ੍ਹਾਂ ਨੇ ਦੋ ਕਿਤਾਬਾਂ ਲਿਖੀਆਂ ਹਨ, 'ਨੇਸ਼ਨ ਆਫ਼ ਵਿਕਟਿਮਸ: ਆਈਡੈਂਟਿਟੀ ਪਾਲੀਟਿਕਸ, ਦ ਡੈਥ ਆਫ਼ ਮੈਰਿਟ, ਐਂਡ ਦ ਪਾਥ ਬੈਕ ਟੂ ਐਕਸੀਲੈਂਸ' ਅਤੇ 'ਵੋਕ, ਇੰਕ: ਇਨਸਾਈਡ ਕਾਰਪੋਰੇਟ ਅਮਰੀਕਾਜ਼ ਸੋਸ਼ਲ ਜਸਟਿਸ ਸਕੈਮ', ਸੀਐਨਐਨ ਨੇ ਰਿਪੋਰਟ ਦਿੱਤੀ।.

ਰਾਮਾਸਵਾਮੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਵਾਲ ਸਟਰੀਟ ਜਰਨਲ ਦੇ ਸੰਪਾਦਕੀ ਵਿੱਚ ਲਿਖਿਆ, "ਅਮਰੀਕਾ ਨੂੰ ਪਹਿਲ ਦੇਣ ਲਈ, ਸਾਨੂੰ ਅਮਰੀਕਾ ਕੀ ਹੈ, ਇਸ ਬਾਰੇ ਮੁੜ ਖੋਜ ਕਰਨ ਦੀ ਲੋੜ ਹੈ। ਇਸ ਲਈ ਮੈਂ ਰਾਸ਼ਟਰਪਤੀ ਲਈ ਚੋਣ ਲੜ ਰਿਹਾ ਹਾਂ," ਰਾਮਾਸਵਾਮੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਇੱਕ ਸੰਪਾਦਕੀ ਵਿੱਚ ਲਿਖਿਆ, "ਮੈਂ ਨਾ ਸਿਰਫ਼ ਇੱਕ ਸਿਆਸੀ ਮੁਹਿੰਮ ਸ਼ੁਰੂ ਕਰ ਰਿਹਾ ਹਾਂ, ਸਗੋਂ ਇੱਕ ਸੱਭਿਆਚਾਰਕ ਅੰਦੋਲਨ ਵੀ ਸ਼ੁਰੂ ਕਰ ਰਿਹਾ ਹਾਂ। ਇੱਕ ਨਵਾਂ ਅਮਰੀਕੀ ਸੁਪਨਾ ਬਣਾਉਣ ਲਈ - ਇੱਕ ਜੋ ਸਿਰਫ ਪੈਸੇ ਬਾਰੇ ਹੀ ਨਹੀਂ ਹੈ, ਸਗੋਂ ਉੱਤਮਤਾ ਦੀ ਅਣਜਾਣ ਖੋਜ ਬਾਰੇ ਹੈ।"

ਜਦੋਂ ਕਿ ਰਾਮਾਸਵਾਮੀ ਰਿਪਬਲਿਕਨ ਪ੍ਰਾਇਮਰੀ ਸਰਵੇਖਣਾਂ ਵਿੱਚ ਤਜਰਬੇਕਾਰ ਸਿਆਸਤਦਾਨਾਂ ਨਾਲ ਮੁਕਾਬਲਾ ਕਰ ਰਹੇ ਹਨ, ਉਹ ਅਜੇ ਵੀ ਸਿੰਗਲ ਅੰਕਾਂ ਵਿੱਚ ਹਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਬਹੁਤ ਪਿੱਛੇ ਹਨ, ਸੀਐਨਐਨ ਦੀ ਰਿਪੋਰਟ ਹੈ।

37 ਸਾਲਾ ਸੰਸਦ ਮੈਂਬਰ ਦਾ ਜਨਮ 9 ਅਗਸਤ, 1985 ਨੂੰ ਹੋਇਆ ਸੀ ਅਤੇ ਉਸ ਦਾ ਪਾਲਣ ਪੋਸ਼ਣ ਸਿਨਸਿਨਾਟੀ, ਓਹੀਓ ਵਿੱਚ ਹੋਇਆ ਸੀ। ਉਸ ਦੇ ਮਾਤਾ-ਪਿਤਾ ਕੇਰਲ ਤੋਂ ਅਮਰੀਕਾ ਚਲੇ ਗਏ ਸਨ। ਨਿੱਕੀ ਹੇਲੀ ਅਤੇ ਹਰਸ਼ਵਰਧਨ ਸਿੰਘ ਦੇ ਨਾਲ-ਨਾਲ ਉਹ ਤੀਜਾ ਭਾਰਤੀ-ਅਮਰੀਕੀ ਹੈ, ਜੋ ਅਗਲੇ ਸਾਲ ਜਨਵਰੀ ਵਿੱਚ ਹੋਣ ਵਾਲੀਆਂ ਪ੍ਰਾਇਮਰੀ ਚੋਣਾਂ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਮੁਕਾਬਲਾ ਕਰੇਗਾ।






# ਕੈਲੀਫੋਰਨੀਆ ਅਸੈਂਬਲੀ 'ਚ 'ਜਾਤੀ ਭੇਦਭਾਵ ਵਿਰੋਧੀ' SB 403 ਬਿੱਲ ਪਾਸ ਹੋਣ ਦੌਰਾਨ ਅਤੇ ਉਸ ਉਪਰੰਤ ਦੀਆਂ ਯਾਦਗਾਰੀ ਤਸਵੀਰਾਂ


































ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"

ਦੇਸ਼ ਦੁਆਬਾ

# ਵਿਰੋਧੀ ਪਾਰਟੀਆਂ ਦੀ ਮੀਟਿੰਗ

ਭਾਰਤ ਦੀ ਆਰਥਿਕ ਰਾਜਧਾਨੀ ਵਿਚ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਦੀ ਹਾਲ ਹੀ ਵਿਚ ਮੀਟਿੰਗ ਹੋਈ। ਦੋ ਦਿਨਾਂ ਇਸ ਬੈਠਕ ਵਿਚ ਸ਼ਾਮਲ ਪਾਰਟੀਆਂ ਵਿਚਕਾਰ ਉਹੀ ਸਮੱਸਿਆ ਫਿਰ ਨਜ਼ਰ ਆਈ, ਜੋ ਪਹਿਲਾਂ ਬਰਕਰਾਰ ਸੀ। ਅਸਲ ਵਿਚ ਇਸ ਗੱਠਜੋੜ ਦੀ ਅਗਵਾਈ ਕਰਨ ਵਾਲੇ ਲੀਡਰ ਨੂੰ ਲੈ ਕੇ ਪੇਚ ਫਸੇ ਹੋਏ ਹਨ। ਮਮਤਾ ਬੈਨਰਜੀ ਚਾਹੁੰਦੀ ਹੈ ਕਿ ਮੈਨੂੰ ਵਿਰੋਧੀ ਧਿਰ ਦੇ ਮੋਰਚਾ ਦਾ ਲੀਡਰ ਬਣਾਇਆ ਜਾਵੇ। ਨਿਤੀਸ਼ ਕੁਮਾਰ ਚਾਹੁੰਦੇ ਹਨ ਕਿ ਲੀਡਰ ਉਹ ਬਣਨ ਅਤੇ ਕੇਜਰੀਵਾਲ ਖੁਦ ਨੂੰ ਇਸ ਗੱਠਜੋੜ ਦੇ ਵੱਡੇ ਲੀਡਰ ਤੋਂ ਘੱਟ ਕੁਝ ਵੀ ਮੰਨਣ ਲਈ ਤਿਆਰ ਨਹੀਂ। ਸੀਟਾਂ ਦੀ ਵੰਡ ਸਬੰਧੀ ਵੀ ਕੋਈ ਪੱਕਾ ਫਾਰਮੂਲਾ ਫਿਲਹਾਲ ਇਹ ਗੱਠਜੋੜ ਨਹੀਂ ਬਣਾ ਸਕਿਆ ਹੈ। ਇਸ ਤੋਂ ਇਲਾਵਾ ਘੱਟੋ-ਘੱਟ ਸਹਿਮਤੀ (ਕਾਮਨ ਮਿਨੀਮਮ ਪ੍ਰੋਗਰਾਮ) ਬਾਰੇ ਵੀ ਫਿਲਹਾਲ ਕੁਝ ਸਾਹਮਣੇ ਨਹੀਂ ਆ ਰਿਹਾ।

ਦਰਅਸਲ ਇਸ ਗੱਠਜੋੜ ਦੀ ਏਕਤਾ ਵਿਚ ਸਭ ਤੋਂ ਵੱਡਾ ਅੜਿੱਕਾ ਕਾਂਗਰਸ ਪਾਰਟੀ ਬਣਦੀ ਨਜ਼ਰ ਆ ਰਹੀ ਹੈ। ਰਾਹੁਲ ਗਾਂਧੀ ਦੀ ਮੈਂਬਰਸ਼ਿਪ ਬਹਾਲ ਹੋਣ ਅਤੇ ਕਰਨਾਟਕ ਵਿਚ ਜਿੱਤ ਤੋਂ ਬਾਅਦ ਕਾਂਗਰਸ ਪਾਰਟੀ ਨਿਰਮਤਾ ਦੇ ਨਾਲ-ਨਾਲ ਆਪਣੀ ਹੋਂਦ ਨੂੰ ਵੀ ਬਰਕਰਾਰ ਰੱਖਣਾ ਚਾਹੁੰਦੀ ਹੈ। ਜੇਕਰ ਉਹ ਕਿਸੇ ਸਿੱਟੇ 'ਤੇ ਨਹੀਂ ਪਹੁੰਚਦੀ ਤਾਂ ਤਾਂ ਉਸ ਦੇ ਹੱਥੋਂ ਯੂ. ਪੀ., ਬਿਹਾਰ, ਬੰਗਾਲ, ਦਿੱਲੀ, ਪੰਜਾਬ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਵਰਗੇ ਅਹਿਮ ਸੂਬੇ ਨਿਕਲ ਜਾਣਗੇ। ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿਚ ਕਾਂਗਰਸ ਦਾ ਸਿੱਧਾ ਮੁਕਾਬਲਾ ਭਾਜਪਾ ਦੇ ਨਾਲ ਹੈ, ਪਰ ਇੰਨਾ ਤਿੰਨੇ ਸੂਬਿਆਂ ਵਿਚ ਨਾ ਤਾਂ ਸਪਾ, ਨਾ ਆਮ ਆਦਮੀ ਪਾਰਟੀ, ਨਾ ਜਨਤਾ ਦਲ ਅਤੇ ਨਾ ਹੀ ਮਮਤਾ ਬੈਨਰਜੀ ਉਸ ਦੀ ਕੋਈ ਸੰਤੁਸ਼ਟੀਜਨਕ ਮਦਦ ਕਰ ਸਕਦੇ ਹਨ। ਕਾਂਗਰਸ ਚਾਹੁੰਦੀ ਹੈ ਕਿ ਇਸ ਗੱਠਜੋੜ ਦੀ ਲੀਡਰਸ਼ਿਪ ਉਸ ਦੇ ਕੋਲ ਹੀ ਰਹੇ ਪਰ ਲਾਲੂ ਯਾਦਵ ਦੀ ਪਾਰਟੀ ਨੂੰ ਛੱਡ ਕੇ ਬਾਕੀ ਹੋਰ ਪਾਰਟੀਆਂ ਕਾਂਗਰਸ ਦੀ ਅਗਵਾਈ ਵਿਚ ਚੱਲਣ ਲਈ ਤਿਆਰ ਨਹੀਂ ਹਨ। ਇਸੇ ਦਾ ਨਤੀਜਾ ਹੈ ਕਿ ਹੁਣ ਤੱਕ ਸੀਟਾਂ ਦੀ ਵੰਡ, ਘੱਟੋ ਘੱਟ ਸਾਂਝਾ ਪ੍ਰੋਗਰਾਮ ਅਤੇ ਭਵਿੱਖ ਦੀ ਰਣਨੀਤੀ ਤੇ ਕੋਈ ਸਹਿਮਤੀ ਬਣਦੀ ਨਜ਼ਰ ਨਹੀਂ ਆ ਰਹੀ।ਇਸੇ ਤਰ੍ਹਾਂ ਸਹਿਯੋਗੀ ਪਾਰਟੀਆਂ ਦੀ ਅੰਦਰੂਨੀ ਸਮੱਸਿਆ ਵੀ ਵੱਡੀ ਹੈ। ਬੰਗਾਲ ਕਾਂਗਰਸ ਦੀ ਇਕਾਈ ਮਮਤਾ ਬੈਨਰਜੀ ਨਾਲ ਕਿਸੇ ਕਿਸਮ ਦਾ ਗੱਠਜੋੜ ਕਰਨ ਲਈ ਤਿਆਰ ਨਹੀਂ। ਯੂ. ਪੀ. ਵਿਚ ਸਪਾ ਸਾਰੀਆਂ ਸੀਟਾਂ ਆਪਣੇ ਲਈ ਮੰਗ ਰਹੀ ਹੈ। ਦਿੱਲੀ ਅਤੇ ਪੰਜਾਬ ਵਿਚ ਕੇਜਰੀਵਾਲ ਕਾਂਗਰਸ ਨੂੰ ਬਿਲਕੁਲ ਆਊਟ ਕਰਨਾ ਚਾਹੁੰਦੇ ਹਨ। ਬਿਹਾਰ ਵਿਚ ਲਾਲੂ ਯਾਦਵ ਚਾਹੁੰਦੇ ਹਨ ਕਿ ਨਿਤੀਸ਼ ਕੁਮਾਰ ਬਾਹਰ ਨਿਕਲਣ ਅਤੇ ਉਸ ਦਾ ਮੁੰਡਾ ਤੇਜਸਵੀ ਯਾਦਵ ਜਨਤਾ ਦਲ ਦੀ ਕਮਾਨ ਸੰਭਾਲਣ ਵਾਲਾ ਇਕੱਲਾ ਹੀ ਲੀਡਰ ਰਹਿ ਜਾਵੇ। ਅਜਿਹੇ ਕੁਝ ਅੰਦਰੂਨੀ ਕਲੇਸ਼ ਹੋਰ ਵੀ ਪਾਰਟੀਆਂ ਵਿਚ ਹਨ। ਕਾਂਗਰਸ ਦੇ ਅੰਦਰ ਵੀ ਸਮੱਸਿਆਵਾਂ ਦੀ ਭਰਮਾਰ ਹੈ। ਕਾਂਗਰਸ ਅੰਦਰੂਨੀ ਚਾਹੁੰਦੀ ਹੈ ਕਿ ਰਾਹੁਲ ਗਾਂਧੀ ਹੀ 2024 ਦੀਆਂ ਚੋਣਾਂ ਵਿਚ ਉਸ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਹੋਣ, ਜਦਕਿ ਕਾਂਗਰਸ ਦੇ ਕਈ ਮਾਹਿਰ ਲੀਡਰ ਚਾਹੁੰਦੇ ਹਨ ਕਿ ਇਹ ਪ੍ਰੰਪਰਾ ਟੁੱਟੇ ਅਤੇ ਕਿਸੇ ਯੋਗ ਵਿਅਕਤੀ ਨੂੰ ਲੀਡਰ ਵਜੋਂ ਅੱਗੇ ਲਿਆਂਦਾ ਜਾਵੇ।

ਇਹ ਦਾ ਪ੍ਰਗਟਾਵਾ ਹਾਲ ਹੀ ਵਿਚ ਉਦੋਂ ਹੋਇਆ ਜਦੋਂ ਰਾਹੁਲ ਗਾਂਧੀ ਦੇ ਲਦਾਖ ਵਿਚ ਚੀਨ ਦੁਆਰਾ ਜ਼ਮੀਨ ਹੜੱਪਣ ਦੇ ਬਿਆਨ ਤੇ ਕਾਂਗਰਸ ਪਾਰਟੀ ਦਾ ਸਟੈਂਡ ਵੱਖਰਾ ਨਜ਼ਰ ਆਇਆ। ਕਾਂਗਰਸ ਨੇ ਅਧਿਕਾਰਿਤ ਤੌਰ ਤੇ ਚੀਨ ਦੁਆਰਾ ਬਦਲੇ ਗਏ ਲਦਾਖ ਅਤੇ ਅਰੁਣਾਚਲ ਪ੍ਰਦੇਸ਼ ਨੂੰ ਲੈ ਕੇ ਨਕਸ਼ੇ ਦਾ ਭਾਰੀ ਵਿਰੋਧ ਕੀਤਾ ਅਤੇ ਦੋਵੇਂ ਖੇਤਰਾਂ ਨੂੰ ਭਾਰਤ ਦਾ ਅਟੁੱਟ ਅੰਗ ਦੱਸਿਆ। ਇਹ ਸਭ ਸਮੱਸਿਆਵਾਂ ਇਸ ਗੱਠਜੋੜ ਨੂੰ ਚਾਲੂ ਸਾਲ ਦਰਮਿਆਨ ਹੀ ਹੱਲ ਕਰਨੀਆਂ ਪੈਣਗੀਆਂ ਕਿਉਂਕਿ ਅਗਲੇ ਸਾਲ ਤਾਂ ਚੋਣਾਂ ਦਾ ਬਿਗਲ ਵੱਜ ਜਾਣਾ ਹੈ ਅਤੇ ਸੱਤਾਧਾਰੀ ਭਾਜਪਾ ਦੀ ਅਗਵਾਈ ਵਾਲਾ ਗੱਠਜੋੜ ਵੀ ਪੂਰੀ ਤਰ੍ਹਾਂ ਸਰਗਰਮ ਹੋ ਜਾਵੇਗਾ ਅਤੇ ਟੁੱਟ-ਭੰਨ ਦੀ ਰਾਜਨੀਤੀ ਤੇਜ਼ ਹੋ ਜਾਵੇਗੀ। ਵਿਰੋਧੀ ਪਾਰਟੀਆਂ ਨੂੰ ਚਾਹੀਦਾ ਸੀ ਕਿ ਘੱਟੋ ਘੱਟ ਜੇਕਰ ਕੋਈ ਗੱਠਜੋੜ ਬਣਾਉਣਾ ਵੀ ਸੀ ਤਾਂ ਸਾਲ 2022 ਤੋਂ ਇਸ ਦੀ ਸ਼ੁਰੂਆਤ ਕਰਦੇ ਤਾਂ ਹੀ ਹੁਣ ਤੱਕ ਅੰਦਰੂਨੀ ਮਾਮਲੇ ਸੈਟਲ ਕਰਕੇ ਪੂਰੀ ਤਾਕਤ ਨਾਲ ਸਰਕਾਰ ਵਿਰੁੱਧ ਮਾਹੌਲ ਬਣਾ ਸਕਦੇ ਸਨ।

# ਭਾਰਤ ਦਾ ਪੁਲਾੜ ਵਿਚ ਸਫਲਤਾ ਦਾ ਸਫਰ

**ਦਿਨੇਸ਼ ਸੀ. ਸ਼ਰਮਾ**

ਭਾਰਤੀ ਪੁਲਾੜ ਖੋਜ ਸੰਸਥਾ (Indian Space Research Organisation-ISRO) ਨੇ ਆਪਣੇ ਹੁਣ ਤੱਕ ਦੇ ਸਭ ਤੋਂ ਗੁੰਝਲਦਾਰ ਮਿਸ਼ਨ ਨੂੰ ਮੁਕੰਮਲ ਕੀਤਾ ਹੈ। ਚੰਦਰਯਾਨ-3 ਬੀਤੇ ਬੁੱਧਵਾਰ ਨੂੰ ਚੰਦ ਦੀ ਸਤ੍ਹਾ ਉੱਤੇ ਸਫ਼ਲਤਾਪੂਰਬਕ ਉਤਰ ਗਿਆ ਹੈ। ਇਸ ਦਾ ਲੈਂਡਰ (ਉਤਰਨ ਵਾਲਾ ਵਾਹਨ) ਆਪਣੇ ਅੰਦਰ ਰੋਵਰ (ਸਤ੍ਹਾ ਉੱਤੇ ਘੁੰਮਣ-ਫਿਰਨ ਵਾਲਾ ਵਾਹਨ) ਨੂੰ ਲੈ ਕੇ ਮਿੱਥੇ ਮੁਤਾਬਿਕ ਚੰਦ ਉੱਤੇ ਉਤਰ ਗਿਆ। ਉਮੀਦ ਹੈ ਕਿ ਇਸ ਵੱਲੋਂ ਆਗਾਮੀ 14 ਦਿਨਾਂ ਤੱਕ ਚੰਦ ਦੀ ਸਤ੍ਹਾ ਦੀ ਘੋਖ-ਪੜਤਾਲ ਕੀਤੀ ਜਾਵੇਗੀ। ਇਹ ਨਾ ਸਿਰਫ਼ ਵਿਗਿਆਨਕ ਅਤੇ ਤਕਨਾਲੋਜੀ ਦੇ ਪੱਖ ਤੋਂ ਇਕ ਮੀਲ-ਪੱਥਰ ਹੈ ਸਗੋਂ ਇਸ ਨਾਲ ਭਾਰਤ ਉਨ੍ਹਾਂ ਗਿਣੇ-ਚੁਣੇ ਮੁਲਕਾਂ ਵਿਚ ਵੀ ਸ਼ੁਮਾਰ ਹੋ ਗਿਆ ਹੈ ਜਿਹੜੇ ਚੰਦ ਉੱਤੇ ਸੌਫਟ ਲੈਂਡਿੰਗ ਕਰਾਉਣ ਦਾ ਮਾਅਰਕਾ ਮਾਰ ਸਕੇ ਹਨ। ਅੱਧੀ ਸਦੀ ਪਹਿਲਾਂ ਪੁਲਾੜ ਦੌਰ ਦੀ ਹੋਈ ਸ਼ੁਰੂਆਤ ਤੋਂ ਬਾਅਦ ਹੁਣ ਤੱਕ ਸਿਰਫ਼ ਤਿੰਨ ਮੁਲਕ – ਅਮਰੀਕਾ, ਸੋਵੀਅਤ ਸੰਘ/ਰੂਸ ਅਤੇ ਚੀਨ ਹੀ ਚੰਦ ਉੱਤੇ ਸੌਫਟ ਲੈਂਡਿੰਗ ਵਿਚ ਸਫ਼ਲ ਰਹੇ ਸਨ।

ਚੰਦਰਯਾਨ-3 ਭਾਰਤ ਵੱਲੋਂ ਪੁਲਾੜ ਵਿਚ ਦੂਰ ਤੱਕ ਭੇਜਿਆ ਗਿਆ ਚੌਥਾ ਮਿਸ਼ਨ ਹੈ (ਕੁੱਲ ਮਿਲਾ ਕੇ ਤਿੰਨ ਚੰਦ ਤੇ ਇਕ ਮੰਗਲ ਮਿਸ਼ਨ) ਅਤੇ ਚੰਦ ਦੀ ਸਤ੍ਹਾ ਉੱਤੇ ਉਤਰਨ ਲਈ ਸੌਫਟ ਲੈਂਡਿੰਗ ਵਾਸਤੇ ਤਿਆਰ ਕੀਤਾ ਗਿਆ ਇਹ ਦੂਜਾ ਮਿਸ਼ਨ ਹੈ। ਭਾਰਤੀ ਪੁਲਾੜ ਵਿਗਿਆਨੀਆਂ ਨੇ ਪੁਲਾੜ ਵਿਚ ਦੂਰੇਡੇ ਮਿਸ਼ਨਾਂ ਬਾਰੇ ਸੋਚਣਾ ਤਕਰੀਬਨ ਸਾਲ 2000 ਵਿਚ ਸ਼ੁਰੂ ਕੀਤਾ ਸੀ ਜਿਹੜਾ ਕਈ ਸੰਚਾਰ, ਰਿਮੋਟ ਸੈਂਸਿੰਗ ਅਤੇ ਧਰਤੀ ਦੀ ਨਿਗਰਾਨੀ ਕਰਨ ਵਾਲੇ ਉਪਗ੍ਰਹਿ ਲਾਂਚ ਕਰਨ ਤੋਂ ਬਾਅਦ ਚੁੱਕਿਆ ਜਾਣ ਵਾਲਾ ਇਕ ਵਾਜਬ ਕਦਮ ਸੀ। ਤਿੰਨ ਚੰਦ ਮਿਸ਼ਨਾਂ ਦੇ ਸਪਸ਼ਟ ਵਿਗਿਆਨਕ ਤੇ ਤਕਨਾਲੋਜੀਕਲ ਟੀਚੇ ਸਨ। ਸਮੁੱਚੇ ਤੌਰ 'ਤੇ ਮੁੱਖ ਮਕਸਦ ਪੁਲਾੜ ਵਿਚ ਦੂਰ ਤੱਕ ਜਾਣ ਵਾਲੇ ਮਿਸ਼ਨਾਂ ਨੂੰ ਤਿਆਰ ਕਰਨ, ਬਣਾਉਣ, ਲਾਂਚ ਕਰਨ ਤੇ ਚਲਾਉਣ ਸਬੰਧੀ ਮੁਕੰਮਲ ਤਕਨਾਲੋਜੀਕਲ ਸਮਰੱਥਾ ਵਿਕਸਿਤ ਅਤੇ ਇਸ ਦਾ ਮੁਜ਼ਾਹਰਾ ਕਰਨਾ ਸੀ। ਚੰਦਰਯਾਨ-1 ਨੂੰ ਅਕਤੂਬਰ 2008 ਵਿਚ ਲਾਂਚ ਕੀਤਾ ਗਿਆ ਸੀ ਜਿਸ ਵਿਚ ਇਕ ਔਰਬਿਟਰ (ਦੁਆਲੇ ਘੁੰਮਣ ਵਾਲਾ) ਅਤੇ ਇਕ ਮੂਨ ਇੰਪੈਕਟ ਪਰੋਬ (ਐਮਆਈਪੀ) ਸ਼ਾਮਿਲ ਸੀ ਜਿਸ ਨੂੰ ਚੰਦ ਦੀ ਸਤ੍ਹਾ ਉੱਤੇ ਡਿੱਗਣ ਲਈ (ਨਾ ਕਿ ਸੌਫਟ ਲੈਂਡਿੰਗ ਭਾਵ ਨਰਮਾਈ ਨਾਲ ਉਤਰਨ ਲਈ) ਤਿਆਰ ਕੀਤਾ ਗਿਆ ਸੀ। ਔਰਬਿਟਰ ਨੂੰ ਸਫ਼ਲਤਾ ਨਾਲ ਚੰਦ ਦੁਆਲੇ ਘੁੰਮਣ ਦੇ ਰਾਹ ਪਾ ਦਿੱਤਾ ਗਿਆ ਸੀ ਤਾਂ ਕਿ ਇਹ ਇਸ ਵਿਚ ਲੱਗੇ ਵਿਗਿਆਨਕ ਸੰਦਾਂ ਦੀ ਮਦਦ ਨਾਲ ਚੰਦ ਦੀ ਸਤ੍ਹਾ ਤੋਂ ਰਸਾਇਣਕ,



ਖਣਿਜ ਵਿਗਿਆਨ ਸਬੰਧੀ ਅਤੇ ਫੋਟੋ-ਭੂਵਿਗਿਆਨ ਸਬੰਧੀ ਡੇਟਾ ਇਕੱਤਰ ਕਰ ਸਕੇ। ਐਮਆਈਪੀ ਚੰਦ ਦੇ ਦੱਖਣੀ ਧੁਰੇ ਨੇੜੇ ਸ਼ੈਕਲਟਨ ਕਰੇਟਰ ਉੱਤੇ ਡਿੱਗ ਗਿਆ ਸੀ।

ਚੰਦਰਯਾਨ-2 ਨੂੰ ਅਗਸਤ 2019 ਵਿਚ ਲਾਂਚ ਕੀਤਾ ਗਿਆ ਜਿਹੜਾ ਪਹਿਲੇ ਮਿਸ਼ਨ ਨਾਲੋਂ ਜ਼ਿਆਦਾ ਉੱਨਤ ਮਿਸ਼ਨ ਸੀ ਕਿਉਂਕਿ ਇਸ ਵਿਚ ਔਰਬਿਟਰ ਤੋਂ ਇਲਾਵਾ ਇਕ ਲੈਂਡਰ ਤੇ ਰੋਵਰ ਵੀ ਸ਼ਾਮਲ ਸਨ। ਚੰਦਰਯਾਨ-1 ਦੇ ਐਮਆਈਪੀ ਵਾਂਗ ਡੇਗਣ ਦੇ ਉਲਟ ਲੈਂਡਰ ਤੇ ਰੋਵਰ ਨੂੰ ਸੌਫਟ ਲੈਂਡਿੰਗ ਰਾਹੀਂ ਚੰਦ ਦੀ ਸਤ੍ਹਾ ਉੱਤੇ ਸਥਾਪਤ ਕੀਤਾ ਜਾਣਾ ਸੀ। ਇਸ ਮਿਸ਼ਨ ਦੌਰਾਨ ਆਰਬਿਟਰ ਨੂੰ ਸਫ਼ਲਤਾ ਨਾਲ ਚੰਦ ਦੇ ਗ੍ਰਹਿ ਪੰਧ ਉੱਤੇ ਪਾ ਦਿੱਤਾ ਗਿਆ ਅਤੇ ਇਸ ਵਿਚੋਂ ਲੈਂਡਰ ਮਾਡਿਊਲ ਵੀ ਵੱਖ ਹੋ ਗਿਆ ਸੀ, ਪਰ ਚੰਦ ਦੀ ਸਤ੍ਹਾ ਉੱਤੇ ਉਸ ਦੀ ਸੌਫਟ ਲੈਂਡਿੰਗ ਵਿਚ ਸਫ਼ਲਤਾ ਨਹੀਂ ਮਿਲ ਸਕੀ। ਮੌਜੂਦਾ ਮਿਸ਼ਨ ਚੰਦਰਯਾਨ-3 ਵਿਚ ਔਰਬਿਟਰ ਵਾਲਾ ਹਿੱਸਾ ਨਹੀਂ ਸੀ। ਇਸ ਦਾ ਮੁੱਢਲਾ ਮਕਸਦ ਚੰਦ ਉੱਤੇ ਲੈਂਡਰ ਤੇ ਰੋਵਰ ਨੂੰ ਉਤਾਰਨਾ ਸੀ ਤਾਂ ਕਿ ਉੱਥੇ ਵਿਗਿਆਨਕ ਤਜਰਬੇ ਕੀਤੇ ਜਾ ਸਕਣ। ਭਵਿੱਖੀ ਮਿਸ਼ਨ ਇਸ ਤਰ੍ਹਾਂ ਡਿਜ਼ਾਈਨ ਕਰਨੇ ਹੋਣਗੇ ਕਿ ਉਨ੍ਹਾਂ ਨੂੰ ਨਾ ਸਿਰਫ਼ ਚੰਦ ਉੱਤੇ ਉਤਾਰਿਆ ਜਾ ਸਕੇ ਸਗੋਂ ਚੰਦ ਦੇ ਮਿੱਟੀ ਤੇ ਪੱਥਰਾਂ ਦੇ ਨਮੂਨੇ ਵੀ ਵਾਪਸ ਧਰਤੀ ਉੱਤੇ ਲਿਆਂਦੇ ਜਾ ਸਕਣ।

ਇਨ੍ਹਾਂ ਮਿਸ਼ਨਾਂ ਨੇ ਹੁਣ ਤੱਕ ਅਹਿਮ ਵਿਗਿਆਨਕ ਨਤੀਜੇ ਦਿੱਤੇ ਹਨ। ਚੰਦਰਯਾਨ-1 ਵੱਲੋਂ ਛੱਡੇ ਗਏ ਐਮਆਈਪੀ ਨੇ ਚੰਦ ਦੀ ਸਤ੍ਹਾ ਉੱਤੇ ਡਿੱਗਦੇ ਸਮੇਂ ਕੀਮਤੀ ਡੇਟਾ ਇਕੱਤਰ ਕੀਤਾ ਅਤੇ ਸਤ੍ਹਾ ਨਾਲ ਟਕਰਾਉਣ ਤੋਂ ਬਾਅਦ ਇਸ ਤੋਂ ਜੋ ਗ਼ੁਬਾਰ ਪੈਦਾ ਹੋਇਆ ਉਸ ਤੋਂ ਚੰਦ ਦੇ ਵਾਤਾਵਰਨ ਵਿਚ ਪਾਣੀ ਦੀ ਮੌਜੂਦਗੀ ਦਾ ਸੰਕੇਤ ਮਿਲਿਆ। ਇਸੇ ਤਰ੍ਹਾਂ ਔਰਬਿਟਰ ਵਿਚਲੇ ਯੰਤਰਾਂ, ਜਿਵੇਂ ਮੂਨ ਮਿਨਰਾਲੋਜੀਕਲ ਮੈਪਰ ਵੱਲੋਂ ਇਕੱਤਰ ਕੀਤੇ ਗਏ ਡੇਟਾ ਦੇ ਬਾਅਦ ਵਿਚ ਕੀਤੇ ਗਏ ਮੁਲਾਂਕਣ ਤੋਂ ਪਾਣੀ ਵਾਲੇ ਸੂਖ਼ਮ ਕਣਾਂ ਦੀ ਹੋਂਦ ਦੀ ਪੁਸ਼ਟੀ ਹੋਈ। ਚੰਦਰਯਾਨ-2 ਦੇ ਔਰਬਿਟਰ ਵਿਚ ਇਕ ਬਹੁਤ ਹੀ ਵੱਡੇ ਰੈਜ਼ੋਲਿਊਸ਼ਨ (0.3 ਮੀਟਰ) ਦਾ ਕੈਮਰਾ ਲੱਗਾ ਹੋਇਆ ਸੀ ਜਿਸ ਨੇ ਅਜਿਹੇ ਵੇਰਵੇ ਮੁਹੱਈਆ ਕਰਵਾਏ ਜਿਹੜੇ ਆਲਮੀ ਵਿਗਿਆਨਕ ਭਾਈਚਾਰੇ ਲਈ ਬੇਸ਼ਕੀਮਤੀ ਸਾਬਿਤ ਹੋਏ। ਔਰਬਿਟਰ ਆਪਣੀ ਇਕ ਸਾਲ ਦੀ ਮਿਥੀ ਉਮਰ ਤੋਂ ਕਿਤੇ ਲੰਬਾ ਸਮਾਂ ਚੰਦ ਦੁਆਲੇ ਘੁੰਮਦਾ ਰਿਹਾ। ਮੌਜੂਦਾ ਮਿਸ਼ਨ ਦੇ ਲੈਂਡਰ ਤੇ ਰੋਵਰ ਵਿਚ ਲੱਗੇ ਹੋਏ ਵਿਗਿਆਨਕ ਯੰਤਰਾਂ ਵੱਲੋਂ ਵੀ ਚੰਦ ਦੀ ਮਿੱਟੀ ਤੇ ਪੱਥਰਾਂ-ਚੱਟਾਨਾਂ ਦੀ ਰਸਾਇਣਕ ਤੇ ਮੌਲਿਕ ਬਣਤਰ ਬਾਰੇ ਨਵੇਂ ਵੇਰਵੇ ਮੁਹੱਈਆ ਕਰਵਾਏ ਜਾਣ ਦੀ ਉਮੀਦ ਹੈ।

ਇਸਰੋ ਲਈ ਚੰਦ ਦੀਆਂ ਫੇਰੀਆਂ ਬਿਖੜੀਆਂ ਹੀ ਰਹੀਆਂ ਹਨ। ਚੰਦਰਯਾਨ-1 ਆਪਣੇ ਮਿਸ਼ਨ ਦੀ ਮਿਥੀ ਮਿਆਦ ਦੋ ਸਾਲਾਂ ਤੱਕ ਨਹੀਂ ਚੱਲ ਸਕਿਆ। ਇਸ ਨੂੰ ਨਵੰਬਰ 2008 ਤੋਂ ਆਪਣੇ ਕੁਝ ਸੰਦਾਂ ਦੇ ਗ਼ੈਰਮਾਮੂਲੀ ਢੰਗ ਨਾਲ ਗਰਮ ਹੋਣ ਕਾਰਨ ਤਕਨੀਕੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਕੁਝ ਮਹੀਨਿਆਂ ਬਾਅਦ ਇਸ ਦੇ ਚੰਦ ਦੁਆਲੇ ਘੁੰਮਣ ਦੇ ਘੇਰੇ ਨੂੰ 100 ਕਿਲੋਮੀਟਰ ਤੋਂ ਵਧਾ ਕੇ 200 ਕਿਲੋਮੀਟਰ ਦੀ ਉਚਾਈ ਤੱਕ ਕਰਨਾ ਪਿਆ ਤਾਂ ਕਿ ਇਸ ਦਾ ਤਾਪਮਾਨ ਝੱਲਣਯੋਗ ਪੱਧਰ ਤੱਕ ਬਣਿਆ ਰਹੇ। ਫਿਰ ਇਸ ਦਾ ਇਕ ਸੈਂਸਰ ਖ਼ਰਾਬ ਹੋ ਗਿਆ ਜਿਸ ਕਾਰਨ ਆਖ਼ਰ ਇਹ ਉਪਗ੍ਰਹਿ ਨਕਾਰਾ ਹੋ ਕੇ ਰਹਿ ਗਿਆ। ਇਸਰੋ ਦਾ 29 ਅਗਸਤ 2009 ਨੂੰ ਚੰਦਰਯਾਨ-1 ਤੋਂ ਸੰਪਰਕ ਟੁੱਟ ਗਿਆ। ਚੰਦਰਯਾਨ-2 ਅੰਸ਼ਕ ਤੌਰ 'ਤੇ ਕਾਮਯਾਬ ਰਿਹਾ ਕਿਉਂਕਿ ਇਸ ਦੇ ਔਰਬਿਟਰ ਨੂੰ ਸਫ਼ਲਤਾ ਨਾਲ ਟਰਾਂਸਪੋਰਟ ਕਰ ਕੇ ਚੰਦ ਦੇ ਗ੍ਰਹਿ ਪੰਧ ਉੱਤੇ ਪਾ ਦਿੱਤਾ ਗਿਆ, ਪਰ ਇਸ ਦਾ ਲੈਂਡਰ ਚੰਦ ਦੀ ਸਤ੍ਹਾ ਉੱਤੇ ਮਿੱਥੇ ਮੁਤਾਬਿਕ ਉਤਰਨ ਵਿਚ ਨਾਕਾਮ ਰਿਹਾ। ਚੰਦਰਯਾਨ-3 ਨੂੰ ਇਹੋ ਕੰਮ ਸਫ਼ਲਤਾ ਨਾਲ ਕਰਨ ਲਈ ਤਿਆਰ ਕੀਤਾ ਗਿਆ ਸੀ। ਇਸ ਵਿਚ ਲੈਂਡਰ ਤੇ ਰੋਵਰ ਨੂੰ ਇੰਜੈਕਸ਼ਨ ਔਰਬਿਟ ਤੋਂ ਚੰਦ ਦੇ 100 ਕਿਲੋਮੀਟਰ ਦੇ ਘੇਰੇ ਤੱਕ ਲਿਜਾਣ ਲਈ ਔਰਬਿਟਰ ਦੀ ਥਾਂ ਇਕ ਪ੍ਰੋਪਲਸ਼ਨ ਮਾਡਿਊਲ ਲੱਗਾ ਹੋਇਆ ਸੀ।

ਚੰਦ ਮਿਸ਼ਨਾਂ ਦੀ ਤਕਨਾਲੋਜੀਕਲ ਤੇ ਵਿਗਿਆਨਕ ਮੰਤਵਾਂ ਤੋਂ ਇਲਾਵਾ ਬਹੁਤ ਭਾਰੀ ਭੂ-ਸਿਆਸੀ ਅਹਿਮੀਅਤ ਵੀ ਹੈ। ਪੁਲਾੜ ਨੂੰ ਗਾਹੁਣ ਦੀ ਦੌੜ ਮੁੱਖ ਤੌਰ 'ਤੇ ਸਿਆਸੀ ਖ਼ੁਆਹਿਸ਼ਾਂ ਅਤੇ ਠੰਢੀ ਜੰਗ ਤੋਂ ਪ੍ਰੇਰਿਤ ਸੀ। ਜਦੋਂ ਅਮਰੀਕਾ ਨੇ ਚੰਦ ਉੱਤੇ ਮਨੁੱਖ ਨੂੰ ਭੇਜਣ ਦਾ ਮਿਸ਼ਨ ਪੂਰਾ ਕਰ ਕੇ ਇਸ ਦੌੜ ਦਾ ਪਹਿਲਾ ਪੜਾਅ ਜਿੱਤ ਲਿਆ ਤਾਂ ਸੋਵੀਅਤ ਸੰਘ ਨੇ ਚੰਦ ਦੀ ਘੋਖ ਕਰਨ ਲਈ ਰੋਬੋਟ ਆਧਾਰਿਤ ਮਿਸ਼ਨਾਂ ਦੀ ਸ਼ੁਰੂਆਤ ਕੀਤੀ ਅਤੇ ਸਭ ਤੋਂ ਪਹਿਲੇ ਰੋਵਰ ਅਤੇ 'ਨਮੂਨੇ ਵਾਪਸ ਲਿਆਉਣ' ਦੇ ਮਿਸ਼ਨ ਪੂਰੇ ਕੀਤੇ। ਕੁਝ ਦਹਾਕੇ ਬਾਅਦ ਚੀਨ ਵੀ ਇਸ ਦੌੜ ਵਿਚ ਸ਼ਾਮਿਲ ਹੋ ਗਿਆ ਅਤੇ ਇਸ ਨੇ ਲੈਂਡਰ ਤੇ ਨਮੂਨਿਆਂ ਦੀ ਵਾਪਸੀ ਵਾਲੇ ਮਿਸ਼ਨ ਪੂਰੇ ਕੀਤੇ। ਹੁਣ ਇਸ ਦੀ 2030 ਤੱਕ ਚੰਨ ਉੱਤੇ ਇਨਸਾਨੀ ਮਿਸ਼ਨ ਭੇਜਣ ਦੀ ਯੋਜਨਾ ਹੈ। ਜਨਵਰੀ 2019 ਵਿਚ ਚੰਦ ਉੱਤੇ ਉਤਰਿਆ ਇਸ ਦਾ ਯੂਤੂ-2 ਰੋਵਰ ਹਾਲੇ ਵੀ ਕੰਮ ਕਰ ਰਿਹਾ ਹੈ। ਰੂਸ ਦੀ ਵੀ ਚੰਦ ਮਿਸ਼ਨਾਂ ਵਿਚ ਦੁਬਾਰਾ ਦਿਲਚਸਪੀ ਜਾਗੀ ਹੈ, ਜਿਵੇਂ ਇਸ ਦੇ ਹਾਲੀਆ ਲੈਂਡਰ-ਰੋਵਰ ਚੰਦ ਮਿਸ਼ਨ ਤੋਂ ਜ਼ਾਹਰ ਹੁੰਦਾ ਹੈ ਜਿਹੜਾ ਭਾਰਤ ਦੇ ਸਫ਼ਲ ਰਹੇ ਚੰਦਰਯਾਨ-3 ਮਿਸ਼ਨ ਤੋਂ ਕੁਝ ਦਿਨ ਪਹਿਲਾਂ ਨਾਕਾਮ ਹੋ ਗਿਆ ਸੀ।

ਚੰਦਰਯਾਨ-1 ਇਸਰੋ ਲਈ ਇਕ ਅਹਿਮ ਮੋੜ ਸੀ। ਅਜਿਹਾ ਮਹਿਜ਼ ਇਸ ਕਾਰਨ ਨਹੀਂ ਕਿ ਇਹ ਪੁਲਾੜ ਵਿਚ ਦੂਰ ਤੱਕ ਭੇਜਿਆ ਗਿਆ ਇਸ ਦਾ ਪਹਿਲਾ ਮਿਸ਼ਨ ਸੀ ਸਗੋਂ ਇਸ ਕਾਰਨ ਵੀ ਕਿ ਇਸ ਨੇ ਜਨਤਾ ਦਾ ਵੱਡੇ ਪੱਧਰ 'ਤੇ ਧਿਆਨ ਖਿੱਚਿਆ। ਮਿਸ਼ਨ ਨੇ ਕਈ ਤਰੀਕਿਆਂ ਨਾਲ ਆਮ ਲੋਕਾਂ ਦੀ ਕਲਪਨਾ ਨੂੰ ਜਗਾਇਆ। ਜਿਵੇਂ ਇਸ ਤੋਂ ਬਾਅਦ ਉੱਭਰਦੇ ਵਿਗਿਆਨੀਆਂ ਤੇ ਇੰਜੀਨੀਅਰਾਂ ਦੀਆਂ ਇਸਰੋ ਵਿਚ ਕੰਮ ਕਰਨ ਲਈ ਅਰਜ਼ੀਆਂ ਦਾ ਹੜ੍ਹ ਆ ਗਿਆ। ਇਸ ਵਰਤਾਰੇ ਤੋਂ ਅਦਾਰੇ ਨੂੰ ਜਨਤਕ ਸ਼ਮੂਲੀਅਤ ਦੀ ਅਹਿਮੀਅਤ ਦਾ ਪਤਾ ਲੱਗਿਆ। ਉਸ ਤੋਂ ਬਾਅਦ ਮੰਗਲ ਔਰਬਿਟਰ ਮਿਸ਼ਨ ਭੇਜਿਆ ਗਿਆ ਤੇ ਉਸ ਨੇ ਵੀ ਲੋਕਾਂ ਦਾ ਧਿਆਨ ਖਿੱਚਿਆ। ਹੁਣ ਚੰਦਰਯਾਨ-3 ਨੂੰ ਭੇਜੇ ਜਾਣ ਮੌਕੇ ਵੀ ਇਸਰੋ ਨੇ ਲੈਂਡਰ ਮਾਡਿਊਲ ਵੱਲੋਂ ਚੰਦ ਦੀ ਸਤ੍ਹਾ ਦੀਆਂ ਖਿੱਚੀਆਂ ਗਈਆਂ ਫੋਟੋਆਂ ਅਤੇ ਹੋਰ ਜਾਣਕਾਰੀਆਂ ਨਾਲ ਜਨਤਾ ਤੱਕ ਪਹੁੰਚ ਕਰਨ ਵਾਸਤੇ ਸੋਸ਼ਲ ਮੀਡੀਆ ਮੰਚਾਂ ਦਾ ਬਹੁਤ ਹੀ ਹਮਲਾਵਰਾਨਾ ਢੰਗ ਨਾਲ ਫ਼ਾਇਦਾ ਉਠਾਇਆ। ਇਹ ਪਹਿਲੀ ਵਾਰ ਹੈ ਕਿ ਅਦਾਰੇ ਨੇ ਮਿਸ਼ਨ ਦਾ 'ਸਰਗਰਮੀ ਨਾਲ ਪ੍ਰਚਾਰ' ਕਰਨ ਲਈ ਤੇ ਨਾਲ ਹੀ ਚੰਦਰਯਾਨ-3 ਦੀ ਸੌਫਟ ਲੈਂਡਿੰਗ ਨੂੰ ਲਾਈਵ ਸਟਰੀਮਿੰਗ ਰਾਹੀਂ ਸਕੂਲਾਂ ਕਾਲਜਾਂ ਵਿਚ ਸਿੱਧਾ ਦਿਖਾਉਣ ਵਾਸਤੇ ਵਿੱਦਿਅਕ ਅਦਾਰਿਆਂ ਨੂੰ ਸੱਦਾ ਦਿੱਤਾ। ਇਸਰੋ ਵੱਲੋਂ ਵਿੱਦਿਅਕ ਅਦਾਰਿਆਂ ਤੱਕ ਪਹੁੰਚ ਕੀਤੇ ਜਾਣ ਦੀ ਅਜਿਹੀ ਕਾਰਵਾਈ ਦਾ ਜਿੱਥੇ ਸਵਾਗਤ ਹੈ, ਉੱਥੇ ਇਹ ਵੀ ਜ਼ਰੂਰੀ ਹੈ ਕਿ ਅਜਿਹੀ ਕਾਰਵਾਈ ਪ੍ਰਚਾਰ ਤੋਂ ਅਗਾਂਹ ਤੱਕ ਜਾਣੀ ਚਾਹੀਦੀ ਹੈ। ਚੰਦਰਯਾਨ ਵਰਗੇ ਮਿਸ਼ਨਾਂ ਦਾ ਇਸਤੇਮਾਲ ਵਿਗਿਆਨ ਬਾਰੇ ਸਮਝ ਅਤੇ ਵਿਗਿਆਨਕ ਸੋਚ ਨੂੰ ਹੁਲਾਰਾ ਦੇਣ ਵਾਸਤੇ ਕੀਤਾ ਜਾਣਾ ਚਾਹੀਦਾ ਹੈ। ਇਹ ਅਜਿਹੇ ਮੌਕੇ ਹੋਰ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ ਜਦੋਂ ਨਕਲੀ-ਵਿਗਿਆਨ ਵਧ ਰਿਹਾ ਹੈ ਅਤੇ ਦੂਜੇ ਪਾਸੇ ਅਸਲੀ ਵਿਗਿਆਨਕ ਵਿਚਾਰਾਂ ਉੱਤੇ ਹਮਲੇ ਹੋ ਰਹੇ ਹਨ।

### ਚੰਦ 'ਤੇ ਪਾਣੀ

1971 ਵਿਚ ਅਮਰੀਕਾ ਦੇ ਅਪੋਲੋ ਮਿਸ਼ਨ ਨੇ ਚੰਦ 'ਤੇ ਪਾਣੀ ਹੋਣ ਦੀ ਵਿਗਿਆਨਕ ਤਸਦੀਕ ਕੀਤੀ ਸੀ। 1976 ਵਿਚ ਸੋਵੀਅਤ ਯੂਨੀਅਨ ਦਾ ਲੂਨਾ-24 ਖੋਜ-ਯੰਤਰ ਚੰਦ 'ਤੇ ਉਤਰਿਆ ਅਤੇ ਉੱਥੋਂ ਮਿੱਟੀ ਦੇ ਨਮੂਨੇ ਲਿਆਇਆ ਜਿਨ੍ਹਾਂ ਵਿਚ 0.1 ਫ਼ੀਸਦੀ ਪਾਣੀ ਪਾਇਆ ਗਿਆ। 2009 ਵਿਚ ਭਾਰਤ ਦੇ ਚੰਦ ਨੂੰ ਭੇਜੇ ਗਏ ਪਹਿਲੇ ਮਿਸ਼ਨ ਦੁਆਰਾ ਕੀਤੇ ਗਏ ਪ੍ਰਯੋਗਾਂ ਨਾਲ ਚੰਦ ਦੀ ਸਤ੍ਹਾ 'ਤੇ ਪਾਣੀ ਹੋਣ ਦੀ ਫਿਰ ਤਸਦੀਕ ਹੋਈ। 2018 ਵਿਚ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਦੇ ਕਈ ਪ੍ਰਯੋਗਾਂ ਨੇ ਵੀ ਚੰਦ ਦੀ ਸਤ੍ਹਾ 'ਤੇ ਬਰਫ਼ ਜੰਮੀ ਹੋਣ ਦੀਆਂ ਤਸਵੀਰਾਂ ਜਾਰੀ ਕੀਤੀਆਂ ਸਨ। ਚੰਦਰਯਾਨ ਦੇ ਵਿਕਰਮ ਲੈਂਡਰ 'ਚੋਂ ਨਿਕਲਿਆ ਪ੍ਰਗਿਆਨ ਰੋਵਰ ਚੰਦ ਦੇ ਤਲ 'ਤੇ ਘੁੰਮ ਫਿਰ ਕੇ ਇਸ ਦੀ ਹੋਰ ਪੱਕੀ ਤਸਦੀਕ ਕਰੇਗਾ। ਚੰਦ 'ਤੇ ਪਾਣੀ ਦਾ ਹੋਣਾ ਕਈ ਸੰਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

## ਭਾਰਤੀ ਪੁਲਾੜ ਪ੍ਰੋਗਰਾਮ ਦੇ ਸੰਸਥਾਪਕ

ਵਿਕਰਮ ਸਾਰਾਭਾਈ (12 ਅਗਸਤ 1919 ਤੋਂ 30 ਦਸੰਬਰ 1971) ਉੱਘੇ ਭੌਤਿਕ ਅਤੇ ਪੁਲਾੜ ਵਿਗਿਆਨੀ ਸਨ ਜਿਨ੍ਹਾਂ ਨੇ ਕਈ ਪਹਿਲਕਦਮੀਆਂ ਕੀਤੀਆਂ। ਉਨ੍ਹਾਂ ਨੇ ਭਾਰਤ ਵਿਚ ਪੁਲਾੜ ਸਬੰਧੀ ਖੋਜ ਸ਼ੁਰੂ ਕਰਵਾਈ ਅਤੇ ਦੇਸ਼ ਦੇ ਪਰਮਾਣੂ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਵੱਡਾ ਯੋਗਦਾਨ ਪਾਇਆ। ਉਹ ਮਨੁੱਖਤਾ ਦੇ ਭਲੇ ਲਈ ਵਿਗਿਆਨ ਦੀ ਤਰੱਕੀ ਅਤੇ ਇਸ ਦੀ ਵਰਤੋਂ ਦੇ ਹਾਮੀ ਸਨ। ਉਨ੍ਹਾਂ ਨੇ 1947 ਵਿਚ ਫਿਜ਼ੀਕਲ ਰਿਸਰਚ ਲੈਬਾਰਟਰੀ ਦੀ ਸਥਾਪਨਾ ਕੀਤੀ। ਵਿਕਰਮ ਸਾਰਾਭਾਈ ਨੇ ਭਾਰਤ ਜਿਹੇ ਵਿਕਾਸਸ਼ੀਲ ਮੁਲਕ ਵਿਚ ਪੁਲਾੜੀ ਖੋਜ ਦੀ ਮਹੱਤਤਾ ਤੋਂ ਕੇਂਦਰ ਸਰਕਾਰ ਨੂੰ ਜਾਣੂ ਕਰਵਾਇਆ। 1962 ਵਿਚ



ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ ਅਗਵਾਈ ਵਿਚ ਪੁਲਾੜ ਸਬੰਧੀ ਖੋਜ ਦੀ ਭਾਰਤੀ ਕੌਮੀ ਖੋਜ ਕਮੇਟੀ (Indian National Committee for Space Research) ਬਣਾਈ ਗਈ। ਵਿਕਰਮ ਸਾਰਾਭਾਈ 1963 ਤੋਂ 1971 ਤਕ ਇਸ ਕਮੇਟੀ ਦੇ ਚੇਅਰਮੈਨ ਰਹੇ। 1969 ਵਿਚ ਭਾਰਤੀ ਪੁਲਾੜ ਖੋਜ ਸੰਸਥਾ- ਇਸਰੋ ਹੋਂਦ ਵਿਚ ਆਈ ਜਿਸ ਦੇ ਉਹ ਬਾਨੀ ਚੇਅਰਮੈਨ ਬਣੇ। ਭਾਰਤ ਦੇ ਵਿਕਰਮ ਲੈਂਡਰ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਿਆ ਗਿਆ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

### ਮਾਮਲਾ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਦਾ ਸਹਿਯੋਗੀ ਰੂਡੀ ਗਿਲਿਆਨੀ ਗ੍ਰਿਫਤਾਰ ਤੇ ਰਿਹਾਅ, ਦੋਸ਼ ਤੈਅ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦਾ ਤਤਕਾਲ ਚੋਣ ਮੁਹਿੰਮ ਵਕੀਲ ਰੂਡੀ ਗਿਲਿਆਨੀ ਨੇ ਫੁਲਟੋਨ ਕਾਊਂਟੀ





ਜਾਰਜੀਆ ਜੇਲ ਵਿਚ ਆਤਮ ਸਮਰਪਣ ਕਰ ਦਿੱਤਾ ਜਿਥੇ ਉਸ ਨੂੰ ਗ੍ਰਿਫਤਾਰ ਕਰਨ ਉਪਰੰਤ 1,50,000 ਡਾਲਰ ਦੇ ਬਾਂਡ 'ਤੇ ਰਿਹਾਅ ਕਰ ਦਿੱਤਾ। ਰਿਹਾਈ ਤੋਂ ਪਹਿਲਾਂ ਉਸ ਵਿਰੁੱਧ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼ ਲਈ 13 ਦੋਸ਼ ਆਇਦ ਕੀਤੇ ਗਏ। ਸਾਬਕਾ ਰਾਸ਼ਟਰਪਤੀ ਟਰੰਪ ਸਮੇਤ ਗਿਲਿਆਨੀ ਉਨਾਂ 19 ਵਿਅਕਤੀਆਂ ਵਿਚ ਸ਼ਾਮਿਲ ਹੈ ਜਿਨਾਂ ਨੂੰ ਗਰੈਂਡ ਜਿਊਰੀ ਜਾਰਜੀਆ ਨੇ ਚੋਣ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿਚ ਨਾਮਜ਼ਦ ਕੀਤਾ ਹੈ। ਟਰੰਪ ਵੱਲੋਂ ਅੱਜ ਆਪਣੇ ਆਪ ਨੂੰ ਫੁਲਟੋਨ ਕਾਊਂਟੀ ਜਾਰਜੀਆ ਜੇਲ ਵਿਚ ਗ੍ਰਿਫਤਾਰੀ ਲਈ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ ਜਿਸ ਦੇ ਮੱਦੇਨਜਰ ਜੇਲ ਦੇ ਬਾਹਰ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਹਨ। ਜੇਲ ਤੋਂ ਬਾਹਰ ਗਿਲਿਆਨੀ ਨੇ ਕਿਹਾ ਕਿ ਉਸ ਵਿਰੁੱਧ ਦੋਸ਼ ਪੱਤਰ ਫੋਕਾ ਹੈ। ਉਨਾਂ ਕਿਹਾ ਕਿ ਇਹ ਨਾ ਕੇਵਲ ਮੈਨੂੰ ਨਿਸ਼ਾਨਾ ਬਣਾਇਆ ਗਿਆ ਬਲਕਿ ਇਹ ਅਮਰੀਕੀ ਲੋਕਾਂ ਉਪਰ ਹਮਲਾ ਹੈ।

ਗਿਲਿਆਨੀ ਨੇ ਕਿਹਾ ਕਿ ਉਨਾਂ ਨੇ ਬੀਤੇ ਦਿਨ ਟਰੰਪ ਨਾਲ ਗੱਲ ਕੀਤੀ ਸੀ ਤੇ ਅੱਜ ਵੀ ਕਰਨਗੇ। ਮੈ ਉਨਾਂ ਦਾ ਸ਼ੁੱਭ ਚਿੰਤਕ ਹਾਂ ਤੇ ਮੈਨੂੰ ਉਨਾਂ ਉਪਰ ਹਰ ਭਰੋਸਾ ਹੈ। ਉਨਾਂ ਕਿਹਾ ਸੱਤਾਧਾਰੀ ਜੋ ਕਰ ਰਹੇ ਹਨ, ਉਹ ਅਮਰੀਕੀ ਸਵਿਧਾਨ ਉਪਰ ਹਮਲਾ ਹੈ। ਉਨਾਂ ਕਿਹਾ ਮੈ ਅਮਰੀਕੀ ਸ਼ਹਿਰੀਆਂ ਨੂੰ ਕਹਿਣਾ ਚਹੁੰਦਾ ਹਾਂ ਕਿ ਜੇਕਰ ਇਸ ਨੂੰ ਨਾ ਰੋਕਿਆ ਗਿਆ ਤਾਂ ਅਜਿਹਾ ਤੁਹਾਡੇ ਨਾਲ ਵੀ ਵਾਪਰ ਸਕਦਾ ਹੈ। ਤੁਹਾਨੂੰ ਇਹ ਰੋਕਣਾ ਪਵੇਗਾ।

ਇਥੇ ਜਿਕਰਯੋਗ ਹੈ ਕਿ ਗਿਲਿਆਨੀ 1994 ਤੋਂ 2001 ਤੱਕ ਨਿਊ ਯਾਰਕ ਸ਼ਹਿਰ ਦੇ ਮੇਅਰ ਰਹੇ ਹਨ। ਗਿਲਿਆਨੀ ਦੇ ਪੇਸ਼ ਹੋਣ ਮੌਕੇ ਜੇਲ ਦੇ ਬਾਹਰ ਥੋੜੀ ਗਿਣਤੀ ਵਿਚ ਹੀ ਲੋਕ ਮੌਜੂਦ ਸਨ ਜਿਨਾਂ ਵਿਚ ਸਾਬਕਾ ਰਾਸ਼ਟਰਪਤੀ ਟਰੰਪ ਦੇ ਸਮਰਥਕ ਤੇ ਉਨਾਂ ਦੇ ਵਿਰੋਧੀ ਵੀ ਸ਼ਾਮਿਲ ਸਨ।

# ਸੜਕ ਹਾਦਸੇ ਵਿੱਚ ਹੋਈਆਂ ਦੋ ਮੌਤਾਂ ਦੇ ਮਾਮਲੇ ਵਿਚ 19 ਸਾਲਾ ਕੁੜੀ ਨੂੰ ਹੋਈ 15 ਸਾਲ ਦੀ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਓਹੀਓ ਰਾਜ ਦੇ ਕਲੈਵਲੈਂਡ ਸ਼ਹਿਰ ਵਿਚ 31 ਜੁਲਾਈ 2022 ਨੂੰ ਹੋਏ ਸੜਕ ਹਾਦਸੇ ਜਿਸ ਵਿਚ 2 ਲੋਕ ਮਾਰੇ ਗਏ ਸਨ, ਦੇ ਮਾਮਲੇ ਵਿਚ ਇਕ ਅਦਾਲਤ ਨੇ ਇਕ 19 ਸਾਲਾ ਕੁੜੀ ਨੂੰ 15 ਸਾਲ ਜੇਲ ਦੀ ਸਜ਼ਾ ਸੁਣਾਈ ਹੈ। ਪਿਛਲੇ ਹਫਤੇ ਬੈਂਚ ਅੱਗੇ ਸੁਣਵਾਈ ਤੋਂ ਬਾਅਦ ਕੁਯਾਹੋਗਾ ਕਾਊਂਟੀ ਜੱਜ ਨੇ 19 ਸਾਲਾ ਮੈਕਨਜੀ ਸ਼ਿਰਿਲਾ ਨੂੰ ਦੋ ਹੱਤਿਆਵਾਂ ਸਮੇਤ ਹੋਰ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਸੀ। ਸ਼ਿਰਿਲਾ ਨੂੰ ਜਾਣਬੁਝਕੇ 100 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਕਾਰ ਇਕ ਇਮਾਰਤ ਵਿਚ ਮਾਰਨ ਲਈ ਦੋਸ਼ੀ ਕਰਾਰ



ਦਿੱਤਾ ਗਿਆ ਜਿਸ ਹਾਦਸੇ ਵਿਚ ਸ਼ਿਰਿਲਾ ਦਾ ਦੋਸਤ ਲੜਕਾ ਡੋਮਿਨਿਕ ਰੂਸੋ (20) ਤੇ ਉਸ ਦਾ ਦੋਸਤ ਡੇਵੀਅਨ ਫਲਾਨੰਗਨ (19) ਮਾਰੇ ਗਏ ਸਨ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸ਼ਿਰਿਲਾ ਘੱਟੋ ਘੱਟ 15 ਸਾਲ ਜੇਲ ਵਿਚ ਰਹਿਣ ਉਪਰੰਤ ਹੀ ਪੈਰੋਲ ਲਈ ਦਰਖਾਸਤ ਦੇ ਸਕੇਗੀ। ਇਸੇ ਦੌਰਾਨ ਡੋਮਿਨਿਕ ਰੂਸੋ ਦੀ 34 ਸਾਲਾ ਭੈਣ ਕ੍ਰਿਸਟਾਈਨ ਰੂਸੋ ਵਾਸੀ ਕਲੈਵਲੈਂਡ ਨੇ ਇਤਰਾਜ ਪ੍ਰਗਟਾਇਆ ਹੈ ਕਿ ਸ਼ਿਰਿਲਾ ਨੂੰ ਸਜ਼ਾ ਘੱਟ ਦਿੱਤੀ ਗਈ ਹੈ। ਉਸ ਨੇ ਕਿਹਾ ਹੈ ਕਿ ਸ਼ਿਰਿਲਾ ਨੇ ਦੋ ਨਿਰਦੋਸ਼ ਵਿਅਕਤੀਆਂ ਦੀਆਂ ਜਾਨਾਂ ਲਈਆਂ ਹਨ ਉਹ ਉਮਰ ਭਰ ਲਈ ਜੇਲ ਵਿਚ ਹੀ ਰਹਿਣੀ ਚਾਹੀਦੀ ਸੀ।

# ਅਮਰੀਕਾ ਵਿਚ ਪੁਲਿਸ ਅਫਸਰਾਂ ਹੱਥੋਂ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਕੀਤੀ ਮੰਗ

## ਵਕੀਲ ਨੇ ਕਿਹਾ ਪੁਲਿਸ ਦੀ ਕਹਾਣੀ ਵਿਚ ਸਾਨੂੰ ਨਹੀਂ ਹੈ ਵਿਸ਼ਵਾਸ਼

**ਸੈਕਰਾਮੈਂਟੋ, ਕੈਲੀਫੋਰਨੀਆ-** ਹਾਲ ਹੀ ਵਿਚ ਸ਼ੈਲਬਾਈ ਕਾਊਂਟੀ, ਟੇਨੈਸੀ ਵਿਚ ਲਾਅ ਇਨਫੋਰਸਮੈਂਟ ਅਫਸਰਾਂ ਨਾਲ ਵੱਖ ਵੱਖ ਕਥਿੱਤ ਹਿਰਾਸਤੀ ਮੁਕਾਬਲਿਆਂ ਵਿਚ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਨਿਆਂ ਦੀ ਮੰਗ ਕੀਤੀ ਹੈ। ਪ੍ਰੈਸ ਕਾਨਫਰੰਸ ਜਿਸ ਵਿੱਚ ਪੀੜਤਾਂ ਦਾ ਵਕੀਲ ਬੈਨ ਕਰੰਪ ਵੀ ਹਾਜਰ ਸੀ, ਵਿਚ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਮੰਗ ਕੀਤੀ ਹੈ। ਹਾਲਾਂ ਕਿ ਇਨਾਂ ਦੋਨਾਂ ਮਾਮਲਿਆਂ ਦਾ ਆਪਸ ਵਿਚ ਸਬੰਧ ਨਹੀਂ ਹੈ ਪਰੰਤੂ ਪੀੜਤ ਪਰਿਵਾਰਾਂ ਦਾ ਦਰਦ ਇਕੋ ਜਿਹਾ ਹੈ। ਜਰਵੇਆਨ ਹਡਸਪੈਥ (21) ਦੀ ਮੌਤ ਸ਼ੈਲਬਾਈ ਕਾਊਂਟੀ ਸ਼ੈਰਿਫ ਦਫਤਰ ਦੇ ਡਿਪਟੀ ਵੱਲੋਂ ਉਸ ਨੂੰ ਇਕ ਟਰੈਫਿਕ ਸਟਾਪ 'ਤੇ ਰੋਕੇ ਜਾਣ ਉਪਰੰਤ ਇਸ ਸਾਲ 24 ਜੂਨ ਨੂੰ ਹੋਈ ਸੀ ਜਦ ਕਿ ਦੂਸਰੇ ਕਾਲੇ ਵਿਅਕਤੀ ਕਰਟਨੀ ਰੋਸ ਦੀ ਮੌਤ ਇਸ ਮਹੀਨੇ ਅਗਸਤ ਵਿਚ ਮੈਮਫਿਸ ਪੁਲਿਸ ਵੱਲੋਂ ਹਿਰਾਸਤ ਵਿਚ ਲੈਣ ਦੌਰਾਨ ਹੋਈ ਸੀ। ਪ੍ਰੈਸ ਕਾਨਫਰੰਸ ਵਿਚ ਹਡਸਪੈਥ ਦੀ ਮਾਂ ਚਰਲੋਟ ਹੈਗਟ ਨੇ ਕਿਹਾ ਕਿ ਉਸ ਦਾ ਬੇਟਾ ਕਾਲਜ ਦਾ ਵਿਦਿਆਰਥੀ ਸੀ ਤੇ ਉਹ ਦੋ ਦਿਨਾਂ ਤੋਂ ਲਾਪਤਾ ਸੀ। ਉਪਰੰਤ ਸ਼ੈਰਿਫ ਦਫਤਰ ਵੱਲੋਂ ਦਸਿਆ ਗਿਆ ਕਿ ਉਹ




ਕਾਰ ਹਾਦਸੇ ਵਿਚ ਮਾਰਿਆ ਗਿਆ ਹੈ। ਉਸ ਨੇ ਦੋਸ਼ ਲਾਇਆ ਕਿ ਅਸਲ ਵਿਚ ਉਸ ਦੀ ਮੌਤ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਸ਼ੈਲਬੀ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਘਟਨਾ ਦੇ ਦੋ ਮਹੀਨੇ ਬਾਅਦ ਬੀਤੇ ਦਿਨ ਜਾਰੀ ਵੀਡੀਓ ਵਿਚ ਇਕ ਡਿਪਟੀ ਹਡਸਪੈਥ ਨੂੰ ਆਪਣੇ ਵੱਲ ਖਿੱਚ ਰਿਹਾ ਨਜਰ ਆ ਰਿਹਾ ਹੈ। ਹਡਸਪੈਥ ਡਿਪਟੀ ਦੀਆਂ ਹਦਾਇਤਾਂ ਮੰਨਦਾ ਹੋਇਆ ਕਾਰ ਵਿਚੋਂ ਬਾਹਰ ਆ ਜਾਂਦਾ ਹੈ। ਟੇਨੈਸੀ ਜਾਂਚ ਬਿਊਰੋ ਦੀ ਰਿਪੋਰਟ ਅਨੁਸਾਰ ਹਡਸਪੈਥ ਮੁੜ ਆਪਣੀ ਕਾਰ ਨੂੰ ਭਜਾ ਕੇ ਲਿਜਾਣ ਦਾ ਯਤਨ ਕਰਦਾ ਹੈ ਜਿਸ ਦੌਰਾਨ ਉਹ ਡਿਪਟੀ ਨੂੰ ਆਪਣੀ ਕਾਰ ਦੇ ਨਾਲ ਹੀ ਤਕਰੀਬਨ 100 ਗਜ ਧੂਹ ਕੇ ਲੈ ਜਾਂਦਾ ਹੈ। ਇਸ ਦੌਰਾਨ ਹੀ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਉਹ ਜਖਮੀ ਹੋ ਜਾਂਦਾ ਹੈ ਜਿਸ ਦੀ ਬਾਅਦ ਵਿਚ ਮੌਤ ਹੋ ਜਾਂਦੀ ਹੈ। ਇਸ ਘਟਨਾ ਵਿਚ ਡਿਪਟੀ ਵੀ ਬੁਰੀ ਤਰਾਂ ਜਖਮੀ ਹੋ ਗਿਆ ਸੀ। ਰੋਸ ਦੀ ਮੌਤ ਇਸ ਮਹੀਨੇ ਦੇ ਸ਼ੁਰੂ ਵਿਚ ਹੋਈ ਸੀ। ਇਸ ਮਾਮਲੇ ਵਿਚ ਮੈਮਫਿਸ ਪੁਲਿਸ ਵਿਭਾਗ ਦਾ ਕਹਿਣਾ ਹੈ ਕਿ ਰੋਕੇ ਜਾਣ 'ਤੇ ਉਸ ਨੇ ਭੱਜਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਬੁਰੀ ਤਰਾਂ ਹਫ ਗਿਆ ਸੀ ਤੇ ਬਾਅਦ ਵਿਚ ਦਮ ਤੋੜ ਗਿਆ ਸੀ। ਦੋਨਾਂ ਪੀੜਤ ਪਰਿਵਾਰਾਂ ਦੀ ਪ੍ਰਤੀਨਿੱਧਤਾ ਕਰਦਿਆਂ ਹੋਇਆਂ ਮਨੁੱਖੀ ਹੱਕਾਂ ਸਬੰਧੀ ਵਕੀਲ ਬੈਨ ਕਰੰਪ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਨਿਹੱਥੇ ਕਾਲੇ ਵਿਅਕਤੀ ਪੁਲਿਸ ਨਾਲ ਗੱਲਬਾਤ ਉਪਰੰਤ ਮਾਰੇ ਜਾਂਦੇ ਹਨ। ਇਹ ਭਰੋਸਾ ਤੋੜਨ ਵਾਲਾ ਵਰਤਾਰਾ ਹੈ। ਸਾਨੂੰ ਪੁਲਿਸ ਦੀ ਕਹਾਣੀ ਵਿਚ ਵਿਸ਼ਵਾਸ਼ ਨਹੀਂ ਹੈ।

# ਪ੍ਰੋਫੈਸ਼ਨਲ ਰੈਸਲਰ ਬਰੇਅ ਵਾਟ ਦੀ 36 ਸਾਲ ਦੀ ਉਮਰ ਵਿਚ ਹੋਈ ਅਚਾਨਕ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਸਾਬਕਾ ਪ੍ਰੋਫੈਸ਼ਨਲ ਰੈਸਲਰ ਤੇ ਸਾਬਕਾ ਵਰਲਡ ਰੈਸਲਿੰਗ ਇੰਟਰਟੇਨਮੈਂਟ ਚੈਂਪੀਅਨ ਬਰੇਅ ਵਾਟ ਦੀ ਅਚਾਨਕ ਮੌਤ ਹੋ ਗਈ। ਡਬਲਯੂ ਡਬਲਯੂ ਈ ਨੇ ਇਹ ਐਲਾਨ ਕਰਦਿਆਂ ਕਿਹਾ ਹੈ ਕਿ ਉਹ 36 ਸਾਲ ਦੇ ਸਨ। ਡਬਲਯੂ ਡਬਲਯੂ ਈ ਨੇ ਵਾਟ ਦੀ ਮੌਤ ਦਾ ਕਾਰਨ ਨਹੀਂ ਦੱਸਿਆ ਤੇ ਨਾ ਹੀ ਜਗਾ ਬਾਰੇ ਦਸਿਆ ਹੈ ਜਿਥੇ ਉਸ ਦੀ ਮੌਤ ਹੋਈ ਹੈ। ਏਨਾ ਹੀ



ਕਿਹਾ ਹੈ ਕਿ ਉਹ ਇਹ ਆਸ ਨਹੀਂ ਕਰਦੇ ਸਨ ਤੇ ਇਹ ਸਭ ਕੁਝ ਅਚਾਨਕ ਵਾਪਰਿਆ ਹੈ॥ ਵਾਟ ਦਾ ਅਸਲ ਨਾਂ ਵਿੰਡਹਾਮ ਰੌਟੂੰਡਾ ਸੀ ਤੇ ਉਹ ਡਬਲਯੂ ਡਬਲਯੂ ਈ ਦੇ ਪ੍ਰਸਿੱਧ ਰੈਸਲਰ ਮਾਈਕ ਰੌਟੂੰਡਾ ਦਾ ਪੁੱਤਰ ਸੀ।

# ਕੂਲ ਬੱਸ ਨਾਲ ਮਿੰਨੀ ਵੈਨ ਟਕਰਾਈ, ਬੱਸ ਉਲਟੀ, ਇਕ ਵਿਦਿਆਰਥੀ ਦੀ ਮੌਤ, 23 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਓਹੀਓ ਰਾਜ ਵਿਚ ਇਕ ਮਿੰਨੀ ਵੈਨ ਸਕੂਲ ਬੱਸ ਨਾਲ ਟਕਰਾਅ ਜਾਣ ਦੀ ਖਬਰ ਹੈ ਜਿਸ ਦੇ ਸਿੱਟੇ ਵਜੋਂ ਇਕ ਐਲੀਮੈਂਟਰੀ ਵਿਦਿਆਰਥੀ ਦੀ ਮੌਤ ਹੋ ਗਈ ਤੇ 23 ਹੋਰ ਜ਼ਖਮੀ ਹੋ ਗਏ। ਓਹੀਓ ਸਟੇਟ ਹਾਈਵੇਅ ਗਸ਼ਤੀ ਦਲ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਹਾਦਸਾ



ਜਰਮਨ ਟਾਊਨਸ਼ਿੱਪ ਓਹੀਓ ਵਿਚ ਸਟੇਟ ਰੂਟ 41 ਉਪਰ ਸਵੇਰ ਵੇਲੇ ਵਾਪਰਿਆ। ਮੁੱਢਲੀ ਜਾਂਚ ਵਿਚ ਕਿਹਾ ਗਿਆ ਹੈ ਕਿ ਨਾਰਥਵੈਸਟਰਨ ਲੋਕਲ ਸਕੂਲ ਡਿਸਟ੍ਰਿਕਟ ਦੀ ਬੱਸ ਨਾਲ ਹੌਂਡਾ ਓਡੀਸੀ ਗੱਡੀ ਸੈਂਟਰ ਲਾਈਨ ਪਾਰ ਕਰਕੇ ਟਕਰਾਅ ਗਈ ਜਿਸ ਉਪਰੰਤ ਬੱਸ ਸੜਕ ਤੋਂ ਉਤਰ ਕੇ ਉਲਟ ਗਈ। ਅਧਿਕਾਰੀਆਂ ਅਨੁਸਾਰ ਇਕ ਵਿਦਿਆਰਥੀ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ 23 ਹੋਰ ਜ਼ਖਮੀ ਹੋ ਗਏ ਜਿਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਉਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਬਿਆਨ ਅਨੁਸਾਰ ਬੱਸ ਦਾ ਡਰਾਈਵਰ ਮਾਮੂਲੀ ਜ਼ਖਮੀ ਹੋਇਆ ਹੈ। ਹੌਂਡਾ ਗੱਡੀ ਦਾ ਡਰਾਈਵਰ ਤੇ ਉਸ ਵਿਚ ਸਵਾਰ ਇਕ ਹੋਰ ਵਿਅਕਤੀ ਵੀ ਜ਼ਖਮੀ ਹੋਇਆ ਹੈ ਜਿਨਾਂ ਦੀ ਹਾਲਤ ਸਥਿੱਰ ਹੈ। ਸਕੂਲ ਬੱਸ ਵਿਚ 50 ਤੋਂ ਵਧ ਵਿਦਿਆਰਥੀ ਸਵਾਰ ਸਨ। ਸਕੂਲ ਡਿਸਟ੍ਰਿਕਟ ਨੇ ਇਕ ਤਾਜਾ ਬਿਆਨ ਵਿਚ ਐਲੀਮੈਂਟਰੀ ਵਿਦਿਆਰਥੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਾਪਿਆਂ ਨਾਲ ਹਮਦਰਦੀ ਪ੍ਰਗਟਾਈ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਕੈਲੀਫੋਰਨੀਆ ਵਿਚ ਇਕ ਪੰਜਾਬੀ ਸਿੱਖ ਆਪਣੀ ਦੋਸਤ ਔਰਤ ਦੇ ਕਤਲ ਦੇ ਦੋਸ਼ਾਂ ਤਹਿਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ-** ਕੈਲੀਫੋਰਨੀਆ ਵਿਚ ਇਕ ਪਾਰਕਿੰਗ ਗੈਰਾਜ ਵਿਚ ਆਪਣੀ ਦੋਸਤ ਕੁੜੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਦੋਸ਼ਾਂ ਤਹਿਤ 29 ਸਾਲਾ ਸਿੱਖ ਸਿਮਰਨਜੀਤ ਸਿੰਘ ਨੂੰ ਗ੍ਰਿਫਤਾਰ ਕਰਨ ਤੇ ਉਸ ਵਿਰੁੱਧ ਰਸਮੀ ਦੋਸ਼ ਆਇਦ ਕਰਨ ਦੀ ਖਬਰ ਹੈ। ਰੋਜਵਿਲੇ ਸ਼ਹਿਰ ਦੀ ਗਾਲੇਰੀਆ ਮਾਲ ਦੀ ਬਹੁ ਮੰਜਿਲੀ ਪਾਰਕਿੰਗ ਵਿਚ 34 ਸਾਲਾ ਔਰਤ ਮ੍ਰਿਤਕ ਹਾਲਤ ਵਿਚ ਮਿਲੀ ਸੀ। ਪ੍ਰਾਪਤ ਵੇਰਵੇ ਅਨੁਸਾਰ ਪਿਛਲੇ ਹਫਤੇ ਸ਼ਨੀਵਾਰ ਨੂੰ ਅਦਾਜਨ ਸਵੇਰੇ 10.30 ਵਜੇ ਸਿਮਰਨਜੀਤ ਸਿੰਘ ਤੇ ਉਸ ਦੀ ਦੋਸਤ ਔਰਤ ਇਕੱਠੇ ਹੀ ਮਾਲ ਵਿਚ ਆਏ ਸਨ। ਸਿਮਰਨਜੀਤ ਸਿੰਘ ਨੇ ਕਥਿੱਤ ਤੌਰ 'ਤੇ ਆਪਣੀ ਦੋਸਤ ਦੀ ਹੱਤਿਆ ਕਰਨ ਉਪਰੰਤ ਭੱਜਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਆਪਣਾ ਅਗਨ ਸਸ਼ਤਰ ਕਾਰ ਵਿਚ ਹੀ ਭੁੱਲ ਗਿਆ ਜਿਸ ਨੂੰ ਪੁਲਿਸ ਨੇ ਬਰਾਮਦ ਕਰ ਲਿਆ ਹੈ। ਆਪਣੀ ਪਹਿਲੀ ਪੇਸ਼ੀ ਮੌਕੇ ਸਿਮਰਨਜੀਤ ਸਿੰਘ ਨੇ ਗੁਨਾਹ ਕਬੂਲ ਕਰਨ ਦੀ ਗੱਲ ਨਹੀਂ ਮੰਨੀ। ਪੁਲਿਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਕ ਹੋਰ ਵਿਅਕਤੀ ਤੋਂ ਵੀ ਇਸ ਮਾਮਲੇ ਵਿਚ ਪੁੱਛਗਿੱਛ ਕੀਤੀ ਗਈ ਸੀ ਪਰੰਤੂ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਗਿਆ ਸੀ। ਸਿਮਰਨਜੀਤ ਸਿੰਘ ਕੈਲੀਫੋਰਨੀਆ ਦੀ ਪਲੇਸਰ ਕਾਊਂਟੀ ਜੇਲ ਵਿਚ ਹੈ ਜਿਥੇ ਫਿਲਹਾਲ ਉਸ ਦੀ ਜਮਾਨਤ ਦੀ ਸੰਭਾਵਨਾ ਨਹੀਂ ਹੈ।

# ਕੋਰੋਨਾ ਦਾ ਨਵਾਂ ਰੂਪ, ਟੀਕਾ ਲਗਵਾ ਚੁੱਕੇ ਲੋਕਾਂ ਲਈ ਵੀ ਖਤਰਾ

**ਨਵੀਂ ਦਿੱਲੀ–** ਇਨ੍ਹੀਂ ਦਿਨੀਂ ਲੋਕਾਂ ਨੇ ਕੋਰੋਨਾ ਬਾਰੇ ਸੋਚਣਾ ਛੱਡ ਦਿੱਤਾ ਹੈ। ਪਰ ਕੋਰੋਨਾ ਵਾਇਰਸ ਅਜਿਹਾ ਹੈ ਕਿ ਇਹ ਸਮੇਂ-ਸਮੇਂ 'ਤੇ ਨਵੇਂ ਤਰੀਕੇ ਨਾਲ ਪਰਤ ਕੇ ਲੋਕਾਂ ਨੂੰ ਆਪਣੇ ਆਪ ਨੂੰ ਭੁੱਲਣ ਨਹੀਂ ਦੇ ਰਿਹਾ ਹੈ। ਕੋਵਿਡ ਬਾਰੇ ਇਕ ਗੱਲ ਦੀ ਗਾਰੰਟੀ ਦਿੱਤੀ ਜਾ ਸਕਦੀ ਹੈ ਕਿ ਹੁਣ ਇਸ ਦੇ ਨਵੇਂ ਰੂਪ ਸਮੇਂ-ਸਮੇਂ 'ਤੇ ਸਾਹਮਣੇ ਆਉਣਗੇ। ਇਹਨਾਂ ਵਿੱਚੋਂ ਕੁਝ ਰੂਪ ਲੋਕਾਂ ਨੂੰ ਸੰਕਰਮਿਤ ਕਰਨ ਵਿੱਚ ਵਧੇਰੇ ਸਫਲ ਹੋਣਗੇ। ਦ ਕਨਵਰਸੇਸ਼ਨ ਦੇ ਅਨੁਸਾਰ, ਬੀਏ.2.86 (ਪਰੋਲਾ) ਇੱਕ ਅਜਿਹਾ ਨਵਾਂ ਤਣਾਅ ਹੈ ਜਿਸ ਨੇ ਕੁਝ ਡਾਕਟਰਾਂ ਅਤੇ ਮਾਹਰਾਂ ਵਿੱਚ ਚਿੰਤਾਵਾਂ ਪੈਦਾ ਕੀਤੀਆਂ ਹਨ। ਇਸ ਦੇ ਫੈਲਣ ਦਾ ਪੈਟਰਨ ਵੱਖਰਾ ਹੈ। ਖਾਸ ਤੌਰ 'ਤੇ ਵਾਇਰਸ ਦੀ ਸਤ੍ਹਾ 'ਤੇ ਅਣੂ ਜੋ ਇਸਨੂੰ ਅਨਲੌਕ ਕਰਨ ਅਤੇ ਸਾਡੇ ਸੈੱਲਾਂ ਵਿੱਚ ਦਾਖਲ ਹੋਣ ਲਈ ਇੱਕ ਕੁੰਜੀ ਵਾਂਗ ਕੰਮ ਕਰਦੇ ਹਨ। ਇਹ ਉਹਨਾਂ ਲੋਕਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਜਿਨ੍ਹਾਂ ਨੇ ਵੈਕਸੀਨ ਲਈ ਹੈ।



ਸ਼ਾਇਦ ਸਪਾਈਕ ਵਿੱਚ ਤਬਦੀਲੀ ਦਾ ਮਤਲਬ ਵਾਇਰਸ ਦੇ ਵਿਵਹਾਰ ਦੇ ਤਰੀਕੇ ਵਿੱਚ ਤਬਦੀਲੀ ਹੋ ਸਕਦੀ ਹੈ। ਪਰ ਸਥਿਤੀ ਬਾਰੇ ਯਕੀਨੀ ਬਣਾਉਣ ਲਈ ਕੋਈ ਚੰਗਾ ਡੇਟਾ ਉਪਲਬਧ ਨਹੀਂ ਹੈ ਜਿਵੇਂ ਕਿ ਇਹ ਹੈ. ਚਿੰਤਾ ਇਹ ਹੈ ਕਿ ਲਾਗ ਇੱਕ ਨਵੀਂ ਲਹਿਰ ਪੈਦਾ ਕਰ ਸਕਦੀ ਹੈ। ਇਸ ਖਬਰ ਨੇ ਇੱਕ ਵਾਰ ਫਿਰ ਲੋਕਾਂ ਵਿੱਚ ਚਿੰਤਾ ਵਧਾ ਦਿੱਤੀ ਹੈ। ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਵਿੱਚ, ਸਭ ਤੋਂ ਵੱਧ ਪੁੱਛਿਆ ਗਿਆ ਸਵਾਲ ਇਹ ਸੀ ਕਿ ਮਾਸਕ ਨੂੰ ਕਿਵੇਂ ਲਾਗੂ ਕਰਨਾ ਚਾਹੀਦਾ ਹੈ। ਹੁਣ ਇੱਕ ਵਾਰ ਫਿਰ ਮਾਸਕ ਨੂੰ ਲੈ ਕੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ ਕਿ ਕੀ ਮਾਸਕ ਨੂੰ ਦੁਬਾਰਾ ਪਹਿਨਣਾ ਪੈ ਸਕਦਾ ਹੈ।

ਹੁਣ ਜਦੋਂ ਕੋਵਿਡ ਦਾ ਖਤਰਾ ਕਾਫੀ ਹੱਦ ਤੱਕ ਘੱਟ ਗਿਆ ਹੈ, ਜਦੋਂ ਵੀ ਸੰਕਰਮਣ ਦੀ ਗਿਣਤੀ ਵਧਣ ਲੱਗਦੀ ਹੈ, ਤਾਂ ਮਾਸਕ ਪਹਿਨਣ ਵਾਲੇ ਲੋਕਾਂ ਦੀ ਚਰਚਾ ਫਿਰ ਤੋਂ ਸੁਰਖੀਆਂ ਵਿੱਚ ਆ ਜਾਂਦੀ ਹੈ। ਹਰ ਜਗ੍ਹਾ ਮਾਸਕ ਲਗਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ। ਹਾਲਾਂਕਿ ਮਾਹਰ ਦੇਖ ਰਹੇ ਹਨ ਕਿ ਕੋਰੋਨਾ ਦਾ ਇਹ ਨਵਾਂ ਰੂਪ ਕਿੰਨਾ ਛੂਤਕਾਰੀ ਹੋ ਸਕਦਾ ਹੈ ਅਤੇ ਇਹ ਇਲਾਜ ਪ੍ਰਤੀ ਕਿਵੇਂ ਰਵੱਈਆ ਲੈਂਦਾ ਹੈ। ਫਿਲਹਾਲ ਮਾਹਿਰਾਂ ਦਾ ਕਹਿਣਾ ਹੈ ਕਿ ਜਾਂਚ ਦੇ ਪਹਿਲੇ ਦੌਰ 'ਚ ਇਹ ਪਾਇਆ ਗਿਆ ਹੈ ਕਿ ਬੀਏ.2.86 ਵੇਰੀਐਂਟ ਉਨ੍ਹਾਂ ਲੋਕਾਂ ਨੂੰ ਵੀ ਬੀਮਾਰ ਕਰ ਸਕਦਾ ਹੈ, ਜਿਨ੍ਹਾਂ ਨੇ ਇਕ ਜਾਂ ਦੂਜੀ ਕੋਰੋਨਾ ਵੈਕਸੀਨ ਲਈ ਹੈ।

ਜੇਕਰ ਮਾਹਿਰਾਂ ਦੀ ਮੰਨੀਏ ਤਾਂ ਬੀਏ.2.86 ਵਿਸ਼ਵ ਪੱਧਰ 'ਤੇ ਫੈਲ ਚੁੱਕਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਨੂੰ ਨਹੀਂ ਪਤਾ ਕਿ ਇਸ ਨੇ ਕਿੰਨੇ ਲੋਕਾਂ ਨੂੰ ਸੰਕਰਮਿਤ ਕੀਤਾ ਹੈ। ਜੇ ਇਹ ਵਿਆਪਕ ਤੌਰ 'ਤੇ ਫੈਲਿਆ ਹੈ, ਤਾਂ ਅਜਿਹਾ ਲਗਦਾ ਹੈ ਕਿ ਸਿਰਫ ਮੁੱਠੀ ਭਰ ਲੋਕ ਹੀ ਹਸਪਤਾਲ ਵਿਚ ਦਾਖਲ ਹੋਏ ਹਨ. ਜੋ ਦਰਸਾਉਂਦਾ ਹੈ ਕਿ ਵੈਕਸੀਨ ਅਤੇ ਪਿਛਲੀਆਂ ਲਾਗਾਂ ਤੋਂ ਪ੍ਰਾਪਤ ਪ੍ਰਤੀਰੋਧਕ ਸ਼ਕਤੀ ਅਜੇ ਵੀ ਸਾਨੂੰ ਗੰਭੀਰ, ਜਾਨਲੇਵਾ ਕੋਵਿਡ ਤੋਂ ਬਚਾ ਰਹੀ ਹੈ।

# ਚੰਦ ਤੋਂ ਬਾਅਦ ਹੁਣ ਸੂਰਜੀ ਮਿਸ਼ਨ ਲਾਂਚ ਕਰਨ ਦੀ ਤਿਆਰੀ

**ਨਵੀਂ ਦਿੱਲੀ–** ਚੰਦਰਯਾਨ-3 ਦੇ ਸਫਲ ਲੈਂਡਿੰਗ ਤੋਂ ਬਾਅਦ ਇਸਰੋ ਹੁਣ ਸੂਰਜ ਦਾ ਅਧਿਐਨ ਕਰਨ ਲਈ ਇੱਕ ਹਫ਼ਤੇ ਦੇ ਅੰਦਰ, ਸੰਭਾਵਤ ਤੌਰ ਉਤੇ 2 ਸਤੰਬਰ ਨੂੰ ਸੂਰਜੀ ਮਿਸ਼ਨ ਲਾਂਚ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸਰੋ ਮਿਸ਼ਨ ਸਨ ਤਹਿਤ ਸੂਰਜ ਤੱਕ ਪਹੁੰਚਣ ਦੀ ਤਿਆਰੀ ਕਰ ਰਿਹਾ ਹੈ। 2 ਸਤੰਬਰ ਨੂੰ ਇਸਰੋ ਪੀਐੱਸਐੱਲਵੀ ਰਾਕੇਟ ਰਾਹੀਂ ਸਤੀਸ਼ ਧਵਨ ਸਪੇਸ ਸੈਂਟਰ ਸ਼੍ਰੀਹਰਿਕੋਟਾ ਤੋਂ ਆਦਿਤਿਆ-ਐਲ1 ਨੂੰ ਲਾਂਚ ਕਰੇਗਾ।

ਇਸਰੋ ਦਾ ਆਦਿਤਿਆ ਐਲ1 ਮਿਸ਼ਨ ਭਾਰਤੀ ਪੁਲਾੜ ਏਜੰਸੀ ਦਾ ਸਭ ਤੋਂ ਮੁਸ਼ਕਲ ਮਿਸ਼ਨ ਹੈ। ਇਸਰੋ ਦੇ ਮੁਖੀ ਐਸ ਸੋਮਨਾਥ ਨੇ ਵੀ ਹਾਲ ਹੀ ਵਿੱਚ ਕਿਹਾ ਸੀ ਕਿ ਭਾਰਤ ਹੁਣ ਸੂਰਜ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਕਿਹਾ, "ਪਿਛਲੇ ਕੁਝ ਮਹੀਨਿਆਂ ਤੋਂ ਪੁਲਾੜ ਏਜੰਸੀ ਦਾ ਧਿਆਨ ਚੰਦਰਯਾਨ-3 ਉਤੇ ਸੀ। ਇਸਰੋ ਹੋਰ ਪ੍ਰੋ-ਜੈਕਟਾਂ 'ਤੇ ਵੀ ਕੰਮ ਕਰ ਰਿਹਾ ਹੈ ਜੋ ਆਉਣ ਵਾਲੇ ਮਹੀਨਿਆਂ ਵਿੱਚ ਉਡਾਣ ਭਰਨ ਲਈ ਤਿਆਰ ਹਨ।



ਆਦਿਤਿਆ ਐਲ1 ਬਾਰੇ ਜਾਣਕਾਰੀ ਦਿੰਦੇ ਹੋਏ ਇਸਰੋ ਦੇ ਮੁਖੀ ਨੇ ਕਿਹਾ, "ਇਹ ਭਾਰਤ ਦਾ ਪਹਿਲਾ ਸੂਰਜੀ ਮਿਸ਼ਨ ਹੈ ਜੋ ਸੂਰਜ ਦਾ ਅਧਿਐਨ ਕਰੇਗਾ। ਸਤੰਬਰ ਦੇ ਸ਼ੁਰੂ ਵਿੱਚ ਇਸ ਪੁਲਾੜ ਯਾਨ ਨੂੰ ਲਾਂਚ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਪ੍ਰੋਜੈਕਟ ਨੂੰ ਅਸੈਂਬਲ ਕਰਕੇ ਸ਼੍ਰੀਹਰੀਕੋਟਾ ਲਾਂਚ ਸੈਂਟਰ ਵਿੱਚ ਭੇਜ ਦਿੱਤਾ ਗਿਆ ਹੈ। ਇਸਰੋ ਮੁਤਾਬਕ ਆਦਿਤਿਆ ਐਲ 1 ਪੁਲਾੜ ਯਾਨ ਵਿੱਚ ਸੱਤ ਤਰ੍ਹਾਂ ਦੇ ਵਿਗਿਆਨਕ ਪੇਲੋਡਸ ਹੋਣਗੇ। ਇਹ ਵੱਖ-ਵੱਖ ਤਰੀਕਿਆਂ ਨਾਲ ਸੂਰਜ ਦਾ ਅਧਿਐਨ ਕਰਨਗੇ। ਇਹ ਵਾਹਨ ਲਗਭਗ 5 ਸਾਲ ਤੱਕ ਸੂਰਜ ਦਾ ਅਧਿਐਨ ਕਰੇਗਾ।

ਇਹ ਸੂਰਜ ਦਾ ਨਿਰੀਖਣ ਕਰਨ ਵਾਲਾ ਪਹਿਲਾ ਸਮਰਪਿਤ ਭਾਰਤੀ ਪੁਲਾੜ ਮਿਸ਼ਨ ਹੋਵੇਗਾ। ਆਦਿਤਿਆ-ਐਲ 1 ਮਿਸ਼ਨ, ਜਿਸ ਦਾ ਉਦੇਸ਼ ਐਲ 1 ਦੇ ਆਲੇ-ਦੁਆਲੇ ਚੱਕਰ ਤੋਂ ਸੂਰਜ ਦਾ ਅਧਿਐਨ ਕਰਨਾ ਹੈ, ਵੱਖ-ਵੱਖ ਵੇਵ ਬੈਂਡਾਂ ਵਿੱਚ ਪ੍ਰਕਾਸ਼ਮੰਡਲ, ਕ੍ਰੋਮੋਸਫੀਅਰ ਅਤੇ ਸੂਰਜ ਦੀਆਂ ਸਭ ਤੋਂ ਬਾਹਰੀ ਪਰਤਾਂ, ਕੋਰੋਨਾ ਦਾ ਨਿਰੀਅਣ ਕਰਨ ਲਈ ਆਪਣੇ ਨਾਲ ਸੱਤ ਪੇਲੋਡ ਲੈ ਕੇ ਜਾਵੇਗਾ। ਇਸਰੋ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ, 'ਆਦਿਤਿਆ-ਐਲ1 ਰਾਸ਼ਟਰੀ ਸੰਸਥਾਵਾਂ ਦੀ ਭਾਗੀ ਦਾਰੀ ਨਾਲ ਇੱਕ ਪੂਰੀ ਤਰ੍ਹਾਂ ਸਵਦੇਸ਼ੀ ਕੋਸ਼ਿਸ਼ ਹੈ।'

# ਸਿੰਗਾਪੁਰ ਯੂਨੀਵਰਸਿਟੀ 'ਚ 'ਸਿੱਖੀ' ਬਾਰੇ ਲੈਕਚਰ ਦੇਣਗੇ ਭਾਰਤੀ ਸਿੱਖ ਪ੍ਰੋਫੈਸਰ

**ਸਿੰਗਾਪੁਰ–** ਏੱਥੋਂ ਦੀ ਵੱਕਾਰੀ ਨੈਸ਼ਨਲ ਯੂਨੀਵਰਸਿਟੀ ਦੇ ਭਾਰਤੀ ਮੂਲ ਦੇ ਸਿੱਖਿਆ ਸ਼ਾਸਤਰੀ ਜਸਜੀਤ ਸਿੰਘ (51 ) ਵਰਤਮਾਨ ਵਿੱਚ ਯੂਕੇ ਦੀ ਲੀਡਜ਼ ਯੂਨੀਵਰਸਿਟੀ ਵਿੱਚ ਇੱਕ ਐਸੋਸੀਏਟ ਪ੍ਰੋਫੈਸਰ ਹਨ। ਸਿੰਗਾਪੁਰ ਦੀ ਵੱਕਾਰੀ ਨੈਸ਼ਨਲ ਯੂਨੀਵਰਸਿਟੀ ਨੇ ਜਸਜੀਤ ਸਿੰਘ ਨੂੰ ਸਿੱਖ ਵਿਸ਼ਵਾਸਾਂ 'ਤੇ ਲੈਕਚਰ ਦੇਣ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਜੀਵਨ ਢੰਗ ਨੂੰ ਉਤਸ਼ਾਹਿਤ ਕਰਨ ਲਈ ਵਿਜ਼ਿਟਿੰਗ ਫੈਕਲਟੀ ਵਜੋਂ ਨਿਯੁਕਤ ਕੀਤਾ ਹੈ।




ਸਿੰਘ ਨੂੰ ਸਿੱਖ ਸਟੱਡੀਜ਼ ਵਿੱਚ ਪ੍ਰਮੁੱਖ ਮਾਹਿਰ ਮੰਨਿਆ ਜਾਂਦਾ ਹੈ। ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਦੇ ਆਰਟਸ ਅਤੇ ਸੋਸ਼ਲ ਸਾਇੰਸਜ਼ ਦੇ ਡੀਨ ਪ੍ਰੋਫੈਸਰ ਲਿਓਨਲ ਵੀ ਨੇ ਕਿਹਾ ਕਿ ਧਰਮ ਬਾਰੇ ਆਪਣੀ ਮੁਹਾਰਤ ਨਾਲ ਜਸਜੀਤ ਸਿੰਘ ਨਾ ਸਿਰਫ ਸਿੰਗਾਪੁਰ ਬਲਕਿ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਮਾਨਤਾਵਾਂ ਅਤੇ ਅਭਿਆਸਾਂ ਅਤੇ ਸਿੱਖ ਜੀਵਨ ਢੰਗ ਬਾਰੇ ਸਾਡੇ ਵਿਦਿਆਰਥੀਆਂ ਦੇ ਗਿਆਨ ਨੂੰ ਡੂੰਘਾ ਕਰਨਗੇ। ਪ੍ਰੋਫੈਸਰ ਵੀ ਨੇ ਕਿਹਾ ਕਿ ਸਿੰਘ ਸਿੱਖ ਅਧਿਐਨ ਦੇ ਪ੍ਰਮੁੱਖ ਮਾਹਿਰ ਹਨ। ਉਹ ਆਪਣੇ ਪ੍ਰਭਾਵ-ਸਬੰਧਤ ਕੰਮ ਵਿੱਚ ਇੱਕ ਨਵੀਨਤਾਕਾਰੀ ਵਜੋਂ ਵੀ ਜਾਣੇ ਜਾਂਦੇ ਹਨ। ਇਹ ਯੂਕੇ ਵਿੱਚ ਘੱਟ-ਗਿਣਤੀ ਨਸਲੀ ਭਾਈਚਾਰਿਆਂ ਅਤੇ ਸੰਗਠਨਾਂ ਨਾਲ ਉਸਦੇ ਸਾਰਥਕ ਰੁਝੇਵਿਆਂ ਵਿੱਚ ਝਲਕਦਾ ਹੈ।

ਤੁਹਾਨੂੰ ਦੱਸ ਦੇਈਏ ਕਿ ਜਸਜੀਤ ਸਿੰਘ ਨੇ ਨਵੇਂ ਅਕਾਦਮਿਕ ਸਾਲ 2023-2024 ਲਈ ਆਪਣਾ ਇੱਕ ਸਮੈਸਟਰ ਸ਼ੁਰੂ ਕੀਤਾ ਹੈ। ਸਿੰਘ ਵਰਤਮਾਨ ਵਿੱਚ 'ਸਿੱਖ ਧਰਮ ਦੀ ਜਾਣ-ਪਛਾਣ' ਸਿਰਲੇਖ ਦੇ ਇੱਕ ਅੰਡਰਗਰੈਜੂਏਟ ਕੋਰਸ ਪੜ੍ਹਾ ਰਹੇ ਹਨ, ਜਿੱਥੇ ਵਿਦਿਆਰਥੀਆਂ ਨੂੰ ਸਿੱਖ ਧਰਮ ਦੀਆਂ ਬੁਨਿਆਦੀ ਗੱਲਾਂ ਅਤੇ ਪੂਰਵ-ਬਸਤੀਵਾਦੀ ਅਤੇ ਬਸਤੀਵਾਦੀ ਭਾਰਤ ਵਿੱਚ ਇਸਦੇ ਇਤਿਹਾਸਕ ਵਿਕਾਸ ਬਾਰੇ ਜਾਣੂ ਕਰਵਾਇਆ ਜਾਵੇਗਾ। ਆਪਣੀ ਨਿਯੁਕਤੀ 'ਤੇ ਟਿੱਪਣੀ ਕਰਦਿਆਂ ਸਿੰਘ ਨੇ ਕਿਹਾ ਇਸ ਨਾਲ ਮੈਨੂੰ ਸਿੱਖ ਡਾਇਸਪੋਰਾ ਦੇ ਉਸ ਪਹਿਲੂ ਦੀ ਖੋਜ ਕਰਨ ਦਾ ਮੌਕਾ ਵੀ ਮਿਲੇਗਾ, ਜਿਸਦੀ ਮੁਕਾਬਲਤਨ ਘੱਟ ਜਾਂਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਅਹੁਦਾ ਮੈਨੂੰ ਆਪਣੇ ਤੋਂ ਵੱਖਰੇ ਸਮਾਜਿਕ ਅਤੇ ਸੱਭਿਆਚਾਰਕ ਸੰਦਰਭ ਦੇ ਵਿਦਿਆਰਥੀਆਂ ਨੂੰ ਸਿਖਾਉਣ ਦਾ ਮੌਕਾ ਦਿੰਦਾ ਹੈ, ਨਾਲ ਹੀ ਇਹ ਮੌਕਾ ਵੀ ਪ੍ਰਦਾਨ ਕਰਦਾ ਹੈ ਕਿ ਉਹ ਸਿੱਖਾਂ ਨੂੰ ਕਿਵੇਂ ਦੇਖਦੇ ਹਨ ਅਤੇ ਉਨ੍ਹਾਂ ਵਿਚ ਇਹ ਵਿਸ਼ਵਾਸ ਕਿਵੇਂ ਵਿਕਸਿਤ ਹੋਇਆ।






# ਗੁਰਦੁਆਰਾ ਸਾਹਿਬ ਸਾਮਾਬੁੱਲਾ ਫੀਜ਼ੀ ਵਿਖੇ ਯੂਥ ਕੈਂਪ ਨਾਲ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦਾ ਉਦਮ

## ਬਹੁਤ ਸਾਰੇ ਬੱਚੇ ਗੁਰਦੁਆਰਾ ਸਾਹਿਬ 2 ਰਾਤਾਂ ਠਹਿਰੇ ਅਤੇ ਸਿੱਖ ਧਰਮ ਦੇ ਮੁਢਲੇ ਅਸੂਲ ਸਿੱਖ ਗੁਰੂ ਸਾਹਿਬ ਦੀ ਕ੍ਰਿਪਾ ਦੇ ਪਾਤਰ ਬਣੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਜਿਸ ਬਾਗ ਦਾ ਮਾਲੀ ਬਿਹਤਰੀਨ ਹੋਵੇ ਉਸ ਬਗੀਚੇ ਦੇ ਫੁੱਲਾਂ ਦਾ ਖਿੜਨਾ ਕਦੇ ਵੀ ਬੰਦ ਨਹੀਂ ਹੋ ਸਕਦਾ। ਸਿਖਰ ਦੁਪਹਿਰ ਵੇਲੇ ਭਾਵੇਂ ਕੁਝ ਬੂਟੇ ਮੁਰਝਾ ਜਾਣ ਪਰ ਪਾਣੀ ਦਾ ਫੁਆਰਾ ਪੈਂਦਿਆਂ ਦੁਬਾਰਾ ਹਰਿਆ ਭਰਿਆ ਹੋ ਜਾਂਦੇ ਹਨ। ਸਿੱਖ ਧਰਮ ਜਾਂ ਕਹਿ ਲਈਏ ਸਿੱਖੀ ਇਕ ਅਜਿਹਾ ਬੂਟਾ ਹੈ ਜੋ ਅੱਜ ਵਿਸ਼ਵ ਦੇ ਲਗਪਗ ਹਰ ਕੋਨੇ ਵਿਚ ਵਧ ਫੁੱਲ ਰਿਹਾ ਹੈ। ਦੱਖਣੀ ਪ੍ਰਸ਼ਾਂਤ ਮਹਾਂਸਾਗਰ ਦੇ ਵਿਚ ਵਸੇ ਟਾਪੂ ਫੀਜ਼ੀ ਦੇ ਵਿਚ ਪੰਜ ਗੁਰਦੁਆਰਾ ਸਾਹਿਬ ਹਨ ਅਤੇ ਸਭ ਤੋਂ ਪਹਿਲਾ ਗੁਰਦੁਆਰਾ ਸਾਹਿਬ ਸਾਮਾਬੁੱਲਾ (ਸੁਵਾ ਸਟੇਟ) ਇਸ ਸਾਲ ਨੰਵਬਰ–2023 ਦੇ ਵਿਚ ਆਪਣਾ ਸੌ ਸਾਲਾ ਸਥਾਪਨਾ ਦਿਵਸ ਮਨਾ ਰਿਹਾ ਹੈ। ਇਸ ਸਬੰਧੀ ਸਮਾਗਮਾਂ ਨੂੰ ਜਿੱਥੇ ਅੰਤਿਮ ਰੂਪ–ਰੇਖਾ ਦਿੱਤੀ ਜਾ ਰਹੀ ਹੈ, ਉਥੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਭਾਈ ਸੰਦੀਪ ਸਿੰਘ ਸਥਾਨਿਕ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਗੁਰੂ ਸਾਹਿਬਾਂ ਦੇ ਇਤਿਹਾਸ ਅਤੇ ਗੁਰਬਾਣੀ ਨਾਲ ਜੋੜਨ ਦੇ ਬਹੁਤ ਵਧੀਆ ਉਪਰਾਲੇ ਕਰ ਰਹੇ ਹਨ। ਇਸ ਸਬੰਧ ਵਿਚ ਉਨ੍ਹਾਂ ਬੀਤੇ ਦਿਨੀਂ ਤਿੰਨ ਦਿਨਾਂ ਗੁਰਮਤਿ ਯੂਥ ਕੈਂਪ ਲਗਾਇਆ। ਜਿਸ ਦੇ ਵਿਚ ਪਹਿਲੀ ਵਾਰ ਬਹੁਤ ਸਾਰੇ ਬੱਚਿਆਂ ਨੇ ਵੱਡਾ ਉਤਸ਼ਾਹ ਵਿਖਾਇਆ ਅਤੇ ਦੋ ਰਾਤਾਂ ਗੁਰਦੁਆਰਾ ਸਾਹਿਬ ਰਹਿ ਕੇ ਸਿੱਖ ਧਰਮ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਕੀਤੀ, ਗੁਰਮਰਿਯਾਦਾ ਬਾਰੇ ਜਾਣਿਆ ਅਤੇ ਗੁਰਦੁਆਰਾ ਸਾਹਿਬ ਕਿਵੇਂ ਆਈਏ?



ਬਾਰੇ ਸੁਚੇਤ ਹੋਏ। ਗੁਰਦੁਆਰਾ ਸਾਹਿਬ ਦੇ ਸਹਾਇਕ ਗ੍ਰੰਥੀ ਸਿੰਘ ਭਾਈ ਰਣਜੀਤ ਸਿੰਘ ਅਤੇ ਭਾਈ ਗੋਬਿੰਦ ਸਿੰਘ ਨੇ ਗੁਰਦੁਆਰਾ ਸਾਹਿਬ ਮੈਨੇਜਮੈਂਟ ਦੇ ਨਾਲ ਰਲ ਕੇ ਬਹੁਤ ਸੋਹਣੇ ਪ੍ਰਬੰਧ ਕੀਤੇ। ਸਲਾਈਡ ਸ਼ੋਅ ਹੋਏ।

ਬੱਚਿਆਂ ਨੇ ਲੰਗਰ ਬਨਾਉਣ ਦੀ ਵਿਧੀ ਸਿੱਖੀ ਅਤੇ ਸਹਿਯੋਗ ਵੀ ਕੀਤਾ। ਕਮੇਟੀ ਮੈਂਬਰ ਸ. ਦਲਵਾਰਾ ਸਿੰਘ ਨੇ ਬੱਚਿਆਂ ਨੂੰ ਇਨਾਮ ਵੀ ਵੰਡੇ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਬਲਬੀਰ ਸਿੰਘ ਖਾਨਪੁਰ ਅਤੇ ਉਪ ਪ੍ਰਧਾਨ ਸ੍ਰੀ ਆਜੇਸ਼ ਸਿੰਘ ਸੁੱਜੋਂ ਵੀ ਇਨ੍ਹਾਂ ਸਮਾਗਮਾਂ ਵਿਚ ਵੱਡਾ ਸਹਿਯੋਗ ਕਰਦੇ ਰਹੇ।

ਫੀਜ਼ੀ ਵਿਖੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਤ ਹੁੰਦਿਆ ਵੇਖ ਕੇ ਪ੍ਰੋ. ਮੋਹਨ ਸਿੰਘ ਦੀਆਂ ਕੁਝ ਕਾਵਿ ਸਤਰਾਂ ਯਾਦ ਆ ਰਹੀਆਂ ਹਨ:–

''ਉਹ ਕਿਹੜਾ ਬੂਟਾ ਏ? ਹਰ ਥਾਂ ਜੋ ਪਲਦਾ ਏ,
ਆਰੇ ਦੇ ਦੰਦਿਆਂ ਤੇ, ਰੰਬੀ ਦੀਆਂ ਧਾਰਾਂ ਤੇ,
ਖੈਬਰ ਦੇ ਦਰਿਆ ਵਿਚ, ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ 'ਤੇ, ਲੱਖੀ ਦੇ ਜੰਗਲ ਵਿਚ,
ਰੋੜਾਂ ਵਿਚ, ਰਕੜਾਂ ਵਿਚ, ਬੰਜਰਾਂ ਵਿਚ ਝੱਖੜਾਂ ਵਿਚ,
ਗੜਿਆਂ ਵਿਚ, ਮੀਹਾਂ ਵਿਚ, ਸਰਹੰਦ ਦੀਆਂ ਨੀਹਾਂ ਵਿਚ,
ਜਿੱਥੇ ਵੀ ਲਾ ਦਈਏ, ਓਥੇ ਹੀ ਪਲਦਾ ਏ,
ਜਿਤਨਾ ਇਹ ਛਾਂਗ ਦਈਏ, ਉਤਨਾ ਇਹ ਫਲਦਾ ਏ।''

# ਰਾਜਪਾਲ ਅਤੇ ਮੁੱਖ ਮੰਤਰੀ ਵਿਚ ਤਕਰਾਰ ਮੰਦਭਾਗਾ

## ਸੰਵਿਧਾਨ ਨੂੰ ਦਰਪੇਸ਼ ਚੁਣੌਤੀਆਂ ਸੰਬੰਧੀ ਸੈਮੀਨਾਰ ਹੋਵੇਗਾ

**ਜਲੰਧਰ–** ਅੰਬੇਡਕਰ ਭਵਨ ਵਿਖੇ ਅੱਜ ਪ੍ਰੋਫੈਸਰ ਸੋਹਨ ਲਾਲ (ਸਾਬਕਾ ਡੀ. ਪੀ. ਆਈ. ਕਾਲਜਾਂ) ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਟਰੱਸਟ, ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੇ ਅਹੁਦੇਦਾਰਾਂ ਦੀ ਇੱਕ ਸਾਂਝੀ ਮੀਟਿੰਗ ਹੋਈ ਜਿਸ ਵਿਚ ਉੱਘੇ ਅੰਬੇਡਕਰੀ ਆਗੂ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ਼੍ਰੀ ਐਲ ਆਰ ਬਾਲੀ ਅਤੇ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਸ਼੍ਰੀ ਦੇਸ ਰਾਜ ਕਾਲੀ ਦੇ ਦੇਹਾਂਤ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਡਾ. ਜੀ ਸੀ ਕੌਲ, ਮੈਡਮ ਸੁਦੇਸ਼ ਕਲਿਆਣ, ਬਲਦੇਵ ਰਾਜ ਭਾਰਦਵਾਜ ਅਤੇ ਚਰਨ ਦਾਸ ਸੰਧੂ ਨੇ ਕਿਹਾ ਕਿ ਦੋਨਾਂ ਉੱਘੀਆਂ ਸ਼ਖਸ਼ੀਅਤਾਂ ਦੇ ਸਦੀਵੀ ਵਿਛੋੜੇ ਨਾਲ ਪਰਿਵਾਰਾਂ, ਸਾਹਿਤਕ ਜਗਤ ਅਤੇ ਸਮਾਜ ਨੂੰ ਨਾਂ ਪੂਰਿਆਂ ਹੋਣ ਵਾਲਾ ਘਾਟਾ ਪਿਆ ਹੈ. ਦੋਨਾਂ ਸ਼ਖਸ਼ੀਅਤਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧ–ਾਂਜਲੀ ਪ੍ਰਗਟ ਕਰਨ ਉਪਰੰਤ ਇੱਕ ਹੋਰ ਮਤੇ ਰਾਹੀਂ ਪੰਜਾਬ ਦੇ ਰਾਜਪਾਲ ਅਤੇ ਮੁੱਖਮੰਤਰੀ ਵਿਚਕਾਰ ਪਿਛਲੇ ਲੰਮੇ ਸਮੇਂ ਤੋਂ ਪੈਦਾ ਹੋਈ ਤਕਰਾਰ ਨੂੰ ਪੰਜਾਬ ਅਤੇ ਪੰਜਾਬੀਅਤ ਦੇ ਹਿੱਤਾਂ ਲਈ ਮੰਦਭਾਗਾ ਕਰਾਰ ਦਿੰਦਿਆਂ ਇਸ ਨੂੰ ਫੌਰੀ ਤੌਰ ਤੇ ਰੋਕਣ ਲਈ ਅਪੀਲ ਕੀਤੀ ਗਈ. ਮੀਟਿੰਗ ਵਿਚ ਸ਼ਾਮਲ ਸਾਰੇ ਮੈਂਬਰਾਂ ਦਾ ਮੱਤ ਸੀ ਕਿ ਰਾਜਪਾਲ ਸਾਹਿਬ ਅਤੇ ਮੁੱਖ ਮੰਤਰੀ ਨੂੰ ਵਿਅਕਤੀਗਤ ਹਉਮੈਂ ਨੂੰ ਤਿਆਗ ਕੇ ਨਸ਼ਿਆਂ, ਬੇਰੁਜਗਾਰੀ , ਗਰੀਬੀ, ਕਾਨੂੰਨ ਅਤੇ ਵਿਵਸਥਾ, ਗੰਧਲੇ ਹੋ ਰਹੇ ਵਾਤਾਵਰਣ, ਕਰਜੇ ਨਾਲ ਅਤੇ ਹੜ੍ਹਾਂ ਤੋਂ ਪੈਦਾ ਹੋਈਆਂ ਗੰਭੀਰ ਸਮੱਸਿਆਵਾਂ ਦੀ ਦਲਦਲ ਵਿਚ ਡੁੱਬਦੇ ਜਾ ਰਹੇ ਪੰਜਾਬ ਦੇ ਬਚਾਓ ਅਤੇ ਤਰੱਕੀ ਲਈ ਸਾਰਥਕ ਯਤਨ ਕਰਨੇ ਚਾਹੀਦੇ ਹਨ. ਦੋਨਾਂ ਦੇ ਆਪਸੀ ਰੌਲੇ–ਰੱਪੇ ਵਿਚ ਪੰਜਾਬ ਦੇ ਹਿੱਤ ਕੁਰਬਾਨ ਹੋ ਰਹੇ ਹਨ. ਇਨ੍ਹਾਂ ਦੀ ਬੇਲੋੜੀ ਤਕਰਾਰ ਲੋਕਾਂ ਦੇ ਅਸਲੀ ਮੁੱਦਿਆਂ ਨੂੰ ਲਾਂਭੇ ਕਰਨ ਦੀਆਂ ਕੁਚਾਲਾਂ ਹਨ ਜੋ ਸਮੁੱਚੇ ਤੌਰ ਤੇ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਤੇ ਨਾਂ ਤੋਰ ਸਕਣ ਦੀ ਅਸਮਰੱਥਾ ਨੂੰ ਦਰਸਾਉਂਦੀਆਂ ਹਨ। ਮੀਟਿੰਗ ਵਿਚ ਭਾਰਤੀ ਸੰਵਿਧਾਨ ਨੂੰ ਦਰਪੇਸ਼ ਚੁਣ–ੌਤੀਆਂ ਅਤੇ ਉਨ੍ਹਾਂ ਦੇ ਸਮਾਧਾਨ ਸੰਬੰਧੀ ਨਿਕਟ ਭਵਿੱਖ 'ਚ ਇੱਕ ਸੈਮੀਨਾਰ ਆਯੋਜਿਤ ਕਰਨ ਦਾ ਫੈਸਲਾ ਵੀ ਕੀਤਾ ਗਿਆ. ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ. ਇਸ ਮੌਕੇ ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਨਿਰਮਲ ਸਿੰਘ ਬਿਨਜੀ, ਦਾ. ਮੋਹਿੰਦਰ ਸੰਧੂ, ਹਰਮੇਸ਼ ਜੱਸਲ ਅਤੇ ਜਸਵਿੰਦਰ ਵਰਿਆਣਾ ਵੀ ਹਾਜਰ ਸਨ।



# ਗੁਰੂਗ੍ਰਾਮ 'ਚ ਅੰਮ੍ਰਿਤਧਾਰੀ ਗੱਭਰੂ ਨੂੰ ਰੈਸਟੋਰੈਂਟ ਵਿਚ ਦਾਖ਼ਲ ਹੋਣ ਤੋਂ ਰੋਕਿਆ

**ਗੁਰੂਗ੍ਰਾਮ–** ਗੁੜਗਾਓ ਦੇ ਇੱਕ ਰੈਸਟੋਰੈਂਟ ਵਿੱਚ ਇੱਕ ਗੁਰਸਿੱਖ ਨੌਜਵਾਨ ਹਰਤੀਰਥ ਸਿੰਘ ਆਹਲੂਵਾਲੀਆ ਨੂੰ 'ਕਿਰਪਾਨ' ਪਹਿਨਣ ਕਾਰਨ ਦਾਖਲ ਹੋਣ ਤੋਂ ਮਨ੍ਹਾ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਨੌਜਵਾਨ ਨੇ ਗੁਰੂਗ੍ਰਾਮ ਦੇ ਇੱਕ ਰੈਸਟੋਰੈਂਟ 'ਤੇ ਇਲਜ਼ਾਮ ਲਗਾਏ ਹਨ ਕਿ ਉਸ ਕਿਰਪਾਨ ਕਰਕੇ ਰੈਸਟੋਰੈਂਟ ਵਿੱਚ ਐਂਟਰੀ ਨਹੀਂ ਦਿੱਤੀ ਗਈ। ਇਸ ਸਬੰਧੀ ਟਵੀਟ ਕਰਦਿਆਂ ਨੌ–ਜਵਾਨ ਨੇ ਕਿਹਾ ਕਿ ਕੁਝ ਲੋਕਾਂ ਦੇ ਦਖਲ ਤੋਂ ਰੈਸਟੋਰੈਂਟ ਐਂਟਰੀ ਦੇ ਦਿੱਤੀ ਗਈ ਪਰ ਬਾਅਦ ਵਿੱਚ ਉਸਨੂੰ ਅੰਦਰ ਜਾਣ ਤੇ ਖਾਣਾ ਨਹੀਂ ਦਿਤਾ ਗਿਆ।



ਵੀਡੀਓ ਵਿੱਚ ਸਾਫ਼ ਸੁਣਿਆ ਜਾ ਸਕਦਾ ਹੈ ਕਿ ਕਿਰਪਾਨ ਵਾਲੇ ਸਿੱਖ ਵਿਅਕਤੀ ਨੂੰ ਰੈਸਟੋਰੈਂਟ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਜਾ ਰਿਹਾ ਹੈ। ਰੈਸ–ਟੋਰੈਂਟ ਵਿੱਚ ਕਿਰਪਾਨ ਲੈ ਕੇ ਦਾਖਲ ਹੋਏ ਨੌਜਵਾਨ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਕਿਰਪਾਨ ਤਲਵਾਰ ਨਹੀਂ ਹੁੰਦੀ। ਇਸ ਦੇ ਨਾਲ ਅਸੀਂ ਕਿਤੇ ਵੀ ਜਾ ਸਕਦੇ ਹਾਂ। ਇਹ ਸੁਪਰੀਮ ਕੋਰਟ ਦੀ ਰੂਲਿੰਗ ਵੀ ਹੈ। ਰੈਸਟੋਰੈਂਟ 'ਚ ਮੌਕੇ 'ਤੇ ਮੌਜੂਦ ਕੁਝ ਲੋਕਾਂ ਨੇ ਵੀ ਸਿੱਖ ਨੌਜਵਾਨ ਦਾ ਸਮਰਥਨ ਕੀਤਾ। ਕੁਝ ਲੋਕਾਂ ਦਾ ਸਮਰਥਨ ਮਿਲਣ 'ਤੇ ਸਿੱਖ ਨੌਜਵਾਨ ਰੈਸਟੋਰੈਂਟ ਵਿਚ ਦਾਖਲ ਤਾਂ ਹੋ ਜਾਂਦਾ ਹੈ ਪਰ ਉਸ ਨੇ ਦੋਸ਼ ਲਗਾਇਆ ਕਿ ਅੰਦਰ ਜਾਣ ਦੇ ਬਾਵਜੂਦ ਉਸ ਨੂੰ ਰੈਸਟੋਰੈਂਟ ਵਿਚ ਖਾਣਾ ਨਹੀਂ ਦਿੱਤਾ ਗਿਆ ਅਤੇ ਉਹ ਬਿਨਾਂ ਖਾਦਿਆਂ ਹੀ ਉਥੋਂ ਵਾਪਸ ਆ ਗਿਆ

ਦੱਸ ਦਈਏ ਕਿ ਗੁਰਸਿੱਖ ਨੌਜਵਾਨ ਹਰਤੀਰਥ ਸਿੰਘ ਆਹਲੂਵਾਲੀਆ ਇੱਕ ਐਨਜੀਓ ਚਲਾਉਂਦੇ ਹਨ। ਇਸ ਘਟਨਾ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵਲੋਂ ਦੁੱਖ ਪ੍ਰਗਟ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂਗ੍ਰਾਮ ਦੇ ਰੈਸਟੋਰੈਂਟ ਵਿਚ ਵਿੱਚ ਇੱਕ ਗੁਰਸਿੱਖ ਨੂੰ 'ਕਿਰਪਾਨ' ਪਹਿਨਣ ਕਾਰਨ ਦਾਖਲ ਹੋਣ ਤੋਂ ਮਨ੍ਹਾ ਕੀਤੇ ਜਾਣ ਦੀਆਂ ਨਸਲਵਾਦੀ ਘਟਨਾ ਨਿੰਦਣਯੋਗ ਹੈ ਅਤੇ ਘੱਟ ਗਿਣਤੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੀ ਹਨ। ਮੈਂ ਤਾਕੀਦ ਕਰਦਾ ਹਾਂ ਗ੍ਰਹਿ ਵਿਭਾਗ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਨਿਰਦੇਸ਼ ਜਾਰੀ ਕਰੇਗਾ ਕਿ ਅਜਿਹੀਆਂ ਕਾਰਵਾਈਆਂ ਨੂੰ ਦੁਹਰਾਇਆ ਨਾ ਜਾਵੇ। ਮੈਂ ਇਸ ਘਟਨਾ ਦੀ ਸਖਤ ਨਿੰਦਾ ਕਰਦਾ ਹਾਂ।

# ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਵਲੋਂ "ਡਾਕਟਰ ਅੰਬੇਡਕਰ ਦਾ ਸੁਨੇਹਾ" ਕਿਤਾਬ ਤੇ ਪ੍ਰਤੀਯੋਗਤਾ ਕਰਵਾਈ



**ਅੱਪਰਾ (ਜੱਸੀ)–**ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਪ੍ਰਬੁੱਧ ਭਾਰਤ ਫਾਉਂਡੇਸ਼ਨ ਪੰਜਾਬ ਵਲੋਂ ਸਕੂਲ ਮੁਖੀ ਜਸਪਾਲ ਸੰਧੂ ਅਤੇ ਹਰਜਸਕਰਨ ਸੰਧੂ ਦੀ ਅਗਵਾਈ ਵਿੱਚ "ਡਾਕਟਰ ਅੰਬੇਡਕਰ ਦਾ ਸੁਨੇਹਾ" ਕਿਤਾਬ ਉੱਪਰ 14ਵੀਂ ਪੁਸਤਕ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 70 ਬੱਚਿਆਂ ਨੇ ਭਾਗ ਲਿਆ। ਮੌਕੇ ਤੇ ਸੰਤ ਆਤਮਾ ਦਾਸ ਸੰਚਾਲਕ ਡੇਰਾ ਸੰਤ ਟਹਿਲ ਦਾਸ ਅੱਪਰਾ ਵਿਸ਼ੇਸ਼ ਤੌਰ ਤੇ ਬੱਚਿਆਂ ਨੂੰ ਅਸ਼ੀਰਵਾਦ ਦੇਣ ਪੁੱਜੇ ਅਤੇ ਬੱਚਿਆਂ ਲਈ ਚਾਹ ਅਤੇ ਪਕੌੜਿਆਂ ਦੀ ਸੇਵਾ ਕੀਤੀ।

ਇਸ ਸਮਾਗਮ ਦੌਰਾਨ ਹੋਰ ਪਤਵੰਤੇ ਸੱਜਣਾ ਵਿੱਚ ਚੇਅਰਮੈਨ ਕਮਲ ਕੁਮਾਰ, ਮਾਸਟਰ ਯੋਗਰਾਜ ਚੰਦੜ, ਹਰਬੰਸ ਸਿੰਘ ਰਾਣਾ, ਵਿਜੈ ਕੁਮਾਰ,ਸੁਰਜੀਤ ਲਾਲ, ਨਰੇਸ਼ ਕੁਮਾਰ ਨੇ ਵੀ ਸਹਿਯੋਗ ਦਿੱਤਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਮਾਣਕਪੁਰ ਵੱਲੋਂ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਨਾਲ ਮਿਲਕੇ ਪ੍ਰਬੁੱਧ ਭਾਰਤ ਫਾਊਂਡੇਸ਼ਨ ਵਲੋਂ ਕਾਰਵਾਈ ਗਈ 14ਵੀਂ ਲਿਖਤੀ ਪ੍ਰਤੀਯੋਗਿਤਾ ਸਬੰਧੀ ਲਿਖਤੀ ਪੇਪਰ ਕਰਵਾਇਆ ਗਿਆ

**ਰੂਪਨਗਰ–** ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਪਿੰਡ ਮਾਣਕਪੁਰ ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਨੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਨਾਲ ਮਿਲਕੇ ਪ੍ਰਬੁੱਧ ਭਾਰਤ ਫਾਊਂਡੇਸ਼ਨ ਫ਼ਗਵਾੜਾ ਵਲੋਂ ਕਾਰਵਾਈ ਗਈ 14ਵੀਂ ਲਿਖਤੀ ਪ੍ਰਤੀਯੋਗਿਤਾ ਸਬੰਧੀ ਪਿੰਡ ਮਾਣਕਪੁਰ ਵਿਖੇ ਲਿਖਤੀ ਪੇਪਰ ਕਰਵਾਇਆ ਗਿਆ ਜਿਸ ਵਿੱਚ ਨਾਲ ਲੱਗਦੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਪਿੰਡਾਂ ਕਥੇੜਾ, ਦੋਭੇਟਾ, ਮੈਦਾ ਮਾਜਰਾ, ਮੇਘਪੁਰ, ਪੱਟੀ, ਮਾਣਕਪੁਰ, ਰਾਏਪੁਰ, ਸੰਤੋਸ਼ਗੜ੍ਹ ਆਦਿ ਤੋਂ ਲੱਗਭੱਗ 120 ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ! ਇਸ ਮੌਕੇ ਸਰਪੰਚ ਗਿਆਨ ਚੰਦ, ਪ੍ਰਧਾਨ ਤੇਜ ਕੁਮਾਰ, ਤਰਸੇਮ ਲਾਲ, ਡਾਕਟਰ ਜੇ ਐਸ ਕਹਿਲ, ਰਾਮ ਕ੍ਰਿਸ਼ਨ, ਪ੍ਰੰਨੂ ਰਾਮ, ਤੇਜਸ ਕਹਿਲ, ਜਗਤਾਰ ਸਿੰਘ, ਰਤਨ ਚੰਦ, ਗੁਰਦੇਵ ਸਿੰਘ, ਰਵਿੰਦਰ ਕੁਮਾਰ, ਭੁਪਿੰਦਰ ਸਿੰਘ, ਕਮਲਪ੍ਰੀਤ, ਬਲਵਿੰਦਰ ਕੁਮਾਰ ਸਰਪੰਚ ਮੇਘਪੁਰ, ਅਮਰਿੰਦਰ ਸਿੰਘ, ਮਨਦੀਪ ਕੁਮਾਰ, ਸੰਦੀਪ ਕੁਮਾਰ, ਪਿਆਰਾ ਲਾਲ, ਕੁਲਦੀਪ ਚੰਦ, ਪਵਨ ਕੁਮਾਰ, ਨੀਰਜ ਵਾਲਾ, ਬਲਜੀਤ ਕੌਰ, ਜੋਤੀ ਦੇਵੀ, ਪਰਮਜੀਤ ਕੌਰ ਆਦਿ ਹਾਜ਼ਰ ਸਨ। ਇਸ ਮੌਕੇ ਹਾਜਰ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਕਰਵਾਉਣ ਦਾ ਮੁੱਖ ਮੰਤਬ ਬੱਚਿਆਂ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ, ਦੇਸ਼ ਅਤੇ ਸਮਾਜ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਸਕੂਲਾਂ ਦੇ



ਵਿਦਿਆਰਥੀਆਂ ਤੋਂ ਇਲਾਵਾ ਹੋਰ ਵਿਅਕਤੀਆਂ ਵਿਸ਼ੇਸ਼ ਤੌਰ ਤੇ ਮਹਿਲਾਵਾਂ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ ਹੈ। ਇਸ ਮੌਕੇ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਬੱਚਿਆਂ ਪ੍ਰਿੰਸ, ਪ੍ਰੀਤੀ, ਜਸ਼ਨ, ਯੁਵਰਾਜ, ਅਨਿਲ, ਹਰਜੀਤ, ਰਾਜਵੀਰ ਸਿੰਘ, ਵਰੁਣ, ਮੋਹਿਤ, ਸਾਹਿਲ, ਸ਼ਰਨਜੀਤ, ਦੀਪਿਕਾ, ਗੁਰਪ੍ਰੀਤ ਕੌਰ, ਮਨਪ੍ਰੀਤ, ਸਿਮਰਨਜੀਤ, ਕੋਮਲ, ਤਾਨੀਆ ਆਦਿ ਨੇ ਦੱਸਿਆ ਕਿ ਪ੍ਰਬੰਧਕਾ ਵਲੋਂ ਦਿਤੀ ਗਈ ਕਿਤਾਬ "ਡਾਕਟਰ ਅੰਬੇਡਕਰ ਦਾ ਸੁਨੇਹਾ" ਪੜ੍ਹਕੇ ਉਨ੍ਹਾਂ ਨੂੰ ਕਾਫੀ ਜਾਣਕਾਰੀ ਮਿਲੀ ਹੈ ਅਤੇ ਅੱਜ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਦਾ ਸੁਨਿਹਰੀ ਮੌਕਾ ਮਿਲਿਆ ਹੈ। ਇਸ ਮੌਕੇ ਬੱਚਿਆਂ ਦੇ ਮਾਪੇ ਵੀ ਵੱਡੀ ਗਿਣਤੀ ਵਿੱਚ ਹਾਜਰ ਸਨ। ਕਮੇਟੀ ਮੈਂਬਰਾਂ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਵਿਅਕਤੀਆਂ ਲਈ ਉਮਰ ਦੇ ਹਿਸਾਬ ਨਾਲ ਦੋ ਵੱਖ ਵੱਖ ਗਰੁੱਪ ਬਣਾਏ ਗਏ ਹਨ ਅਤੇ ਹਰੇਕ ਗਰੁੱਪ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਰਹਿਣ ਵਾਲੇ ਵਿਅਕਤੀਆਂ ਨੂੰ ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਵਲੋ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਲਈ ਮਿਤੀ 17 ਸਤੰਬਰ ਦਿਨ ਐਤਵਾਰ ਨੂੰ ਇਸ ਸੈਂਟਰ ਵਿੱਚ ਵਿਸ਼ਾਲ ਸਮਾਗਮ ਕੀਤਾ ਜਾਵੇਗਾ ਅਤੇ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਇਨਾਮ ਦਿਤੇ ਜਾਣਗੇ।

**ਕੁਲਦੀਪ ਚੰਦ 9417563054**

# ਕੀ ਰਾਜਪਾਲ ਤੇ ਮੁੱਖ ਮੰਤਰੀ ਦਾ ਟਕਰਾਅ ਪੰਜਾਬ ਦੇ ਹਿੱਤ ਵਿਚ ਹੈ?

**ਵਿਸ਼ੇਸ਼ ਰਿਪੋਰਟ : ਜੇ ਸਿੰਘ 'ਭੜਿਆਰ'**

ਬੀਤੇ ਦਿਨੀਂ ਪੰਜਾਬ ਵਿੱਚ ਨਸ਼ਿਆਂ ਦੇ ਵੱਧ ਰਹੇ ਕਾਰੋਬਾਰ 'ਤੇ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਆਪਣੇ ਪੱਤਰ ਵਿੱਚ ਕਿਹਾ ਸੀ ਕਿ ਸੂਬੇ ਵਿਚ ਨਸ਼ਾ ਆਪਣੇ ਸਿਖਰ 'ਤੇ ਹੈ। ਇਸ ਸੰਬੰਧੀ ਰਾਜਪਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ 'ਖ਼ਤੋ ਖਿਤਾਬਤ' ਨੂੰ ਲੈ ਕੇ ਚੱਲ ਰਹੀ ਤਲਖੀ ਦਰਮਿਆਨ ਰਾਜਪਾਲ ਨੇ ਚਿਤਾਵਨੀ ਦਿੱਤੀ ਸੀ ਕਿ ਉਹ ਸੰਵਿਧਾਨ ਦੀ ਧਾਰਾ 356 ਤਹਿਤ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਰ ਸਕਦੇ ਹਨ। ਪੁਰੋਹਿਤ ਨੇ ਕਿਹਾ ਕਿ ਜੇ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਚਿੱਠੀਆਂ ਦਾ ਜਵਾਬ ਨਾ ਦਿੱਤਾ ਤਾਂ ਉਹ ਆਈਪੀਸੀ ਦੀ ਧਾਰਾ 124 ਤਹਿਤ ਕਾਨੂੰਨੀ ਕਾਰਵਾਈ ਕਰਨਗੇ। ਮੁੱਖ ਮੰਤਰੀ ਨੂੰ ਲਿਖੇ ਸੱਜਰੇ ਪੱਤਰ ਵਿੱਚ ਰਾਜਪਾਲ ਨੇ ਇਸ਼ਾਰਾ ਕੀਤਾ ਕਿ ਉਹ ਪਿਛਲੀਆਂ ਚਿੱਠੀਆਂ ਦਾ ਕੋਈ ਜਵਾਬ ਨਾ ਮਿਲਣ ਤੋਂ ਨਾਰਾਜ਼ ਹਨ। ਪੁਰੋਹਿਤ ਨੇ ਚਿਤਾਵਨੀ ਦਿੱਤੀ ਕਿ ਉਹ ਰਾਸ਼ਟਰਪਤੀ ਨੂੰ ਸੂਬੇ ਵਿਚ 'ਸੰਵਿਧਾਨਕ ਪ੍ਰਬੰਧ ਫੇਲ੍ਹ' ਹੋਣ ਸਬੰਧੀ ਰਿਪੋਰਟ ਭੇਜ ਸਕਦੇ ਹਨ। ਰਾਜਪਾਲ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਇਸ ਤੋਂ ਪਹਿਲਾਂ ਕਿ ਰਾਜ ਭਵਨ ਸੰਵਿਧਾਨ ਦੀ ਧਾਰਾ 356 ਤੇ ਆਈਪੀਸੀ ਦੀ ਧਾਰਾ 124 ਤਹਿਤ ਕੋਈ 'ਅੰਤਿਮ ਫੈਸਲਾ' ਲਏ ਭਗਵੰਤ ਮਾਨ ਲੋੜੀਂਦੀ ਕਾਰਵਾਈ ਕਰਨ। ਕਾਬਿਲੇਗੌਰ ਹੈ ਕਿ ਸੰਵਿਧਾਨ ਦੀ ਧਾਰਾ 356 ਤਹਿਤ ਆਮ ਕਰਕੇ ਰਾਜਪਾਲ ਦੀ ਰਿਪੋਰਟ 'ਤੇ ਕਿਸੇ ਵੀ ਸੂਬੇ ਨੂੰ ਸਿੱਧੇ ਕੇਂਦਰ ਦੇ ਰਾਜ ਹੇਠ ਲਿਆਂਦਾ ਜਾ ਸਕਦਾ ਹੈ ਜਦੋਂਕਿ ਆਈਪੀਸੀ ਦੀ ਧਾਰਾ 124 ਰਾਸ਼ਟਰਪਤੀ ਜਾਂ ਰਾਜਪਾਲ ਨੂੰ ਉਨ੍ਹਾਂ ਦੀਆਂ ਕਾਨੂੰਨੀ ਤਾਕਤਾਂ ਦੇ ਇਸਤੇਮਾਲ ਤੋਂ ਰੋਕਣ ਨਾਲ ਸਬੰਧਤ ਹੈ। ਰਾਜਪਾਲ ਵੱਲੋਂ ਲਿਖੇ ਸੱਜਰੇ ਪੱਤਰ ਦਾ ਲਹਿਜਾ ਬੜਾ ਸਖ਼ਤ ਦਿਖਾਈ ਦੇ ਰਿਹਾ ਹੈ।



ਆਪਣੇ ਪੱਤਰ ਵਿੱਚ ਰਾਜਪਾਲ ਨੇ ਲਿਖਿਆ ਹੈ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ-167 ਦੇ ਉਪਬੰਧ ਅਨੁਸਾਰ ਰਾਜਪਾਲ ਵਲੋਂ ਰਾਜ ਦੇ ਪ੍ਰਸ਼ਾਸਨਿਕ ਮਾਮਲਿਆਂ ਬਾਰੇ ਮੰਗੀ ਗਈ ਜਾਣਕਾਰੀ ਮੁਹੱਈਆ ਕਰਵਾਉਣੀ ਲਾਜ਼ਮੀ ਹੈ। ਇਸ ਦੇ ਨਾਲ ਹੀ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ 28 ਫਰਵਰੀ 2023 ਨੂੰ ਰਹਿਮ ਦੀ ਅਪੀਲ 'ਤੇ ਸੁਪਰੀਮ ਕੋਰਟ ਦੀ ਟਿੱਪਣੀ ਦਾ ਵੀ ਹਵਾਲਾ ਦਿੱਤਾ ਸੀ। ਜਿਸ ਬਾਰੇ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਮੁੱਖ ਮੰਤਰੀ ਅਤੇ ਰਾਜਪਾਲ ਦੋਵੇਂ ਸੰਵਿਧਾਨਕ ਅਧਿਕਾਰੀ ਹਨ ਤੇ ਦੋਵਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸੰਵਿਧਾਨ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਹਨ। ਹਾਲ ਹੀ ਵਿੱਚ, ਨਾਰਕੋਟਿਕਸ ਕੰਟਰੋਲ ਬਿਊਰੋ ਅਤੇ ਚੰਡੀਗੜ੍ਹ ਪੁਲਿਸ ਨੇ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਨਸ਼ੇ ਵੇਚਣ ਵਾਲੇ 66 ਸ਼ਰਾਬ ਦੇ ਠੇਕਿਆਂ ਨੂੰ ਸੀਲ ਕੀਤਾ ਸੀ। ਰਾਜਪਾਲ ਦਾ ਇਹ ਵੀ ਕਹਿਣਾ ਹੈ ਕਿ ਸੰਸਦ ਦੀ ਸਥਾਈ ਕਮੇਟੀ ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ ਪੰਜਾਬ ਵਿੱਚ ਹਰ ਪੰਜ ਵਿੱਚੋਂ ਇੱਕ ਵਿਅਕਤੀ ਨਸ਼ੇ ਦਾ ਆਦੀ ਹੈ। ਇਹ ਤੱਥ ਪੰਜਾਬ ਵਿੱਚ ਅਮਨ-ਕਾਨੂੰਨ ਦੀ ਟੁੱਟ-ਭੱਜ ਸਥਿਤੀ ਵੱਲ ਇਸ਼ਾਰਾ ਕਰਦੇ ਹਨ। ਰਾਜਪਾਲ ਨੇ ਆਪਣੇ ਲੰਬੇ ਪੱਤਰ ਵਿੱਚ ਲਿਖਿਆ ਹੈ ਕਿ ਸੂਬੇ ਵਿੱਚ ਪਿੰਡ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਸੜਕਾਂ 'ਤੇ ਆ ਕੇ ਰੋਸ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਨਸ਼ਿਆਂ ਤੋਂ ਬਚਾਉਣ ਲਈ ਆਪਣੇ ਪਿੰਡ ਬਚਾਓ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਹੈ।

### ਰਾਸ਼ਟਰਪਤੀ ਰਾਜ ਦਾ ਕੀ ਹੈ ਸੰਵਿਧਾਨ

ਸੰਵਿਧਾਨ ਦੀ ਧਾਰਾ-356 ਦੇ ਤਹਿਤ, ਕੇਂਦਰ ਸਰਕਾਰ ਨਾਗਰਿਕ ਅਸ਼ਾਂਤੀ ਅਤੇ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਨਾਲ ਨਜਿੱਠਣ ਵਿੱਚ ਅਸਫਲ ਰਹਿਣ ਦੇ ਮੱਦੇਨਜ਼ਰ ਕਿਸੇ ਵੀ ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਲਗਾਉਣ ਦਾ ਅਧਿਕਾਰ ਦਿੰਦੀ ਹੈ। ਪ੍ਰਸਿੱਧ ਹਾਈਕੋਰਟ ਵਕੀਲ ਰਾਜਵਿੰਦਰ ਬੈਂਸ ਦਾ ਕਹਿਣਾ ਹੈ ਕਿ, "ਸੰਵਿਧਾਨ ਵਿੱਚ ਰਾਸ਼ਟਰਪਤੀ ਦੀ ਸਿਫਾਰਸ਼ 'ਤੇ ਰਾਜ ਸਰਕਾਰ ਨੂੰ ਭੰਗ ਕਰਨ ਅਤੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਵਿਵਸਥਾ ਹੈ। ਪਰ ਸੰਵਿਧਾਨਕ ਵਿਵਸਥਾ ਇਹ ਵੀ ਹੈ ਕਿ ਰਾਜਪਾਲ ਪੰਜਾਬ ਸਰਕਾਰ ਦੇ ਕਾਰਜਾਂ ਵਿਚ ਦਖਲਅੰਦਾਜ਼ੀ ਨਹੀਂ ਕਰ ਸਕਦਾ।"

### ਪੱਤਰ ਦਾ ਜਵਾਬ ਨਾ ਦੇਣ ਤੋਂ ਨਾਰਾਜ਼ ਰਾਜਪਾਲ

ਰਾਜ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਜ ਭਵਨ ਤੋਂ ਹੁਣ ਤੱਕ ਭੇਜੇ ਗਏ ਕਿਸੇ ਵੀ ਪੱਤਰ ਦਾ ਜਵਾਬ ਨਾ ਦੇਣ ਤੋਂ ਨਾਰਾਜ਼ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਕਰਦੇ ਹੋਏ ਲਿਖਿਆ ਕਿ ਮੁੱਖ ਮੰਤਰੀ ਦੀ ਕਾਰਜਸ਼ੈਲੀ 'ਤੇ ਕਈ ਸਵਾਲੀਆ ਨਿਸ਼ਾਨ ਖੜ੍ਹੇ ਹੋ ਗਏ ਹਨ। ਰਾਜਪਾਲ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਰਾਜ ਭਵਨ ਨੂੰ ਜਾਣਬੁੱਝ ਕੇ ਨਹੀਂ ਦਿੱਤੇ ਜਾ ਰਹੇ ਹਨ। ਬਨਵਾਰੀਲਾਲ ਪੁਰੋਹਿਤ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਮੰਗੀ ਗਈ ਜਾਣਕਾਰੀ ਮੁਹੱਈਆ ਕਰਵਾਉਣ ਦੀ ਥਾਂ, ਮੁੱਖ ਮੰਤਰੀ ਨੇ ਬੇਲੋੜੀ ਅਤੇ ਗੈਰ-ਜ਼ਰੂਰੀ ਟਿੱਪਣੀਆਂ ਕਰਕੇ ਬੇਰੁਖ਼ੀ ਦਾ ਪ੍ਰਗਟਾਵਾ ਕੀਤਾ ਹੈ, ਜਿਸ ਨੂੰ ਨਾ ਸਿਰਫ਼ ਉਨ੍ਹਾਂ ਦੀ ਸ਼ਖ਼ਸੀਅਤ, ਸਗੋਂ ਰਾਜਪਾਲ ਦਫ਼ਤਰ ਪ੍ਰਤੀ ਅਪਮਾਨ ਕਿਹਾ ਜਾ ਸਕਦਾ ਹੈ। ਇਹ ਸੁਪਰੀਮ ਕੋਰਟ ਦੇ ਹੁਕਮ ਦੇ ਵੀ ਉਲਟ ਹੈ।

### ਮੰਤਰੀ ਭਗਵੰਤ ਮਾਨ ਵਲੋਂ ਮੋੜਵਾਂ ਜਵਾਬ

ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸੂਬੇ ਵਿਚ ਰਾਸ਼ਟਰਪਤੀ ਸ਼ਾਸਨ ਲਗਾਉਣ ਸਬੰਧੀ ਦਿੱਤੀ ਚਿਤਾਵਨੀ ਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਰਾਜਪਾਲ ਅਜਿਹੀਆਂ ਧਮਕੀਆਂ ਨਾਲ ਪੰਜਾਬ ਦੇ ਅਮਨ ਪਸੰਦ ਤੇ ਮਿਹਨਤਕਸ਼ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ, ਪਰ ਉਹ ਰਾਜਪਾਲ ਦੀਆਂ ਧਮਕੀਆਂ ਅੱਗੇ ਝੁਕਣ ਵਾਲੇ ਨਹੀਂ ਹਨ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਨੂੰ ਸੂਬੇ ਦੇ ਸਾਢੇ ਤਿੰਨ ਕਰੋੜ ਲੋਕਾਂ ਨੇ ਚੁਣ ਕੇ ਭੇਜਿਆ ਹੈ ਅਤੇ ਉਹ ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਨਾਲ ਕੋਈ ਸਮਝੌਤਾ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਰਾਜਪਾਲ ਕਹਿ ਰਹੇ ਹਨ ਕਿ ਸੂਬਾ ਸਰਕਾਰ ਨੇ ਉਨ੍ਹਾਂ ਦੀਆਂ ਚਿੱਠੀਆਂ ਦਾ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਰਾਜਪਾਲ ਨੇ ਸੂਬਾ ਸਰਕਾਰ ਨੂੰ 15 ਚਿੱਠੀਆਂ ਲਿਖੀਆਂ ਸਨ, ਜਿਨ੍ਹਾਂ ਵਿਚੋਂ 9 ਚਿੱਠੀਆਂ ਦਾ ਜਵਾਬ ਪੰਜਾਬ ਸਰਕਾਰ ਨੇ ਦੇ ਦਿੱਤਾ ਹੈ ਅਤੇ ਬਾਕੀ 6 ਚਿੱਠੀਆਂ ਦੇ ਜਵਾਬ ਤਿਆਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਡੇਢ ਸਾਲ ਵਿਚ ਛੇ ਬਿੱਲ ਵਿਧਾਨ ਸਭਾ 'ਚ ਪਾਸ ਕੀਤੇ ਹਨ ਪਰ ਰਾਜਪਾਲ ਨੇ ਅਜੇ ਤੱਕ ਇਨ੍ਹਾਂ ਬਿੱਲਾਂ ਨੂੰ ਪਾਸ ਕਰਨ ਦੀ ਥਾਂ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਮਾਨ ਨੇ ਕਿਹਾ ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਸੂਬੇ ਦੀ ਸਰਕਾਰ ਲੋਕਾਂ ਨੂੰ ਮੁਫ਼ਤ ਬਿਜਲੀ, ਚੰਗੀ ਸਿੱਖਿਆ, ਸਿਹਤ ਸੇਵਾਵਾਂ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਏਜੰਡੇ ਉਤੇ ਦਿਨ-ਰਾਤ ਕੰਮ ਕਰ ਰਹੀ ਹੈ ਅਤੇ ਉਸ ਸੂਬੇ ਦਾ ਰਾਜਪਾਲ ਸਰਕਾਰ ਨੂੰ ਡੇਗਣ ਦੀਆਂ ਚਾਲਾਂ ਚੱਲ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਜਾਣ ਬੁਝ ਕੇ ਸੂਬਾ ਸਰਕਾਰ ਨੂੰ ਪ੍ਰੇਸ਼ਾਨ ਕਰ ਰਹੇ ਹਨ। ਰਾਜਪਾਲ ਨੂੰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਗੱਦੀ ਤੋਂ ਲਾਹੁਣ ਦੀਆਂ ਧਮਕੀਆਂ ਦੇਣ ਦਾ ਕੋਈ ਹੱਕ ਨਹੀਂ ਹੈ। ਉਹ ਇਹ ਸਭ ਕੁਝ ਕੇਂਦਰ ਵਿੱਚ ਬੈਠੇ ਆਕਾਵਾਂ ਨੂੰ ਖੁਸ਼ ਕਰਨ ਲਈ ਕਰ ਰਹੇ ਹਨ। ਇਸੇ ਤਰ੍ਹਾਂ ਦੇਸ਼ ਦੇ ਗੈਰ-ਭਾਜਪਾ ਸਰਕਾਰਾਂ ਵਾਲੇ ਸੂਬਿਆਂ ਦਿੱਲੀ, ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ ਆਦਿ ਵਿੱਚ ਵੀ ਰਾਜਪਾਲ ਸੂਬਾ ਸਰਕਾਰਾਂ ਦੇ ਕੰਮਾਂ ਵਿੱਚ ਦਖਲ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮਨੀਪੁਰ ਅਤੇ ਹਰਿਆਣਾ ਦੇ ਨੂਹ ਤੇ ਮੇਵਾਤ 'ਚ ਹਿੰਸਕ ਘਟਨਾਵਾਂ ਹੋਣ ਦੇ ਬਾਵਜੂਦ ਉੱਥੇ ਦੇ ਰਾਜਪਾਲਾਂ ਨੇ ਚੁੱਪ ਧਾਰ ਰੱਖੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਦਾ ਕੰਮ ਸੂਬਾ ਤੇ ਕੇਂਦਰ ਸਰਕਾਰ ਵਿਚਕਾਰ ਪੁਲ ਦਾ ਹੁੰਦਾ ਹੈ ਪਰ ਉਹ ਕਦੇ ਵੀ ਪੰਜਾਬ ਦੇ ਹੱਕਾਂ ਲਈ ਪੁਲ ਨਹੀਂ ਬਣੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਅਮਨ-ਕਾਨੂੰਨ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਵੱਡੇ ਪੱਧਰ 'ਤੇ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦਿਆਂ 17,623 ਕੇਸ ਦਰਜ ਕਰਕੇ 23,518 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਹਨ ਤੇ 1,627 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਨਸ਼ਾ ਤਸਕਰਾਂ ਤੋਂ 13.29 ਕਰੋੜ ਰੁਪਏ ਬਰਾਮਦ ਕਰਕੇ 66 ਦੀ ਜਾਇਦਾਦ ਜ਼ਬਤ ਕੀਤੀ ਜਾ ਚੁੱਕੀ ਹੈ। ਪੁਲੀਸ ਨੇ ਹੁਣ ਤੱਕ 753 ਖਤਰਨਾਕ ਗੈਂਗਸਟਰ ਵੀ ਗ੍ਰਿਫ਼ਤਾਰ ਕੀਤੇ ਹਨ।

### ਅਕਾਲੀ ਦਲ ਬਾਦਲ ਰਾਸ਼ਟਰਪਤੀ ਸ਼ਾਸਨ ਲਾਉਣ ਦੇ ਖ਼ਿਲਾਫ਼

ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਇਸ ਟਕਰਾਅ ਬਾਰੇ ਵੱਖਰੀ ਰਾਏ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਸੀਂ ਸੂਬੇ ਵਿਚ ਰਾਸ਼ਟਰਪਤੀ ਸ਼ਾਸਨ ਲਾਉਣ ਦੇ ਖ਼ਿਲਾਫ਼ ਹਾਂ। ਸਾਡੀ ਪਾਰਟੀ ਅਨੰਦਪੁਰ ਸਾਹਿਬ ਮਤੇ ਦੀ ਹਮਾਇਤ ਵਿਚ ਹੈ, ਜਿਸ 'ਚ ਸੂਬਿਆਂ ਨੂੰ ਵਾਧੂ ਅਧਿਕਾਰ ਦੇਣ ਦੀ ਗੱਲ ਕਹੀ ਗਈ ਹੈ।

## ਰਾਜਪਾਲ ਨੂੰ ਸਰਕਾਰ ਤੋਂ ਸਵਾਲ ਪੁੱਛਣ ਦਾ ਪੂਰਾ ਅਧਿਕਾਰ : ਜਾਖੜ

**ਚੰਡੀਗੜ੍ਹ–**ਮੁੱਖ ਮੰਤਰੀ ਦੇ ਆਪਣੇ ਰਾਜ ਦੇ ਰਾਜਪਾਲ ਪ੍ਰਤੀ ਟਕਰਾਅ ਵਾਲੇ ਰਵੱਈਏ ਨੂੰ ਪੂਰੀ ਤਰ੍ਹਾਂ ਗੈਰ-ਪੇਸ਼ੇਵਰ, ਬੇਲੋੜਾ ਅਤੇ ਗੈਰ-ਜ਼ਰੂਰੀ ਕਰਾਰ ਦਿੰਦਿਆਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸ਼ਨੀਵਾਰ ਨੂੰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਗਵੰਤ ਮਾਨ ਦੀਆਂ ਸਾਰੀਆਂ ਕੋਸ਼ਿਸ਼ਾਂ ਪੂਰੀ ਤਰ੍ਹਾਂ ਨਾਲ ਸਰਕਾਰ ਦੀਆਂ ਪ੍ਰਸ਼ਾਸ਼ਨਿਕ ਨਕਾਮੀਆਂ ਨੂੰ ਛੁਪਾਉਣ ਲਈ ਹਨ।

ਜਿਸ ਕੌੜੀ ਸਚਾਈ ਨੂੰ ਮੁੱਖ ਮੰਤਰੀ ਖੋਖਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਇਹ ਹੈ ਕਿ ਪੰਜਾਬ ਦੇ ਲੋਕਾਂ ਵਿੱਚ ਡਰ ਅਤੇ ਬੇਵਸੀ ਦਾ ਮਾਹੌਲ ਹੈ ਕਿਉਂਕਿ ਜੇਲ੍ਹਾਂ ਦੇ ਅੰਦਰੋਂ ਗੈਂਗਸਟਰ ਰਾਜ ਕਰ ਰਹੇ ਹਨ ਅਤੇ ਇੱਥੋਂ ਤੱਕ ਕਿ ਛੋਟੇ ਦੁਕਾਨਦਾਰਾਂ ਨੂੰ ਫਿਰੌਤੀ ਦੀਆਂ ਕਾਲਾਂ ਆ ਰਹੀਆਂ ਹਨ। ਨਸ਼ੇ ਦੀ ਜ਼ਿਆਦਾ ਵਰਤੋਂ ਕਾਰਨ ਮੌਤਾਂ ਦੀਆਂ ਰੋਜ਼ਾਨਾ ਰਿਪੋਰਟਾਂ ਆਉਂਦੀਆਂ ਹਨ, ਪੁਲਿਸ ਅਧਿਕਾਰੀ ਜ਼ਮਾਨਤ 'ਤੇ ਆਏ ਗੈਂਗਸਟਰਾਂ ਦੀਆਂ ਜਨਮ ਦਿਨ ਪਾਰਟੀਆਂ 'ਤੇ ਦੇਖੇ ਜਾਂਦੇ ਹਨ। ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਅਸਲੀਅਤ ਤੋਂ ਭੱਜ ਰਹੇ ਹਨ ਅਤੇ ਸਿਰਫ ਇਸ਼ਤਿਹਾਰਾਂ ਰਾਹੀਂ ਆਪਣੀ ਛਵੀ ਬਣਾਉਣ ਵਿੱਚ ਦਿਲਚਸਪੀ ਰੱਖਦੇ ਹਨ। ਮੁੱਖ ਮੰਤਰੀ ਦੀ ਪ੍ਰੈਸ ਕਾਨਫਰੰਸ ਨੂੰ ਲੋਕਾਂ ਦਾ ਧਿਆਨ ਭਟਕਾਉਣ ਦਾ ਇੱਕ ਹੋਰ ਡਰਾਮਾ ਕਰਾਰ ਦਿੰਦਿਆਂ ਜਾਖੜ ਨੇ ਸਵਾਲ ਕੀਤਾ ਕਿ ਮੁੱਖ ਮੰਤਰੀ ਨੂੰ ਮਾਨਯੋਗ ਰਾਜਪਾਲ ਨੂੰ ਮਿਲਣ ਅਤੇ ਉਹ ਜਾਣਕਾਰੀ ਦੇਣ ਵਿਚ ਕੀ ਇਤਰਾਜ ਹੈ ਜੋ ਉਹ ਟੈਲੀਵਿਜ਼ਨ ਤੇ ਦੱਸਦੇ ਰਹਿੰਦੇ ਹਨ।

ਰਾਜ ਦੇ ਇੱਕ ਸੰਵਿਧਾਨਕ ਮੁਖੀ ਕੋਲ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਆਪਣੀ ਸਰਕਾਰ ਤੋਂ ਸਵਾਲ ਪੁੱਛਣ ਦਾ ਪੂਰਾ ਅਧਿਕਾਰ ਹੈ। ਜਾਖੜ ਨੇ ਦੁਹਰਾਉਂਦੇ ਹੋਏ ਕਿਹਾ ਕਿ ਇਹ ਬਚਕਾਨਾ ਪਹੁੰਚ ਇੱਕ ਪ੍ਰਸ਼ਾਸਨਿਕ ਅਣਹੋਂਦ ਵੱਲ ਦੇਖ ਰਹੇ ਰਾਜ ਲਈ ਮਾੜੀ ਹੈ। "ਅਸੀਂ ਇਸ ਨੂੰ ਹਾਲ ਹੀ ਵਿੱਚ ਹੜ੍ਹਾਂ ਦੌਰਾਨ ਦੇਖਿਆ ਹੈ। ਜਿਸ ਤਰ੍ਹਾਂ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਆਪਣੇ ਗੰਭੀਰ ਫਰਜਾਂ ਨੂੰ ਨਿਭਾਉਣ ਵਿਚ ਅਸਮਰਥ ਰਹੀ ਹੈ ਤੇ ਲੋਕਾਂ ਨੇ ਇਸ ਡਰਾਵਣੇ ਮੰਜ਼ਰ ਨੂੰ ਨੇੜਿਓਂ ਵੇਖਿਆ ਹੈ।

ਸਾਡੇ ਤਾਂ ਇਹ ਸਿਸਟਮ ਹੈ ਜਿੱਥੇ ਇੱਕ ਆਮ ਵਿਅਕਤੀ ਵੀ ਆਰ.ਟੀ.ਆਈ. ਰਾਹੀਂ ਜਾਣਕਾਰੀ ਮੰਗ ਸਕਦਾ ਹੈ। ਰਾਜਪਾਲ ਵਲੋਂ ਉਠਾਏ ਗਏ ਸਵਾਲ ਜਾਇਜ਼ ਹਨ ਅਤੇ ਮੁੱਖ ਮੰਤਰੀ ਨੂੰ ਇੱਕ ਪੱਤਰ ਰਾਹੀਂ ਇਨਾਂ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ। ਇਸ ਨੂੰ ਜਨਤਕ ਤਮਾਸ਼ੇ ਵਿੱਚ ਬਦਲਣ ਦਾ ਇਹ ਰਾਹ ਚੁਣਨਾ ਦੁਹਰਾਉਂਦਾ ਹੈ ਕਿ ਮੁੱਖ ਮੰਤਰੀ ਨੇ ਇੱਕ ਸਾਲ ਤੋਂ ਵੱਧ ਸਮੇਂ ਵਿੱਚ ਆਪਣੀਆਂ ਅਸਫਲਤਾਵਾਂ ਤੋਂ ਕੁਝ ਨਹੀਂ ਸਿੱਖਿਆ ਹੈ।

# 32ਵਾਂ ਮੇਲਾ .ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਅਜੋਕੀਆਂ ਚੁਣੌਤੀਆਂ ਨੂੰ ਸਮਰਪਿਤ ਹੋਏਗਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਅਤੇ ਉਸ ਉਪਰੰਤ ਜਨਰਲ ਬਾਡੀ ਦੀਆਂ ਹੋਈਆਂ ਮੀਟਿੰਗਾਂ 'ਚ ਗੰਭੀਰ ਵਿਚਾਰ-ਚਰਚਾ ਉਪਰੰਤ ਫੈਸਲਾ ਕੀਤਾ ਗਿਆ ਕਿ, 'ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਅਜੋਕੀਆਂ ਚੁਣੌਤੀਆਂ ਨੂੰ ਸਮਰਪਤ ਕੀਤਾ ਜਾਏਗਾ 32ਵਾਂ ਮੇਲਾ ਗ਼ਦਰੀ ਬਾਬਿਆਂ ਦਾ।'



ਦੋਵੇਂ ਮੀਟਿੰਗਾਂ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਪਹਿਲੀ ਨਵੰਬਰ ਨੂੰ ਸਿਖਰਾਂ ਛੋਹਣ ਵਾਲੇ ਮੇਲੇ 'ਚ ਸਵੇਰੇ 10 ਵਜੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਦਾ ਕਰਨਗੇ ਅਤੇ ਮੇਲੇ ਨੂੰ ਸੰਬੋਧਨ ਕਰਨਗੇ।

ਜਨਰਲ ਸਕੱਤਰ, ਪ੍ਰਧਾਨ ਦੇ ਸੰਬੋਧਨ ਉਪਰੰਤ ਝੰਡੇ ਦਾ ਗੀਤ, ਗੀਤ-ਸੰਗੀਤ, ਵੱਖ-ਵੱਖ ਕਲਾ-ਵੰਨਗੀਆਂ, ਭਾਸ਼ਣ, ਵਿਚਾਰ-ਚਰਚਾ ਅਤੇ ਪਹਿਲੀ ਨਵੰਬਰ ਦੀ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਹੋਏਗੀ। ਇਹ ਮੇਲਾ ਨਿਰੰਤਰ 2 ਨਵੰਬਰ ਸਰਘੀ ਵੇਲੇ ਤੱਕ ਜਾਰੀ ਰਹੇਗਾ। 30 ਅਕਤੂਬਰ ਪੁਸਤਕ ਮੇਲਾ ਸਵੇਰੇ ਹੀ ਆਉਣ ਵਾਲੇ ਸਾਹਿਤ ਪ੍ਰੇਮੀਆਂ ਨੂੰ ਬਾਹਵਾਂ ਫੈਲਾ ਕੇ ਜੀ ਆਇਆਂ ਕਹੇਗਾ। ਪੁਸਤਕ ਮੇਲੇ ਦੇ ਪੰਡਾਲ 'ਚ ਹੀ 30 ਅਕਤੂਬਰ ਦੀ ਸ਼ਾਮ: ਪੁਸਤਕ ਸਭਿਆਚਾਰ ਦੇ ਨਾਮ ਹੋਏਗੀ।

ਮੇਲੇ ਦਾ ਵਿਸ਼ੇਸ਼ ਆਕਰਸ਼ਣ ਹੋਏਗੀ ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ, ਜੋ 30 ਅਕਤੂਬਰ ਤੋਂ 2 ਨਵੰਬਰ ਸਵੇਰ ਤੱਕ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ ਹਾਲ ਵਿੱਚ ਲੱਗੀ ਰਹੇਗੀ। 31 ਅਕਤੂਬਰ ਕੁਇਜ਼, ਪੇਟਿੰਗ ਮੁਕਾਬਲਾ ਅਤੇ ਠੀਕ 2 ਵਜੇ ਤੋਂ ਸ਼ਾਮ 4 ਵਜੇ ਤੱਕ ਗ਼ਦਰੀ ਬਾਬਿਆਂ ਦੇ ਮੇਲੇ ਦਾ ਸੁਨੇਹਾ ਕੌਮੀ ਸਾਹਿਤਕੀ/ਸਭਿਆਚਾਰਕ ਮੰਚ 'ਤੇ ਲਿਜਾਣ ਲਈ ਦੇਸ਼ ਦੇ ਪ੍ਰਮੁੱਖ ਬੁੱਧੀਜੀਵੀ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਅਤੇ ਇਸ ਮੁਲਕ ਉਪਰ ਫ਼ਿਰਕੂ ਫਾਸ਼ੀਵਾਦ, ਸਾਮਰਾਜੀਆਂ ਅਤੇ ਉਹਨਾਂ ਦੇ ਹਿੱਤ-ਪਾਲਕਾਂ ਦੇ ਮਾਰੂ ਚੌਤਰਫ਼ੇ ਹੱਲੇ ਬਾਰੇ ਵਿਚਾਰਾਂ ਕਰਨਗੇ ਅਤੇ ਮੁਲਕ ਦੇ ਅੰਬਰ 'ਤੇ ਛਾਈਆਂ ਕਾਲੀਆਂ ਘਟਾਵਾਂ ਖ਼ਿਲਾਫ਼ ਆਵਾਮ ਨੂੰ ਚੇਤਨ ਭੂਮਿਕਾ ਨਿਭਾਉਣ ਲਈ ਅੱਗੇ ਆਉਣ ਵਾਸਤੇ ਪ੍ਰੇਰਿਤ ਕਰਨਗੇ। ਸ਼ਾਮ 4 ਤੋਂ 6 ਵਜੇ ਤੱਕ ਕਵੀ ਦਰਬਾਰ ਉਪਰੰਤ ਫ਼ਿਲਮ ਸ਼ੋਅ ਹੋਏਗਾ।



ਮੀਟਿੰਗ 'ਚ ਲਏ ਫੈਸਲੇ ਮੁਤਾਬਕ ਪੰਜਾਬ ਦੀਆਂ ਸਮੂਹ ਸਰਕਾਰੀ, ਨਿੱਜੀ ਯੂਨੀਵਰਸਿਟੀਆਂ ਨੂੰ ਅਪੀਲ-ਪੱਤਰ ਭੇਜਿਆ ਜਾਏਗਾ ਕਿ ਉਹ ਮਹਾਨ ਆਜ਼ਾਦੀ ਸੰਗਰਾਮੀਆਂ ਦੀ ਯਾਦ 'ਚ ਹੋਣ ਵਾਲੇ ਉੱਤਰੀ ਭਾਰਤ ਦੇ ਪ੍ਰਮੁੱਖ ਸਭਿਆਚਾਰਕ ਉਤਸਵ, 'ਮੇਲਾ ਗ਼ਦਰੀ ਬਾਬਿਆਂ ਦਾ' ਧਿਆਨ ਰੱਖਦਿਆਂ ਯੂਥ ਫੈਸਟੀਵਲਾਂ ਦੀ ਸਮਾਂ-ਸਾਰਣੀ ਨਾ ਬਣਾਉਣ। 32ਵੇਂ ਮੇਲੇ ਮੌਕੇ ਗ਼ਦਰੀ ਬਾਬਿਆਂ ਸਮੂਹ ਦੇਸ਼ ਭਗਤਾਂ ਦੇ ਘੱਟੋ-ਘੱਟ 32 ਪਿੰਡਾਂ ਨੂੰ ਚੁਣਕੇ ਉਥੇ ਤਿਆਰੀ, ਲਾਮਬੰਦੀ ਅਤੇ ਸਹਾਇਤਾ ਇਕੱਤਰ ਕਰਨ ਦੀ ਮੁਹਿੰਮ ਚਲਾਈ ਜਾਏਗੀ। ਅੱਜ ਦੀ ਮੀਟਿੰਗ ਦਾ ਆਗਾਜ਼ ਇਨ-ਕਲਾਬੀ ਗਾਇਕ ਗ਼ਦਰ, ਵਿਜੈ ਮਿਸ਼ਰਾ, ਸ਼ਿਵ ਨਾਥ, ਬਾਰੂ ਸਤਬਰਗ ਮਹਿਰਾਜ, ਮਾਸਟਰ ਤਰਲੋਚਨ ਸਮਰਾਲਾ, ਨਿਰੰਜਣ ਸਿੰਘ ਕੁੱਲੇਵਾਲ ਗੜ੍ਹਸ਼ੰਕਰ, ਪ੍ਰੀਤਮ ਸਿੰਘ ਮੰਡੇਰ ਸੰਗਰੂਰ, ਅਧਿਆਪਕਾ ਰਵਿੰਦਰ ਕੌਰ ਬੱਦੋਵਾਲ, ਕਾ. ਠਾਣਾ ਸਿੰਘ, ਜਗਸੀਰ ਸਿੰਘ ਕੁਸ਼ਲਾ, ਐਸ.ਜੀ.ਜੀ.ਐਸ ਖਾਲਸਾ ਕਾਲਜ ਮਾਹਿਲਪੁਰ ਦੇ ਦਿਲਪ੍ਰੀਤ ਸਿੰਘ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਦੇਣ ਨਾਲ ਹੋਇਆ। ਇਹ ਫੈਸਲਾ ਵੀ ਕੀਤਾ ਗਿਆ ਕਿ ਸਮੂਹ ਜਨਤਕ ਜਮਹੂਰੀ ਜੱਥੇਬੰਦੀਆਂ ਅਤੇ ਦੇਸ਼ ਭਗਤਾਂ ਦੇ ਪਿੰਡਾਂ 'ਚ ਸਰਗਰਮ ਕਮੇਟੀਆਂ ਦੇ ਪ੍ਰਤੀਨਿੰਧਾਂ ਦੀ ਦੇਸ਼ ਭਗਤ ਯਾਦਗਾਰ ਹਾਲ ਮੀਟਿੰਗ ਕਰਕੇ ਉਹਨਾਂ ਨੂੰ ਮੇਲਾ ਸਫ਼ਲ ਬਣਾਉਣ ਲਈ ਸਹਿਯੋਗ ਦੀ ਅਪੀਲ ਕੀਤੀ ਜਾਏਗੀ।

# ਸੰਤ ਸੀਚੇਵਾਲ ਦੀ ਯੂਕੇ ਫੇਰੀ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬ) ਯੂਕੇ ਦੇ ਪ੍ਰਧਾਨ ਬਲਿਹਾਰ ਸਿੰਘ ਰਾਮੇਵਾਲ ਦੇ ਗ੍ਰਹਿ ਵਿਖੇ ਹੋਈਆਂ ਵਿਚਾਰਾਂ

**ਬਰਮਿੰਘਮ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਇਹਨੀਂ ਦਿਨੀਂ ਰਾਜ ਸਭਾ ਮੈਂਬਰ ਪੰਜਾਬ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਯੂਕੇ ਫੇਰੀ 'ਤੇ ਆਏ ਹੋਏ ਹਨ। ਉਹਨਾਂ ਵੱਲੋਂ ਕੀਤੀਆਂ ਜਾ ਰਹੀਆਂ



ਮੁਲਾਕਾਤਾਂ ਦੇ ਸਿਲਸਿਲੇ ਤਹਿਤ ਸ਼੍ਰੋਮਣੀ ਅਕਾਲੀ ਦਲ (ਬ) ਯੂਕੇ ਦੇ ਪ੍ਰਧਾਨ ਬਲਿਹਾਰ ਸਿੰਘ ਰਾਮੇਵਾਲ ਦੇ ਗ੍ਰਹਿ ਵਿਖੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ। ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬਲਿਹਾਰ ਸਿੰਘ ਰਾਮੇਵਾਲ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੂੰ ਆਪਣੇ ਗ੍ਰਹਿ ਵਿਖੇ ਪਹੁੰਚਣ ਦਾ ਸੱਦਾ ਦਿੱਤਾ ਗਿਆ ਸੀ। ਉਸ ਸੱਦੇ ਨੂੰ ਪ੍ਰਵਾਨ ਕਰਦਿਆਂ ਸੰਤ ਬਲਬੀਰ ਸਿੰਘ ਸੀਚੇਵਾਲ, ਲੇਖਕ ਤੇ ਧਾਰਮਿਕ ਬੁਲਾਰਾ ਭਗਵਾਨ ਸਿੰਘ ਜੌਹਲ, ਸੰਤੋਖ ਸਿੰਘ ਰੰਧਾਵਾ ਬਲਿਹਾਰ ਸਿੰਘ ਰਾਮੇਵਾਲ ਦੀ ਮਹਿਮਾਨਨਿਵਾਜ਼ੀ ਮਾਨਣ ਤੇ ਵਿਚਾਰਾਂ ਕਰਨ ਪਹੁੰਚੇ। ਇਸ ਸਮੇਂ ਜਿੱਥੇ ਪੰਜਾਬ ਨੂੰ ਦਰਪੇਸ਼ ਆ ਰਹੀਆਂ ਕਦਮ ਦਰ ਕਦਮ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਚਰਚਾ ਹੋਈ ਉੱਥੇ ਹਾਜ਼ਰੀਨ ਵੱਲੋਂ ਸੰਤ ਸੀਚੇਵਾਲ ਨੂੰ ਬੇਨਤੀ ਕੀਤੀ ਕਿ ਨੇੜ ਭਵਿੱਖ ਵਿੱਚ ਵੀ ਪੰਜਾਬ ਨੂੰ ਹੜ੍ਹਾਂ ਵਰਗੇ ਹਾਲਾਤ 'ਚੋਂ ਬਾਹਰ ਕੱਢਣ ਲਈ ਸਰਕਾਰ ਨੂੰ ਉਚਿਤ ਸੁਝਾਅ ਦੇ ਕੇ ਅਗਾਊਂ ਹੱਲ ਕਰਵਾਏ ਜਾਣ। ਬਲਿਹਾਰ ਸਿੰਘ ਰਾਮੇਵਾਲ ਨੇ ਕਿਹਾ ਕਿ ਜੇਕਰ ਸਰਕਾਰ ਬਾਰਿਸ਼ਾਂ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬ ਦੀਆਂ ਡਰੇਨਾਂ ਦੀ ਸਫਾਈ ਵੱਲ ਧਿਆਨ ਦੇ ਲੈਂਦੀ ਤਾਂ ਬਹੁਤ ਹੱਦ ਤੱਕ ਕਰੋਪੀ ਤੋਂ ਬਚਾਅ ਹੋ ਸਕਦਾ ਸੀ। ਉਹਨਾਂ ਸੰਤ ਸੀਚੇਵਾਲ ਨੂੰ ਅਪੀਲ ਕੀਤੀ ਕਿ ਬੇਸ਼ੱਕ ਹੜ੍ਹਾਂ ਦਾ ਖਤਰਾ ਨਿਰੰਤਰ ਬਰਕਰਾਰ ਹੈ, ਉਹ ਸਰਕਾਰ ਨੂੰ ਡਰੇਨਾਂ ਆਦਿ ਦੀ ਸਫਾਈ ਕਰਵਾਉਣ ਲਈ ਪ੍ਰੇਰਿਤ ਕਰਨ। ਬਲਿਹਾਰ ਸਿੰਘ ਰਾਮੇਵਾਲ ਵੱਲੋਂ ਪੰਜਾਬ ਵਿੱਚ ਹੋ ਰਹੀਆਂ ਨਸ਼ਿਆਂ ਕਾਰਨ ਧੜਾਧੜ ਮੌਤਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ ਤੇ ਪੰਜਾਬ ਸਰਕਾਰ ਵੱਲੋਂ ਕੋਈ ਠੋਸ ਕਦਮ ਚੁੱਕਣ ਦੀ ਤਵੱਕੋਂ ਕੀਤੀ ਗਈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਜਿੱਥੇ ਰਾਮੇਵਾਲ ਪਰਿਵਾਰ ਤੇ ਹਾਜ਼ਰੀਨ ਪੰਜਾਬ ਪ੍ਰਸਤ ਲੋਕਾਂ ਦਾ ਨਰੋਈ ਵਿਚਾਰ ਚਰਚਾ ਲਈ ਧੰਨਵਾਦ ਕੀਤਾ, ਉੱਥੇ ਪ੍ਰਵਾਸੀ ਪੰਜਾਬੀ ਵੀਰਾਂ ਭੈਣਾਂ ਵੱਲੋਂ ਸੁਝਾਏ ਨੁਕਤਿਆਂ ਨੂੰ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿਵਾਇਆ।

# .ਗ਼ਦਰੀ ਸ਼ਹੀਦਾਂ ਅਤੇ ਹੀਰੋਸ਼ੀਮਾ, ਨਾਗਾਸਾਕੀ ਮਾਰੇ ਗਏ ਲੋਕਾਂ ਨੂੰ ਯਾਦ ਕਰਦਿਆਂ ਫ਼ਿਰਕੂ ਫਾਸ਼ੀ ਹਾਲਾਤ 'ਤੇ ਵਿਚਾਰ-ਚਰਚਾ 9 ਨੂੰ

**ਜਲੰਧਰ-** ਮੁਲਕ ਦੀ ਆਜ਼ਾਦੀ ਲਈ ਲੜੇ ਸੰਗਰਾਮ ਅੰਦਰ ਵਿਲੱਖਣ ਇਨਕਲਾਬੀ ਪਹਿਚਾਣ ਰੱਖਦੀ ਗ਼ਦਰ ਪਾਰਟੀ ਦੇ ਅਨਮੋਲ ਹੀਰੇ ਜੋ ਅਗਸਤ ਮਹੀਨੇ ਸ਼ਹਾਦਤ ਦਾ ਜਾਮ ਪੀ ਗਏ, ਉਹਨਾਂ ਅਤੇ ਅਮਰੀਕੀ ਹਕੂਮਤ ਵੱਲੋਂ 6 ਅਤੇ 9 ਅਗਸਤ 1945 ਨੂੰ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉਪਰ ਪ੍ਰਮਾਣੂ ਬੰਬ ਧਮਾਕੇ ਕਰਕੇ ਲੱਖਾਂ ਲੋਕਾਂ ਨੂੰ ਪਲਾਂ ਛਿਣਾਂ ਵਿੱਚ ਮੌਤ ਦੀ ਗੋਦ ਵਿੱਚ ਸੁਲਾਉਣ ਅਤੇ ਅਪੰਗ ਕਰਨ ਦੇ ਘਿਨੌਣੇ ਹਮਲੇ ਦੇ ਸ਼ਿਕਾਰ ਲੋਕਾਂ ਨੂੰ ਸਿਜਦਾ ਕਰਦਿਆਂ 9 ਅਗਸਤ ਦਿਨ ਬੁੱਧਵਾਰ ਸਵੇਰੇ 10:30 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਵਿਚਾਰ-ਚਰਚਾ ਕੀਤੀ ਜਾਏਗੀ, ਜੋ ਤਾਜ਼ਾ ਫ਼ਿਰਕੂ ਫਾਸ਼ੀ ਹੱਲਿਆਂ ਦੇ ਦੌਰ ਅੰਦਰ ਗ਼ਦਰੀ ਸ਼ਹੀਦਾਂ ਦੇ ਉਦੇਸ਼ਾਂ ਦੀ ਪਰਸੰਗਕਤਾ ਉੱਪਰ ਕੇਂਦਰਤ ਹੋਏਗੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 9 ਅਗਸਤ 1915 ਨੂੰ ਅੰਮ੍ਰਿਤਸਰ ਜਿਲ੍ਹੇ ਨਾਲ ਸਬੰਧਤ ਆਤਮਾ ਸਿੰਘ ਠੱਠੀਖਾਰਾ, ਕਾਲਾ ਸਿੰਘ ਜਗਤਪੁਰ, ਚੰਨਣ ਸਿੰਘ ਬੂੜਚੰਦ ਅਤੇ ਹਰਨਾਮ ਸਿੰਘ ਠੱਠੀਖਾਰਾ ਨੂੰ ਵੱਲਾ ਪੁੱਲ ਸਾਜ਼ਸ਼ ਕੇਸ, 12 ਅਗਸਤ 1915 ਨੂੰ ਗ਼ਦਰੀ ਬੰਤਾ ਸਿੰਘ ਸੰਘਵਾਲ (ਜਲੰਧਰ), ਬੂਟਾ ਸਿੰਘ ਅਕਾਲਗੜ੍ਹ (ਲੁਧਿਆਣਾ) ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਫਾਂਸੀ ਲਾਏ ਜਾਣ ਅਤੇ 17 ਅਗਸਤ 1909 ਨੂੰ ਲੰਡਨ 'ਚ ਫਾਂਸੀ ਲਗਾਏ ਮਦਨ ਲਾਲ ਢੀਂਗਰਾ, ਰਾਮ ਕਿਸ਼ਨ ਵਿਸ਼ਵਾਸ਼ ਨੂੰ 4 ਅਗਸਤ 1931 ਨੂੰ ਅਲੀਪੁਰ ਜੇਲ੍ਹ (ਬੰਗਾਲ), ਪਿੰਡ ਪਿੱਥੋ ਬਠਿੰਡਾ ਦੇ ਕੂਕਾ ਲਹਿਰ ਦੇ ਯੋਧਿਆਂ ਨੂੰ 5 ਅਗਸਤ 1871 ਨੂੰ ਰਾਏਕੋਟ (ਲੁਧਿਆਣਾ) ਦੀ ਜੇਲ੍ਹ ਵਿੱਚ, ਬੱਬਰ ਕਰਤਾਰ ਸਿੰਘ ਕਿਰਤੀ ਚੱਕ ਕਲਾਂ (ਜਲੰਧਰ), ਬੱਬਰ ਅਕਾਲੀ ਦਲੇਰ ਸਿੰਘ ਮੰਢਾਲੀ (ਜਲੰਧਰ) ਨੂੰ ਫਾਂਸੀ, ਖ਼ੁਦੀ ਰਾਮ ਬੋਸ ਨੂੰ 11 ਅਗਸਤ 1908 ਨੂੰ ਫਾਂਸੀ, ਕਰਨੈਲ ਸਿੰਘ ਈਸੜੂ 15 ਅਗਸਤ 1955 ਨੂੰ ਸ਼ਹੀਦੀ, 21 ਅਗਸਤ 1922 ਨੂੰ ਗੁਰੂ ਕੇ ਬਾਗ਼ ਦਾ ਮੋਰਚਾ, 23 ਅਗਸਤ 2002 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਜਾਗੀਰ ਸਿੰਘ ਜੋਗਾ ਦਾ ਵਿਛੋੜਾ, ਇਹਨਾਂ ਇਤਿਹਾਸਕ ਘਟਨਾਵਾਂ, ਸ਼ਹਾਦਤਾਂ ਅਤੇ ਵਿਛੜੀਆਂ ਸਖਸ਼ੀਅਤਾਂ ਦੀ ਭੂਮਿਕਾ ਤੋਂ ਸਬਕ ਗ੍ਰਹਿਣ ਕਰਨ ਅਤੇ ਮੁਲਕ ਅੰਦਰ ਤਿੱਖੇ ਹੋਏ ਫ਼ਿਰਕੂ ਫਾਸ਼ੀ ਹੱਲਿਆਂ ਉਪਰ ਗੰਭੀਰਤਾ ਨਾਲ ਚਰਚਾ ਕਰੇਗੀ ਵਿਚਾਰ-ਗੋਸ਼ਟੀ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਅਤੇ ਇਨਸਾਫ਼ਪਸੰਦ ਵਿਅਕਤੀਆਂ ਨੂੰ ਇਸ ਵਿਚਾਰ-ਚਰਚਾ 'ਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ।

# ਅਗਲੇ ਮਹੀਨੇ ਜੀ 20 ਸੰਮੇਲਨ ਵਿੱਚ ਹਿੱਸਾ ਲੈਣਗੇ 25 ਕੌਮਾਂਤਰੀ ਆਗੂ

**ਨਵੀਂ ਦਿੱਲੀ-** ਇੱਥੇ ਅਗਲੇ ਮਹੀਨੇ ਹੋਣ ਵਾਲੇ ਜੀ 20 ਸੰਮੇਲਨ ਵਿੱਚ ਘੱਟੋ-ਘੱਟ 25 ਮੁਲਕਾਂ ਆਗੂ ਹਿੱਸਾ ਲੈਣਗੇ ਜਦਕਿ ਰੂਸ ਅਤੇ ਯੂਕਰੇਨ ਦੇ ਰਾਸ਼ਟਰਪਤੀ ਸ਼ਾਮਲ ਨਹੀਂ ਹੋਣਗੇ। ਜੀ 20 ਮੈਂਬਰ ਮੁਲਕਾਂ ਵਿੱਚੋਂ 18 ਆਗੂ ਇਸ ਸਮਾਗਮ ਵਿੱਚ ਸ਼ਿਰਕਤ ਕਰਨਗੇ। ਇਸ ਸਮੂਹ 'ਚੋਂ ਗੈਰ-ਹਾਜ਼ਰ ਰਹਿਣ ਵਾਲੇ ਆਗੂਆਂ 'ਚ ਪੂਤਿਨ ਅਤੇ ਮੈਕਸੀਕੋ ਦੇ ਰਾਸ਼ਟਰਪਤੀ ਸ਼ਾਮਲ ਹਨ। ਸੂਤਰਾਂ ਮੁਤਾਬਕ ਹੁਣ ਤੱਕ ਸਾਊਦੀ ਅਰਬ, ਦੱਖਣੀ ਅਫ਼ਰੀਕਾ, ਤੁਰਕੀ, ਮੈਕਸੀਕੋ, ਜਪਾਨ, ਇਟਲੀ, ਜਰਮਨੀ, ਇੰਡੋਨੇਸ਼ੀਆ, ਬ੍ਰਾਜ਼ੀਲ ਅਤੇ ਅਰਜਨਟੀਨਾ ਵੱਲੋਂ ਹਾਜ਼ਰੀ ਸਬੰਧੀ ਪੁਸ਼ਟੀ ਨਹੀਂ ਕੀਤੀ ਗਈ ਹੈ। ਇਨ੍ਹਾਂ ਮੁਲਕਾਂ ਵਿੱਚ ਕਾਰਜਸ਼ੀਲ ਭਾਰਤੀ ਮਿਸ਼ਨਾਂ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਮੈਕਸੀਕੋ ਨੂੰ ਛੱਡਕੇ ਇਹ ਮੁਲਕ ਸੰਮੇਲਨ ਵਿੱਚ ਹਿੱਸਾ ਲੈਣਗੇ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੀ ਆਪਣੇ ਦੌਰੇ ਦੀ ਪੁਸ਼ਟੀ ਨਹੀਂ ਕੀਤੀ ਹੈ ਪਰ ਸੂਤਰਾਂ ਮੁਤਾਬਕ ਆਰਥਿਕ ਮੰਦੀ ਕਾਰਨ ਚੀਨ ਇਸ ਸਮਾਗਮ ਵਿੱਚ ਸ਼ਿਰਕਤ ਕਰੇਗਾ।

# ਕੈਪਟਨ ਨਿਰੰਜਣ ਸਿੰਘ ਦੇ ਸ਼ਰਧਾਂਜਲੀ ਸਮਾਗਮ ਮੌਕੇ ਪੌਦੇ ਅਤੇ ਤਰਕਸ਼ੀਲ ਸਾਹਿਤ ਵੰਡਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਪੱਤਰਕਾਰ ਜੋਗਿੰਦਰ ਕੁੱਲੇਵਾਲ ਦੇ ਪਿਤਾ ਦੇਸ਼ ਹਿਤ ਵਿਚ ਤਿੰਨ ਜੰਗਾਂ ਲੜਨ ਵਾਲੇ ਕੈਪਟਨ ਨਿਰੰਜਣ ਸਿੰਘ ਨਮਿਤ ਸ਼ਰਧਾਂਜਲੀ ਤੇ ਵਿਚਾਰ ਚਰਚਾ ਸਮਾਗਮ ਪਿੰਡ ਕੁੱਲੇਵਾਲ ਵਿਖੇ ਕਰਵਾਇਆ ਗਿਆ । ਇਸ ਮੌਕੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਵੱਲੋਂ ਇਨਕਲਾਬੀ ਗੀਤਾਂ ਨਾਲ ਸਮਾਂ ਬੰਨ੍ਹੀ ਰੱਖਿਆ। ਇਸ ਸਮਾਗਮ ਦੌਰਾਨ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ , ਤਰਕਸ਼ੀਲ ਆਗੂ ਸਤਪਾਲ ਸਲੋਹ , ਮਾਂ. ਨਰੇਸ਼ ਭੰਮੀਆਂ , ਮਾਂ. ਜਗਦੀਸ਼ ਰਾਏਪੁਰ ਡੱਬਾ , ਕਾਮਰੇਡ ਦਰਸ਼ਨ ਸਿੰਘ ਮੱਟੂ , ਐਸ. ਪੀ. ਗਿਆਨ ਸਿੰਘ , ਰਣਜੀਤ ਸਿੰਘ ਮਾਨਸਾ , ਕੈਪਟਨ ਦੀਪ ਸਿੰਘ , ਰਜਿੰਦਰ ਸਿੰਘ , ਪ੍ਰੋ. ਜੇ.ਬੀ. ਸੇਖੋਂ , ਉੱਘੇ ਲੇਖਕ ਬੂਟਾ ਸਿੰਘ ਮਹਿਮੂਦ ਪੁਰ , ਧਰਮਿੰਦਰ ਮਸਾਣੀ , ਮਲਕੀਤ ਬਾਹੋਵਾਲ ਹਵਾਲਦਾਰ ਰਾਜਿੰਦਰ ਸਿੰਘ,ਰਣਜੀਤ ਸਿੰਘ, ਮਾ ਸ਼ੰਕਰਦਾਸ ਆਦਿ ਆਗੂਆਂ ਕੈਪਟਨ ਨਿਰੰਜਣ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ ਉਨ੍ਹਾਂ ਦੇ ਜੀਵਨ ਸਫਰ ਅਤੇ ਪ੍ਰਾਪਤੀਆਂ ਦਾ ਜ਼ਿਕਰ ਕੀਤਾ । ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਨਿ-ਵੇਕਲੇ ਸਮਾਗਮ ਦੌਰਾਨ ਜਿੱਥੇ ਬੁਲਾਰਿਆਂ ਜੀਵਨ , ਮੌਤ , ਗੈਰ ਕੁਦਰਤੀ ਮੌਤਾਂ ਤੇ ਜੀਵਨ ਦੇ ਹਰ ਪਹਿਲੂਆਂ ਤੇ ਵਿਚਾਰਾਂ ਕੀਤੀਆਂ, ਉੱਥੇ ਜੋਗਿੰਦਰ ਕੁੱਲੇਵਾਲ ਦੇ ਪਰਿਵਾਰ ਵੱਲੋਂ 500 ਦੇ ਕਰੀਬ ਫਲਦਾਰ, ਛਾਂਦਾਰ ਪੌਦੇ ਵੰਡੇ ਗਏ ਅਤੇ ਆਏ ਰਿਸ਼ਤੇਦਾਰਾਂ ਨੂੰ ਹਾਜ਼ਰੀਨ ਨੂੰ ਤਰਕਸ਼ੀਲ ਮੈਗਜ਼ੀਨ ਤੇ ਹੋਰ ਸਾਹਿਤ ਵੰਡਿਆ । ਜਸਵੀਰ ਬੇਗਮਪੁਰੀ ਨੇ ਸਾਹਿਤ ਸਟਾਲ ਲਗਾਇਆ । ਨਰਿੰਦਰ ਮਾਈ ਦਿੱਤਾ ਨੇ ਇਨਕਲਾਬੀ ਪ੍ਰਦਰਸ਼ਨੀ ਲਗਾਈ। ਪਰਿਵਾਰ ਵੱਲੋਂ ਸਾਬਕਾ ਫੌਜੀਆਂ ਅਤੇ ਸਮਾਜ ਚ ਹੋਰ ਅਗਾਂਹ ਵਧੂ ਪਿਰਤਾਂ ਪਾਉਣ ਵਾਲਿਆਂ ਦਾ ਵਿਸ਼ੇਸ ਸਨਮਾਨ ਕੀਤਾ। ਪਿੱਛਾਂਹ ਖਿੱਚੂ ਰਸਮਾਂ ਰਿਵਾਜਾਂ ਨੂੰ ਤਿਆਗ ਨਵੀਆਂ ਪਿਰਤਾਂ ਪਾਉਣ ਦਾ ਸੁਨੇਹਾ ਦਿੱਤਾ। ਸ਼ੋਕ ਸਮਾਗਮ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਲਵਿੰਦਰ ਹੀਰ, ਮਾਂ. ਦੇਸ ਰਾਜ, ਮੁਕੰਦ ਲਾਲ, ਲਾਲ ਬਹਾਦਰ ਗਾਂਧੀ, ਕੌਂਸਲਰ, ਸੱਤਪਾਲ ਬਲਾਚੋਰ, ਮਨਜੀਤ ਸਿੰਘ ਥਾਣੇਦਾਰ, ਅਮਰਜੀਤ ਸਿੰਘ, ਹਰਬੰਸ ਸਿੰਘ




, ਕਾਲਾ ਗੰਗਾ ਨਗਰ, ਰਾਜਪਾਲ ਸਿੰਘ, ਸੁਰਿੰਦਰ ਸ਼ਿਦਾ ਰਾ-ਮੂਵਾਲਾ, ਹੰਸ ਰਾਜ ਬੂਲਪੁਰ, ਕੈਪਟਨ ਕਾਬਲ ਸਿੰਘ, ਬਲਜੀਤ ਧਰਮਕੋਟ, ਬਿਮਲਾ ਜਲੰਧਰ,ਜਸਵਿੰਦਰ ਕੌਰ, ਨਰਿੰਦਰ ਮਾਈ ਦਿੱਤਾ, ਰਾਜਵਿੰਦਰ ਕੌਰ, ਰਣਜੀਤ ਬਿੰਝੋਂ, ਦਵਿੰਦਰ ਗੋਗੋਂ, ਸੁਰਿੰਦਰ ਕਿੱਤਣਾ, ਜਗਤਾਰ ਸਿੰਘ, ਹਰਮੇਸ਼ ਲਾਲ ਸਮੁੰਦੜਾ, ਗੁਰਮੇਲ ਸਿੰਘ, ਸੰਤ ਰਾਮ, ਸੁਰਿੰਦਰ ਸਿੰਘ ਸ਼ਿਦਾ ਰਾਮੂਵਾਲ, ਪ੍ਰਕਾਸ਼ ਕੌਰ, ਵਿਕਾਸ ਨੌਰਦ, ਮਾ ਬਲਵੰਤ ਰਾਮ, ਦਵਿੰਦਰ ਰਾਣਾ, ਕੁਲਭੂਸ਼ਨ ਮਹਿੰਦਵਾਣੀ, ਕੁਲਵਿੰਦਰ ਖਟਕੜ, ਸੁਖਵਿੰਦਰ ਤੂਰ, ਜਸਵਿੰਦਰ ਪੱਪੀ, ਕੁਲਵੰਤ ਕੌਰ ਨਗਰ "ਮਾਨਵਤਾ ਕਲਾ ਮੰਚ"ਗੁਰਨਾਮ ਹਾਜੀਪੁਰ, ਸੁਖਵਿੰਦਰ ਗੋਗਾ, ਬਲਜੀਤ ਗੋਲਡੀ, ਮਾ ਰਾਜ ਕੁਮਾਰ, ਸੰਦੀਪ ਬਡੇਸਰੋਂ, ਹਰਭਜਨ ਕਲੇਰ, ਪ੍ਰਿੰਸੀਪਲ ਕਮਲਜੀਤ ਆਦਿ ਆਗੂਆਂ ਵਲੋਂ ਸਰਧਾਂਜਲੀਆਂ ਭੇਟ ਕੀਤੀਆਂ ਤੇ ਹੋਰ ਸਾਥੀਆਂ ਵਲੋਂ ਆਏ ਸ਼ੋਕ ਮਤੇ ਪੜ੍ਹੇ ਗਏ। ਅਖੀਰ ਵਿੱਚ ਜੋਗਿੰਦਰ ਸਿੰਘ ਕੁੱਲੇਵਾਲ, ਹਰਮਿੰਦਰ ਸਿੰਘ, ਸਿਮਰਨਜੀਤ ਸਿੰਘ ਨੇ ਆਏ ਹੋਏ ਸਾਥੀਆ ਦਾ ਧੰਨਵਾਦ ਕੀਤਾ।

# ਡੀਟੀਐੱਫ ਵੱਲੋਂ ਪੰਜਾਬ ਬੋਰਡ ਦੀ ਕਿਤਾਬ 'ਚ ਸ਼ਹੀਦ ਊਧਮ ਸਿੰਘ ਬਾਰੇ ਗਲਤ ਜਾਣਕਾਰੀ ਦੀ ਦਰੁਸਤੀ ਦੀ ਮੰਗ

**ਚੰਡੀਗੜ੍ਹ, (ਦਲਜੀਤ ਕੌਰ)–** ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀਟੀਐੱਫ) ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੂਬੇ ਦੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਨੌਵੀਂ ਜਮਾਤ ਲਈ ਅੰਗਰੇਜ਼ੀ (ਮੁੱਖ ਕੋਰਸ) ਦੀ ਪਾਠ ਪੁਸਤਕ ਵਿੱਚ ਸ਼ਹੀਦ ਊਧਮ ਸਿੰਘ ਦੀ ਜਨਮ ਅਤੇ ਸ਼ਹੀਦੀ ਦੀਆਂ ਤਾਰੀਖ਼ਾਂ ਬਾਰੇ ਦਰਜ਼ ਗ਼ਲਤ ਜਾਣਕਾਰੀ ਅਤੇ ਕਈ ਅਧੂਰੇ ਹਵਾਲਿਆਂ ਨੂੰ ਦਰੁਸਤ ਕਰਨ ਦੀ ਮੰਗ ਕੀਤੀ ਹੈ।








ਇਸ ਸੰਬੰਧੀ ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂ ਰਾਕੇਸ਼ ਕੁਮਾਰ ਵੱਲੋਂ ਇਸ ਮਾਮਲੇ ਸਬੰਧੀ ਉਠਾਏ ਸਵਾਲਾਂ ਨਾਲ ਸਹਿਮਤ ਹੁੰਦਿਆਂ ਕਿਹਾ ਕਿ ਪ੍ਰਮਾਣਿਤ ਜਾਣਕ-ਾਰੀ ਅਨੁਸਾਰ ਸ਼ਹੀਦ ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਦਾ ਹੈ, ਜਦਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਪ੍ਰਕਾਸ਼ਿਤ ਕੀਤੀ ਜਾ ਰਹੀ ਨੌਂਵੀ ਜਮਾਤ ਦੀ ਇਸ ਪਾਠ ਪੁਸਤਕ ਵਿਚ ਉਨ੍ਹਾਂ ਦਾ ਜਨਮ 18 ਦਸੰਬਰ 1899 ਨੂੰ ਹੋਇਆ ਲਿਖਿਆ ਗਿਆ ਹੈ, ਜੋ ਕੇ ਗ਼ਲਤ ਹੈ। ਇਸੇ ਤਰ੍ਹਾਂ ਸ਼ਹੀਦੀ ਦਿਨ ਵੀ 31 ਜੁਲਾਈ 1940 ਦੀ ਥਾਂ 30 ਜੁਲਾਈ 1940 ਲਿਖਿਆ ਗਿਆ ਹੈ।

ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ (ਸ਼ਹੀਦ ਭਗਤ ਸਿੰਘ ਦੇ ਭਾਣਜਾ) ਨੇ ਕਿਹਾ ਕੇ ਸਿੱਖਿਆ ਬੋਰਡ ਦੀਆਂ ਕਿਤਾਬਾਂ ਵਿੱਚ ਸ਼ਹੀਦਾਂ ਬਾਰੇ ਦਰਜ਼ ਤੱਥਾਂ ਦਾ ਉਨ੍ਹਾਂ ਦੀ ਅਸਲ ਜੀਵਨੀ ਨਾਲ ਮੇਲ ਨਾ ਹੋਣਾ ਬੱਚਿਆਂ ਅਤੇ ਹੋਰਨਾਂ ਲੋਕਾਂ ਵਿੱਚ ਗੰਭੀਰ ਭੁਲੇਖੇ ਪੈਦਾ ਕਰਦਾ ਹੈ, ਜਿਸ ਪ੍ਰਤੀ ਵਧੇਰੇ ਸੁਚੇਤ ਰਹਿਣ ਦੀ ਲੋੜ੍ਹ ਹੈ। ਉਨ੍ਹਾਂ ਕਿਹਾ ਕੇ ਇਸ ਪੁਸਤਕ ਦੇ ਸਬੰਧਿਤ ਅਧਿਆਏ ਵਿੱਚ ਸੰਨ 1919 ਦੀ ਜਲ੍ਹਿਆਂਵਾਲਾ ਬਾਗ ਦੀ ਘਟਨਾ ਦੇ ਮੁੱਖ ਦੋਸ਼ੀ ਜਨਰਲ ਡਾਇਰ ਅਤੇ ਸ਼ਹੀਦ ਊਧਮ ਸਿੰਘ ਵੱਲੋਂ ਅੰ-ਗਰੇਜ਼ਾਂ ਦੀ ਫਿਰਕਾਪ੍ਰਸਤ ਨੀਤੀ ਦੇ ਨਿਖੇਧ ਵਜੋਂ ਆਪਣਾ ਨਾਮ 'ਮੁਹੰਮਦ ਸਿੰਘ ਆਜ਼ਾਦ' ਰੱਖਣ ਦਾ ਵੀ ਜਿਕਰ ਨਾ ਹੋਣਾ ਚਿੰਤਾਜਨਕ ਮਾਮਲਾ ਹੈ।

ਡੀ.ਟੀ.ਐੱਫ. ਪੰਜਾਬ ਦੇ ਮੀਤ ਪ੍ਰਧਾਨਾਂ ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਜਗਪਾਲ ਬੰਗੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ ਅਤੇ ਪ੍ਰੈੱਸ ਸਕੱਤਰ ਪਵਨ ਕੁਮਾਰ ਨੇ ਸਿੱਖਿਆ ਬੋਰਡ ਦੇ ਚੇਅਰਮੈਨ ਤੋਂ ਮੰਗ ਕੀਤੀ ਕਿ ਇਤਿਹਾਸਕ ਤੱਥ ਪੂਰੀ ਛਾਣਬੀਣ ਕਰਕੇ ਹੀ ਬੱਚਿਆਂ ਤੱਕ ਪਹੁੰਚਾਏ ਜਾਣ।

ਉਨ੍ਹਾਂ ਅੱਗੇ ਕਿਹਾ ਕਿ 'ਗ਼ਦਰ ਲਹਿਰ' ਅਤੇ ਸ਼ਹੀਦ ਭਗਤ ਸਿੰਘ ਦੇ ਰਾਹ 'ਤੇ ਚੱਲਣ ਵਾਲੇ ਸ਼ਹੀਦ ਊਧਮ ਸਿੰਘ ਦੀ ਭੂਮਿਕਾ ਨੂੰ ਕੇਵਲ ਜਲ੍ਹਿਆਂਵਾਲਾ ਬਾਗ ਦੀ ਘਟਨਾ ਦੇ ਬਦਲੇ ਤੱਕ ਸੀਮਤ ਕਰਨਾ ਉਨ੍ਹਾਂ ਦੀ ਵਿਚਾਰਧਾਰਾ ਨਾਲ ਇਨਸਾਫ਼ ਨਹੀਂ ਹੈ। ਆਗੂਆਂ ਨੇ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਇਸ ਸਬੰਧੀ ਬੋਰਡ ਅਧਿਕਾਰੀਆਂ ਨੂੰ ਲੋੜੀਂਦੀ ਸੋਧ ਕਰਨ ਬਾਰੇ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਜਾਣ।

# 15 ਸਤੰਬਰ ਨੂੰ ਪਟਿਆਲਾ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਸਬੰਧੀ ਸਿਹਤ ਮੰਤਰੀ ਪੰਜਾਬ ਨੂੰ ਭੇਜਿਆ ਮੰਗ ਪੱਤਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡੈਮੋਕਰੇਟਿਕ ਮੁਲਾਜ਼ਮ ਫੇਡਰੇਸ਼ਨ ਵਲੋ ਡੈਮੋਕਰੈਟਿਕ ਆਸ਼ਾ ਵਰਕਰਜ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਦੇ ਫੈਸਲੇ ਅਨੁਸਾਰ 24 ਅਗਸਤ ਤੋ 31 ਅਗਸਤ ਤਕ ਸੀਨੀਅਰ ਮੈਡੀਕਲ ਅਫ਼ਸਰਾ ਰਾਹੀ ਆਪਣੀਆ ਮੰਗਾ ਨਾ ਮੰਨੇ ਜਾਣ ਦੇ ਰੋਸ ਵਜੋ ਅੱਜ ਬਲਾਕ ਗੜ੍ਹਸ਼ੰਕਰ ਦੀਆਂ ਆਸ਼ਾ ਵਰਕਰ ਯੂਨੀਅਨ ਦੀਆਂ ਵਰਕਰਾਂ ਨੇ ਇਕੱਤਰ ਹੋ ਕੇ ਸਿਹਤ ਮੰਤਰੀ ਪੰਜਾਬ ਨੂੰ 15 ਸਤੰਬਰ ਨੂੰ ਪਟਿਆਲਾ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਸਬੰਧੀ ਐੱਸ ਐੱਮ ਓ ਡਾ ਰਮਨ ਭਾਟੀਆ ਰਾਹੀ ਨੋਟਿਸ ਭੇਜਿਆ ਗਿਆ । ਬਲਾਕ ਗੜਸ਼ੰਕਰ ਦੀਆਂ ਆਸ਼ਾ ਵਰਕਰਾ ਕੁਲਦੀਪ ਕੌਰ, ਪਰਮਜੀਤ ਕੌਰ, ਰੇਖਾ ਰਾਣੀ, ਬਿੰਦਰਪਾਲ ਕੌਰ, ਮਨਜੀਤ ਕੌਰ ਅਤੇ ਰੇਨੂੰ ਬਾਲਾ ਨੇ ਦੱਸਿਆ ਕਿ ਸਿਹਤ ਮੰਤਰੀ ਪੰਜਾਬ ਨਾਲ 4 ਮਈ ਨੂੰ ਪੰਜਾਬ ਭਵਨ ਵਿੱਚ



ਹੋਈ ਮੀਟਿੰਗ ਦੌਰਾਨ ਮੰਨੀਆ ਗਈਆ ਮੰਗਾ ਨੂੰ ਪੰਜ ਮਹੀਨੇ ਬਾਅਦ ਵੀ ਲਾਗੂ ਨਹੀ ਕੀਤਾ ਗਿਆ ਜਿਸ ਦੇ ਰੋਸ ਵਜੋ ਪੰਜਾਬ ਭਰ ਦੀਆਂ ਆਸ਼ਾ ਵਰਕਰਾ ਤੇ ਫੈਸਿਲੀਟੇਟਰਾਂ ਨੇ ਆਪਣੇ ਸ਼ੰਘਰਸ ਨੂੰ ਤੇਜ ਕਰਨ ਦਾ ਫੈਸਲਾ ਕੀਤਾ ਹੈ।ਜਿਸ ਦੀ ਕੜੀ ਵਜੋਂ ਜਿਲਿਆ ਰਾਹੀ ਨੋਟਿਸ ਭੇਜਣ ਤੋ ਬਾਅਦ ਪੰਜਾਬ ਦੇ ਸਮੂਹ ਬਲਾਕ ਕੇਦਰਾਂ ਤੇ ਰੋਸ ਰੈਲੀਆ ਕੀਤੀਆ ਜਾਣਗੀਆ। ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਆਗੂਆਂ ਮੁਕੇਸ਼ ਕੁਮਾਰ, ਹੰਸ ਰਾਜ ਗੜਸ਼ੰਕਰ ਸੱਤਪਾਲ ਕਲੇਰ, ਅਮਰਜੀਤ ਬੰਗੜ, ਰਜਿੰਦਰ ਸਿੰਘ ਅਤੇ ਦੀਵਾਨ ਚੰਦ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਫਿਰ ਵੀ ਮੰਨੀਆਂ ਮੰਗਾ ਲਾਗੂ ਨਾ ਕੀਤੀਆਂ ਤਾਂ 15 ਸਤੰਬਰ ਨੂੰ ਸਿਹਤ ਮੰਤਰੀ ਪੰਜਾਬ ਦੇ ਸ਼ਹਿਰ ਪਟਿਆਲਾ ਵਿਖੇ ਲਾਮਿਸਾਲ ਰੈਲੀ ਕਰਕੇ ਉਹਨਾ ਦੇ ਨਿਵਾਸ ਵੱਲ ਮਾਰਚ ਕੀਤਾ ਜਾਵੇਗਾ।

ਅੰਤ ਵਿੱਚ ਸਮੂਹ ਆਗੂਆਂ ਅਤੇ ਵਰਕਰਾਂ ਨੇ ਕੱਚੇ, ਮਾਣ ਭੱਤੇ ਕੰਟਰੈਕਟ ਵਰਕਰਾਂ ਮੁਲਾਜ਼ਮਾ ਅਤੇ ਪੈਨਸ਼ਨਰਾ ਦੀਆਂ ਅਹਿਮ ਮੰਗਾਂ ਲਈ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ 24 ਸਤੰਬਰ ਦੀ ਜਲੰਧਰ ਜੋਨਲ ਰੈਲੀ ਅਤੇ 14 ਅਕਤੂਬਰ ਦੀ ਚੰਡੀਗੜ੍ਹ ਦੀ ਵਿਸ਼ਾਲ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਭਾਗ ਲੈਣ ਦਾ ਫੈਸਲਾ ਕੀਤਾ।







# ਸਾਹਿਬ ਕਾਂਸ਼ੀ ਰਾਮ ਦੇ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਵਿਚ ਕੰਮ ਕਰਨ ਲਈ ਕਿਸੇ ਦੀ ਇਜਾਜ਼ਤ ਦੀ ਲੋੜ ਨਹੀਂ- ਮੱਖਣ ਚੌਹਾਨ

## ਕਿਹਾ ਬਹੁਜਨ ਅੰਦੋਲਨ ਨੂੰ ਮੰਜ਼ਿਲ ਤੱਕ ਲੈ ਕੇ ਜਾਣਾ ਹੀ ਮੇਰਾ ਮੁੱਖ ਉਦੇਸ਼

**ਫਗਵਾੜਾ 26 ਅਗਸਤ (ਬੀ.ਕੇ.ਰੱਤੂ)** ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਮੱਖਣ ਚੌਹਾਨ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਦੱਸਿਆ ਕਿ ਪਿਛਲੇ ਦਿਨੀਂ ਸ਼ੋਸ਼ਲ ਮੀਡੀਆ ਰਾਹੀਂ ਮੈਨੂੰ ਬਹੁਜਨ ਸਮਾਜ ਪਾਰਟੀ ਚੋਂ ਕੱਢਣ ਦੇ ਪ੍ਰੈਸ ਨੋਟ ਬਾਰੇ ਪਤਾ ਲੱਗਿਆ, ਜਿਸ ਵਿਚ ਪਾਰਟੀ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਬਾਰੇ ਲਿਖਿਆ ਹੋਇਆ ਸੀ।

ਮੱਖਣ ਚੌਹਾਨ ਨੇ ਕਿਹਾ ਕਿ ਇੱਥੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਪਰਿਵਾਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਅੰਦੋਲਨ ਵਿੱਚ ਬਾਮਸੇਫ ਦੇ ਸਮੇਂ ਤੋਂ ਹੀ ਜੁੜਿਆ ਹੋਇਆ ਹੈ। ਮੇਰੇ ਪਰਿਵਾਰ ਨੇ ਬਿਨਾਂ ਕਿਸੇ ਲਾਲਚ ਤੋਂ ਇਸ ਅੰਦੋਲਨ ਦੀ ਬੁਨਿਆਦ ਬੰਨੀ ਹੈ। ਸਮਾਂ ਪੈਣ ਤੇ ਜਦੋਂ ਬਾਮਸੇਫ ਦੇ ਵੱਡੀ ਗਿਣਤੀ ਵਿਚ ਮੈਂਬਰਾਂ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਪਿਠ ਦਿਖਾ ਦਿੱਤੀ, ਉਸ ਸਮੇਂ ਮੇਰਾ ਪਰਿਵਾਰ ਸਾਹਿਬ ਜੀ ਦੇ ਨਾਲ ਖੜਿਆ ਰਿਹਾ।

ਉਨ੍ਹਾ ਕਿਹਾ ਕਿ ਮੈਂਨੂੰ ਮਿਸ਼ਨ ਦੀ ਗੁੜ੍ਹਤੀ ਆਪਣੇ ਪਰਿਵਾਰ ਤੋਂ ਮਿਲੀ ਤੇ ਸਾਹਿਬ ਜੀ ਤੋਂ ਪ੍ਰਭਾਵਿਤ ਹੋ ਕੇ ਆਪਣੀ ਪੜਾਈ (ਕਾਲਜ਼) ਦੇ ਦਿਨਾਂ ਵਿੱਚ ਬਹੁਜਨ ਸਟੂਡੈਂਟ ਫਰੰਟ ਦੇ ਮਾਧਿਅਮ ਤੋਂ ਦੂਜੇ ਕਾਲਜਾਂ ਵਿੱਚ ਜਾ ਕੇ ਸਾਥੀਆਂ ਨੂੰ ਮਿਸ਼ਨ ਲਈ ਤਿਆਰ ਕੀਤਾ। ਮੇਰੇ ਪਰਿਵਾਰ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਵਲੋਂ ਚਲਾਏ ਜਾਂਦੇ ਪੰਜਾਬੀ ਅਖਬਾਰ "ਬਹੁਜਨ ਸੰਦੇਸ਼"ਜੋ ਕਿ ਚੰਡੀਗੜ੍ਹ ਤੋਂ ਛਪਦਾ ਸੀ ਨੂੰ ਪੂਰੇ ਪੰਜਾਬ ਵਿਚ ਫੈਲਾਉਣ ਵਿੱਚ ਵੱਡਾ ਯੋਗਦਾਨ ਪਾਇਆ। ਮੈਂ ਅਤੇ ਮੇਰੇ ਪਰਿਵਾਰ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਅਤੇ ਬਹੁਜਨ ਸਮਾਜ ਪਾਰਟੀ ਦਾ ਸਾਥ ਉਸ ਵਕਤ ਵੀ ਨਹੀਂ ਛੱਡਿਆ ਜਦੋਂ ਪੰਜਾਬ ਅੰਦਰ 1997 ਵਿਚ ਇਕ ਸਾਬਕਾ ਵਿਧਾਇਕ ਨੇ ਸਾਮੰਤਵਾਦੀ ਲੋਕਾਂ ਦੇ ਇਸ਼ਾਰੇ ਤੇ ਬਗਾਵਤ ਕਰਕੇ ਪਾਰਟੀ ਨੂੰ ਖਤਮ ਕਰਨ ਦਾ ਵੱਡਾ ਯਤਨ ਕੀਤਾ।ਇਸ ਸਮੇਂ ਬਸਪਾ ਦੇ ਵੱਡੇ ਕਦਵਰ ਲੋਕ ਪਾਰਟੀ ਛੱਡ ਕੇ ਚਲੇ ਗਏ ਇਸ ਸਮੇਂ ਦੌਰਾਨ ਬਸਪਾ ਨੂੰ ਛੱਡ ਕੇ ਗਏ ਕਈ ਵੱਡੇ ਵਿਅਕਤੀਆਂ ਨੂੰ ਬਸਪਾ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਵਾਉਣ ਵਿੱਚ ਮੇਰੇ ਪਰਿਵਾਰ ਨੇ ਵੱਡੀ ਭੂਮਿਕਾ ਨਿਭਾਈ। ਮੈ ਤੇ ਮੇਰੇ ਪਰਿਵਾਰ ਨੇ ਉਸ ਵਕਤ ਦੀ ਬਹੁਜਨ ਸਮਾਜ ਪਾਰਟੀ ਦਾ ਸਾਥ ਨਹੀਂ ਛੱਡਿਆ ਜਦੋਂ 2002 ਦੀਆਂ ਚੋਣਾਂ ਸਮੇਂ ਮੇਰੇ ਪਰਿਵਾਰਕ ਮੈਂਬਰ ਤੋਂ ਟਿਕਟ ਹਟਾ ਕੇ ਬਾਹਰ ਟਿਕਟ ਦਿੱਤੀ ਮੈਂ ਤੇ ਮੇਰੇ ਪਰਿਵਾਰ ਨੇ ਪਾਰਟੀ ਦੇ ਉਮੀਦਵਾਰ ਦਾ ਤਨ ਮਨ ਅਤੇ ਧਨ ਨ ਨਾਲ ਸਾਥ ਦਿੱਤਾ।2017 ਦੀਆਂ ਚੋਣਾਂ ਸਮੇਂ ਜਦੋਂ ਭੈਣ ਕੁਮਾਰੀ ਮਾਇਆਵਤੀ ਜੀ ਨੇ ਸਰਦਾਰ



ਅਵਤਾਰ ਸਿੰਘ ਕਰੀਮਪੁਰੀ ਨੂੰ ਫਿਲੌਰ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਪਾਰਟੀ ਸੰਗਠਨ ਵਿਚ ਬਦਲਾਅ ਕੀਤਾ ਤਾਂ ਮੈਂ ਸੂਬਾ ਪ੍ਰਧਾਨ ਦੇ ਮੋਡੇ ਨਾਲ ਮੋਡਾ ਜੋੜ ਕੇ ਤਨ ਦੇਹੀ ਨਾਲ ਮਿਸ਼ਨ ਮੂਵਮੇਂਟ ਵਿਚ ਕੰਮ ਕੀਤਾ ਅਤੇ ਪਾਰਟੀ ਚੋ ਬਾਹਰ ਕੱਢੇ ਜਾਂ ਪਾਰਟੀ ਛੱਡ ਕੇ ਗਏ ਬਹੁਤ ਸਾਰੇ ਵਰਕਰ ਸਮਰਥਕ ਸਾਥੀਆਂ ਨੂੰ ਬਸਪਾ ਵਿੱਚ ਸ਼ਾਮਿਲ ਕਰਵਾਇਆ। ਜਿਸ ਦਾ ਨਤੀਜਾ ਇਹ ਨਿਕਲਿਆ ਕਿ 2019 ਦੀਆਂ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਡੇਢ ਪ੍ਰਤਿਸ਼ਤ ਤੋਂ ਵੱਧ ਕੇ ਲਗਭਗ ਪੌਣੇ ਚਾਰ ਪ੍ਰਤੀਸ਼ਤ ਵੋਟ ਪ੍ਰਾਪਤ ਕਰਨ ਵਿੱਚ ਸਫਲ ਹੋਈ। ਇਸ ਵਧੇ ਹੋਏ ਵੋਟ ਪ੍ਰਤੀਸ਼ਤ ਕਰਕੇ ਸਾਮੰਤਵਾਦੀ ਪਾਰਟੀਆਂ ਦੀ ਨੀਂਦ ਉੱਡ ਗਈ।

ਦਲਿਤ ਵੋਟਰਾਂ ਨੂੰ ਭਰਮਾਉਣ ਲਈ ਸਾਮੰਤਵਾਦੀ ਪਾਰਟੀਆਂ ਨੇ ਪੰਜਾਬ ਦਾ ਅਗਲਾ ਉਪ ਮੁੱਖ ਮੰਤਰੀ ਦਲਿਤ ਨੂੰ ਲਾਉਣ ਦਾ ਐਲਾਨ ਕੀਤਾ। ਸ਼੍ਰੋਮਣੀ ਅਕਾਲੀ ਦਲ ਜਿਹੜਾ ਕਿ ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਤੋਂ ਅਲੱਗ ਹੋਇਆ ਸੀ ਨੇ 1996 ਦੇ ਲੰਬੇ ਸਮੇਂ ਤੋਂ ਬਾਅਦ ਬਸਪਾ ਨਾਲ ਗੱਠਜੋੜ ਲਈ ਹੱਥ ਵਧਾਇਆ। ਇਹਨਾਂ ਸਭ ਘਟਨਾਵਾਂ ਦਾ ਮੁੱਖ ਕਾਰਨ ਬਸਪਾ ਦਾ ਵਧਿਆ ਹੋਇਆ ਵੋਟ ਬੈਂਕ ਹੀ ਸੀ। ਪੰਜਾਬ ਅੰਦਰ ਸੱਤਾਧਾਰੀ ਕਾਂਗਰਸ ਨੇ ਤਾਂ ਬਾਕੀ ਰਹਿ-ਦੇ ਸਮੇਂ ਲਈ ਦਲਿਤ ਵਿਅਕਤੀ ਨੂੰ ਮੁੱਖ ਮੰਤਰੀ ਹੀ ਬਣਾ ਦਿੱਤਾ। ਦਲਿਤ ਉੱਪ ਮੁੱਖ ਮੰਤਰੀ ਦੀ ਲਾਲਸਾ ਨੇ ਬਸਪਾ ਦੇ ਸੂਬਾ ਪ੍ਰਧਾਨ ਦੇ ਮੂੰਹ ਵਿੱਚ ਪਾਣੀ ਲਿਆ ਦਿੱਤਾ ਜਿਸ ਕਰਕੇ ਇਸ ਨੇਤਾ ਨੇ ਪਾਰਟੀ ਦੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਅਸ਼ੀਰਵਾਦ ਪ੍ਰਾਪਤ ਸੂਝਵਾਨ, ਕੱਦਾਵਰ, ਇਮਾਨਦਾਰ ਅਤੇ ਪੁਰਾਣੇ ਮਿਹਨਤੀ ਮਿਸ਼ਨਰੀ ਸਾਥੀਆਂ ਨੂੰ ਇੱਕ ਇੱਕ ਕਰਕੇ ਪਾਰਟੀ ਤੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਬਹੁਜਨ ਅੰਦੋਲਨ ਦਾ ਏਨਾ ਨੁਕਸਾਨ ਤਾ ਸਾਮੰਤਵਾਦੀ ਲੋਕ ਵੀ ਨਹੀਂ ਕਰ ਸਕੇ ਜਿਨ੍ਹਾਂ ਇਸ ਨੇਤਾ ਨੇ ਕੀਤਾ।

2019 ਦੀਆਂ ਚੋਣਾਂ ਤੋਂ ਬਾਅਦ ਪਾਰਟੀ ਸੰਗਠਨ ਵਿਚ ਆਏ ਫੇਰ ਬਦਲ ਤੋਂ ਲੈਕੇ ਹੁਣ ਤੱਕ ਮੈਂ ਪਾਰਟੀ ਅੰਦਰ ਕਿਸੇ ਵੀ ਛੋਟੇ ਵੱਡੇ ਅਹੁਦੇ ਤੇ ਵਿਰਾਜਮਾਨ ਨਹੀਂ ਰਿਹਾ। ਮੈਂ ਬਹੁਜਨ ਸਮਾਜ ਪਾਰਟੀ ਦਾ ਸੱਚਾ ਸੁਚਾ ਤੇ ਇਮਾਨਦਾਰ ਸਿਪਾਹੀ ਹੋਣ ਦੇ ਨਾਤੇ ਇੱਕ ਵੋਟਰ ਅਤੇ ਸਪੋਰਟਰ ਬਣਿਆ ਰਿਹਾ ਹਾਂ ਅਤੇ ਮੈਂ ਆਪਣੇ ਪਿੰਡ ਤੋਂ ਬਹੁਜਨ ਸਮਾਜ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਇਆ। ਪਾਰਟੀ ਅੰਦਰ ਬਿਨ੍ਹਾਂ ਕਿਸੇ ਅਹੁਦੇ ਤੋਂ ਮੈਂ ਪਾਰਟੀ ਵਿਰੋਧੀ ਕਿਹੜੀਆਂ ਗਤੀਵਿਧੀਆਂ ਕਰ ਸਕਦਾ ਹਾਂ ਇਸ ਗੱਲ ਦੀ ਮੈਨੂੰ ਵੀ ਸਮਝ ਨਹੀਂ ਆਈ।ਜਿਨ੍ਹਾਂ ਲੋਕਾਂ ਨੇ ਮੈਨੂੰ ਪਾਰਟੀ ਚੋਂ ਬਾਹਰ ਕੱਢਣ ਦਾ ਪ੍ਰੈਸ ਨੋਟ ਜਾਰੀ ਕੀਤਾ ਹੈ ਇਨ੍ਹਾਂ ਲੋਕਾਂ ਦਾ ਉਸ ਵਕਤ ਜਨਮ ਵੀ ਨਹੀਂ ਹੋਇਆ ਹੋਣਾ ਜਦੋਂ ਤੋਂ ਮੇਰਾ ਪਰਿਵਾਰ ਅਤੇ ਮੈਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਅੰਦੋਲਨ ਦੇ ਹਾਣੀ ਬਣੇ ਹੋਏ ਹਾਂ। ਇਹ ਤਾਂ ਮਜ਼ਬੂਰ ਲੋਕ ਹਨ ਜੋ ਆਪਣੀ ਹਾਈ ਕਮਾਂਡ ਦਾ ਕਹਿਣਾ ਨਹੀਂ ਮੋੜ ਸਕੇ। ਹੁਣ ਜਦੋਂ ਭਾਰਤ ਦੀਆਂ ਸਭ ਰਾਜਨੀਤਿਕ ਪਾਰਟੀਆਂ 2024 ਦੀਆਂ ਚੋਣਾਂ ਜਿੱਤਣ ਲਈ ਰਣਨੀਤੀ ਬਣਾ ਰਹੀਆਂ ਹਨ ਅਜਿਹੇ ਸਮੇਂ ਪਾਰਟੀ ਵਿਚੋਂ ਆਮ ਵੋਟਰ ਜਿਸ ਕੋਲ ਪਾਰਟੀ ਦਾ ਕੋਈ ਅਹੁਦਾ ਵੀ ਨਹੀਂ ਹੈ ਬਾਹਰ ਕੱਢਣਾ ਕਿੰਨਾ ਕੁ ਉਚਿਤ ਤੇ ਲਾਹੇਵੰਦ ਹੋ ਸਕਦਾ ਹੈ ਪਾਰਟੀ ਹਾਈ ਕਮਾਂਡ ਮੈਨੂੰ ਬਸਪਾ ਵਿਚੋਂ ਬਾਹਰ ਕੱਢ ਸਕਦੀ ਹੈ। ਪਰ ਮੇਰੇ ਅੰਦਰੋਂ ਬਸਪਾ ਨੂੰ ਬਾਹਰ ਨਹੀਂ ਕੱਢ ਸਕਦੇ। ਮੈਂ ਹਮੇਸ਼ਾਂ ਬਸਪਾ ਦੀ ਚੜ੍ਹਦੀ ਕਲਾ ਲਈ ਕੰਮ ਕਰਦਾ ਰਹਾਂਗਾ ਕਿਉਂਕਿ ਮੇਰੀ ਆਦਰਸ਼ ਭੈਣ ਕੁਮਾਰੀ ਮਾਇਆਵਤੀ ਜੀ ਹਨ। ਇਸ ਬਹੁਜਨ ਅੰਦੋਲਨ ਨੂੰ ਮੰਜ਼ਿਲ ਤੱਕ ਲੈ ਕੇ ਜਾਣਾ ਮੇਰਾ ਮੁੱਖ ਉਦੇਸ਼ ਰਹੇਗਾ।

# ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਵਿਖੇ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆ ਤੋਂ ਬਚਾਅ ਲਈ ਜਾਗਰੂਕਤਾ ਕੈਂਪ ਆਯੋਜਿਤ

**ਫਿਲੌਰ (ਜੱਸੀ)–** ਸਥਾਨਕ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਸਿਵਲ ਸਰਜਨ ਜਲੰਧਰ ਡਾ. ਰਮਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਸ. ਐੱਮ. ਓ ਅੱਪਰਾ ਡਾ. ਭੁਪਿੰਦਰ ਕੌਰ ਦੀ ਦੇਖ ਰੇਖ 'ਚ ਡੇਂਗੂ,




ਮਲੇਰੀਆ ਤੇ ਚਿਕਨਗੁਨੀਆ ਤੋਂ ਬਚਾਅ ਲਈ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦੌਰਾਨ ਹੈਲਥ ਸੁਪਰਵਾਈਜ ਗੁਰਨੇਕ ਲਾਲ ਨੇ ਮੌਸਮੀ ਬਿਮਾਰੀਆਂ ਤੋਂ ਬਚਾਅ ਤੇ ਉਨਾਂ ਦੇ ਉਪਾਅ ਬਾਰੇ ਜਾਣਕਾਰੀ ਦਿੱਤੀ। ਉਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਨੂੰ ਆਪਣੇ ਆਲੇ ਦੁਆਲੇ ਤੇ ਘਰਾਂ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤੇ ਘਰਾਂ 'ਚ ਗੰਦਾ ਪਾਣੀ ਖੜਨ ਨਹੀਂ ਦੇਣਾ ਚਾਹੀਦਾ। ਹੈਲਥ ਸੁਪਰਵਾਈਜ਼ਰ ਗੁਰਨੇਕ ਲਾਲ ਨੇ ਅੱਗੇ ਦੱਸਿਆ ਕਿ ਬੁਖਾਰ ਹੋਣ, ਅੱਖਾਂ ਜਾਂ ਸਰੀਰ 'ਚ ਦਰਦ ਹੋਣ 'ਤੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਗੁਰਨੇਕ ਲਾਲ ਹੈਲਥ ਸੁਪਰਵਾਈਜ਼ਰ ਨੇ ਟਾਇਫਾਈਡ, ਦਸਤ, ਉਲਟੀਆਂ, ਪੀਲੀਆ ਤੇ ਪੇਟ ਦਰਦ ਹੋਣ ਤੋਂ ਬਚਾਅ ਲਈ ਸਾਫ ਸੁਥਰੀਆਂ ਸਬਜ਼ੀਆਂ ਖਾਣ, ਬਜ਼ਾਰੀ ਵਸਤੂਆਂ ਤੋਂ ਪ੍ਰਹੇਜ਼ ਕਰਨ ਤੇ ਖਾਣ ਦੇ ਸਮੇਂ ਹੱਥ ਚੰਗੀ ਤਰਾਂ ਧੋਣ ਦੇ ਸੁਝਾਅ ਦਿੱਤੇ। ਇਸ ਮੌਕੇ ਸਕੂਲ ਦੇ ਡਾਇਰੈਕਟਰ ਸੰਦੀਪ ਰਾਣਾ ਨੇ ਵੀ ਵਿਦਿਆਰਥੀਆਂ ਨੂੰ ਘਰਾਂ ਤੇ ਆਲੇ ਦੁਆਲੇ ਦੀ ਸਫਾਈ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸ੍ਰੀ ਕਰੁਨੇਸ਼ ਨੰਦਾ ਨੇ ਵੀ ਵਿਦਿਆਰਥੀਆਂ ਨੂੰ ਆਪਣੇ ਆਲੇ ਦੁਆਲੇ ਦੀ ਸਫਾਈ ਰੱਖਣ ਲਈ ਜਰੂਰੀ ਸੁਝਾਅ ਦਿੱਤੇ। ਇਸ ਮੌਕੇ ਅਮਨਦੀਪ ਕੌਰ, ਆਰਤੀ, ਗੁਰਪ੍ਰੀਤ ਕੌਰ, ਪ੍ਰਭਜੋਤ ਕੌਰ, ਨੇਹਾ ਵਰਮਾ, ਅੰਜਲੀ, ਪਰਮਜੀਤ ਕੌਰ, ਸੰਦੀਪ ਕੁਮਾਰ, ਜਸਪ੍ਰੀਤ ਸਿੰਘ, ਸਤਵਿੰਦਰ ਸਿੰਘ, ਸਿਮ੍ਰਤੀ, ਸੀਮਾ, ਰਮਨਦੀਪ ਕੌਰ, ਪ੍ਰੀਤੀ ਰਾਣੀ, ਮਮਤਾ, ਮਨਦੀਪ ਕੌਰ, ਮਨੀਸ਼ਾ, ਕਾਜਲ ਤੇ ਸਮੂਹ ਸਟਾਫ਼ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਬੇਰੁਜ਼ਗਾਰ ਓਵਰਏਜ ਯੂਨੀਅਨ ਵੱਲੋਂ ਮੁੱਖ ਮੰਤਰੀ ਦੇ ਘਿਰਾਓ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ)–** ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਮਲੋਟ ਅਤੇ ਓਵਰਏਜ਼ ਮਲਟੀਪਰਪਜ ਹੈਲਥ ਵਰਕਰ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿਲਵਾਂ ਦੀ ਅਗਵਾਈ ਹੇਠ ਓਵਰਏਜ਼ ਬੇਰੁਜ਼ਗਾਰ ਯੂਨੀਅਨ ਪੰਜਾਬ 29 ਅਗਸਤ ਨੂੰ ਬਠਿੰਡਾ ਵਿਖੇ ਰੋਸ਼ ਪ੍ਰਦਰਸਨ ਕਰੇਗੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰ ਕੇ ਪੁਛਣਗੇ ਕਿ ਜਦੋਂ ਉਹਨਾਂ ਵੱਲੋਂ, ਕੈਬਨਿਟ ਸਬ ਕਮੇਟੀ ਅਤੇ ਸਿੱਖਿਆਂ ਮੰਤਰੀ ਵੱਲੋਂ ਉਮਰ ਹੱਦ ਵਿੱਚ ਛੋਟ ਦੇਣ ਦੀ ਹਾਮੀ ਭਰ ਦਿੱਤੀ ਹੈ ਫਿਰ ਪ੍ਰਸੋਨਲ ਵਿਭਾਗ ਵੱਲੋਂ ਵਾਰ ਵਾਰ ਸਿੱਖਿਆਂ ਵਿਭਾਗ ਤੋਂ ਫਾਇਲ ਦੀ ਮੰਗ ਕਰਨ ਤੇ ਵੀ ਕੇਸ ਤਿਆਰ ਕਰਕੇ ਕਿਉਂ ਨਹੀਂ ਭੇਜੀਆਂ ਜਾ ਰਿਹਾ।



ਇਸ ਸੰਬੰਧੀ ਜਾਣਕਾਰੀ ਦਿੰਦਿਆਂ ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਮਲੋਟ ਨੇ ਦੱਸਿਆ ਕਿ ਬੇਰੁਜਗਰਾਂ ਦੀ ਸਰਕਾਰ ਤੋਂ ਮੰਗ ਹੈ ਕਿ ਸਿੱਖਿਆ ਅਤੇ ਸਿਹਤ ਮਹਿਕਮੇ ਵਿੱਚ ਉਮਰ ਹੱਦ ਛੋਟ ਦੇ ਕੇ ਖਾਲੀ ਪਈਆਂ ਅਸਾਮੀਆਂ ਦਾ ਇਸ਼ਤਿਹਾਰ ਜਲਦੀ ਜਾਰੀ ਕੀਤਾ ਜਾਵੇ। ਜਿਸ ਤਰ੍ਹਾਂ ਕੈਬਨਿਟ ਨੇ ਸਹਾਇਕ ਪ੍ਰੋਫ਼ੈਸਰਾਂ ਦੀ ਭਰਤੀ ਲਈ ਉਮਰ ਹੱਦ 37 ਤੋਂ ਵਧਾ ਕੇ 45 ਸਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਉਸੇ ਤਰ੍ਹਾਂ ਹੀ ਬਾਕੀ ਭਰਤੀਆਂ ਲਈ ਵੀ ਉਮਰ ਹੱਦ ਵਿੱਚ ਛੋਟ ਦਾ ਨੋਟੀਫਿਕੇਸ਼ਨ ਜਲਦੀ ਜਾਰੀ ਕਰੇ। ਇਸ ਦੇ ਨਾਲ ਹੀ ਸਰਕਾਰ ਨੇ ਆਉਣ ਵਾਲੀ ਮਾਸਟਰ ਭਰਤੀ ਵਿਚ 55%ਦੀ ਬੇਤੁਕੀ ਸ਼ਰਤ ਨੂੰ ਲਾਗੂ ਕਰ ਦਿੱਤਾ ਹੈ ਉਸ ਨੂੰ ਰੱਦ ਕੀਤਾ ਜਾਵੇ।

# ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਉੜੀਸਾ ਦੇ ਆਦਿਵਾਸੀਆਂ ਨੂੰ ਕਰਵਾਏਗੀ ਪੀਣ ਵਾਲਾਂ ਪਾਣੀ ਨਸੀਬ- ਭਾਈ ਮੈਂਗੜਾ

**ਫਗਵਾੜਾ 26 ਅਗਸਤ (ਬੀ.ਕੇ.ਰੱਤੂ)–** ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰਾਂ ਭਾਈ ਰਾਮ ਸਿੰਘ ਮੈਂਗੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੀਆਂ ਦੱਸੀਆਂ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਉੜੀਸਾ ਦੇ ਆਦਿ ਵਾਸੀ ਇਲਾਕੀਆਂ ਵਿੱਚ ਜਾ ਕੇ ਜ਼ਰੂਰਤ ਮੰਦ ਲੋਕਾਂ ਦੀ ਹਰ ਸੰਭਵ ਮਦਦ ਕਰਨ ਦੀ ਕੋਸ਼ਿਸ਼ ਕਰੇਗੀ। ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਮੁੱਖ ਸੇਵਾਦਾਰ ਮੈਂਗੜਾ ਨੇ ਕਿਹਾ ਕਿ ਬਹੁਤ ਹੀ ਦੁੱਖ ਵਾਲੀ ਗੱਲ ਹੈ ਕੇ ਉੜੀਸਾ ਦੇ ਵਿੱਚ ਵਸ ਰਹੇ ਲੋਕਾਂ ਦੀ ਦੁਰਦਸ਼ਾ ਬਹੁਤ ਹੀ ਤਰਸਣ ਯੋਗ ਹੈ । ਭਾਵੇ ਕੇ ਦੇਸ਼ ਆਜ਼ਾਦ ਹੋਏ ਨੂੰ (76) ਸਾਲ ਹੋ ਗਏ ਹਨ ਉੜੀਸਾ ਸਟੇਟ ਜਾ ਫਿਰ ਭਾਰਤ ਦੇਸ਼ ਦਿਆ ਹੋਰ ਬਹੁਤ ਸਾਰੀਆਂ ਸਟੇਟਾਂ ਵਿੱਚ ਅੱਜ ਵੀ ਵੱਸ ਰਹੇ ਆਦਿ-ਵਾਸੀਆਂ ਦੀ ਜਿੰਦਗੀ ਵਿੱਚ ਕੋਈ ਸੁਧਾਰ ਨਹੀਂ ਆਈਆਂ। ਅੱਜ ਵੀ ਲੋਕ ਰੋਟੀ ਪਾਣੀ ਤੰਨ ਡੱਕਣ ਵਾਸਤੇ ਕੱਪੜਿਆਂ ਲਈ ਵੀ ਤਰਸ ਰਹੇ ਹਨ ਅਤੇ ਆਦਿ-ਵਾਸੀਆਂ ਦੀਆਂ ਵੱਸੋਂ ਵਾਲੀਆਂ ਬਸਤੀਆਂ ਵਿੱਚ ਹੈਡਪੱਪ ਤੱਕ ਨਹੀਂ ਹੈ ਕੋਈ ਪੜਾਈ ਲਿਖਾਈ ਲਈ ਸਕੂਲ ਨਹੀਂ ਰੋਜਗਾਰ ਦਾ ਕੋਈ ਸਾਧਨ ਨਹੀਂ। ਹੋਰ ਤਾਂ ਹੋਰ ਔਰਤਾਂ ਕੋਲ ਤੰਨ ਢੱਕਣ ਵਾਸਤੇ ਕੱਪੜੇ ਤੱਕ ਨਹੀਂ ਹੈ ।



ਸਾਡੇ ਸਮਾਜ ਦੀਆਂ ਧੀਆਂ ਭੈਣਾ ਮਾਤਵਾਂ ਆਪਣੇ ਤੰਨ ਢੱਕਣ ਨੂੰ ਵੀ ਤਰਸ ਰਹੀਆਂ ਹਨ, ਜੋ ਕੇ ਬਹੁਤ ਹੀ ਦੁੱਖਦਾਈ ਗੱਲ ਹੈ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਉੜੀਸਾ ਦਿਆ ਬਸਤੀਆਂ ਵਿੱਚ ਵੱਸ ਰਹੀਆਂ ਔਰਤਾਂ ਦੇ ਤੰਨ ਢੱਕਣ ਦੀ ਕੋਸ਼ਿਸ਼ ਕਰੇਗੀ। ਬੱਚਿਆਂ ਦੀ ਪੜਾਈ ਵਿੱਚ ਮਦਦ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨੇ ਵਿੱਚ ਮਦਦ ਵੀ ਕਰੇਗੀ। ਭਾਈ ਰਾਮ ਸਿੰਘ ਮੈਂਗੜਾ ਨੇ ਅੱਗੇ ਦੱਸਿਆਂ ਕੇ ਸਾਡੀ ਟੀਮ ਉੜੀਸਾ ਲਈ 28,08,2023, ਨੂੰ ਜਲੰਧਰ ਤੋਂ ਉੜੀਸਾ ਸਟੇਟ ਦੇ ਪਿੰਡਾਂ ਲਈ ਰਵਾਨਾ ਹੋਵੇਗੀ। ਤੇ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਸਾਰੇ ਮੈਂਬਰ ਸਾਹਿਬਾਨਾਂ ਤੱਨੋ ਮੰਨੋ ਧੰਨੋ ਉੜੀਸਾ ਦੇ ਆਦਿ-ਵਾਸੀਆਂ ਦਿਆ ਬਸਤੀਆਂ ਵਿੱਚ ਵੱਸ ਰਹੇ ਲੋਕਾਂ ਦੀਆਂ ਸਿਹਤ ਸਹੂਲਤਾਂ ਦਾ ਵੀ ਧਿਆਨ ਰੱਖਣਗੇ ਅਤੇ ਭਾਈ ਰਾਮ ਸਿੰਘ ਮੈਂਗੜਾ ਨੇ ਕਿਹਾ ਕੀ ਜੇਕਰ ਕੋਈ ਸੇਵਾਦਾਰ ਮਿਸ਼ਨ ਉੜੀਸਾ ਦੇ ਨਾਲ ਜਾਕੇ ਜਾ ਫਿਰ ਸੰਸਥਾ ਦੀ ਆਰਥਿਕ ਮਦਦ ਕਰਨੀ ਚਾਹੁੰਦਾ ਹੋਵੇ ਤਾਂ ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਈ ਮੇਲ, ਵੈਬਸਾਈਟ, ਇੰਸਟਾਗ੍ਰਾਮ, ਪੈਜ਼, ਫੇਸਬੁੱਕ, ਵੱਟਸਪ ਤੇ ਸਪੰਰਕ ਕਰ ਸਕਦਾ ਹੈ।

# ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਨੇ 14ਵੀਂ ਪੁਸਤਕ ਪ੍ਰਤੀਯੋਗਤਾ ਕਰਵਾਈ



**ਅੱਪਰਾ (ਜੱਸੀ)–** ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਵਲੋਂ ਸਾਰੇ ਭਾਰਤ 'ਚ 14ਵੀਂ ਪੁਸਤਕ ਪ੍ਰਤੀਯੋਗਤਾ ਕਰਵਾਈ ਗਈ। ਇਸ ਮੌਕੇ ਸੈਂਟਰ ਦੇ ਇੰਚਾਰਜ ਲਾਲ ਚੰਦ ਔਜਲਾ ਨੇ ਦੱਸਿਆ ਕਿ ਸੈਂਟਰ ਔਜਲਾ ਢੱਕ ਤਹਿ. ਫਿਲੌਰ ਵਿਖੇ 'ਡਾ. ਅੰਬੇਡਕਰ ਦਾ ਸੁਨੇਹਾ' ਪੁਸਤਕ 'ਤੇ ਪ੍ਰਤੀਯੋਗਤਾ ਕਰਵਾਈ ਗਈ। ਪ੍ਰਤੀਯੋਗਤਾ 'ਚ ਕੁੱਲ 48 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਬੋਲਦਿਆਂ ਸ੍ਰੀ ਲਾਲ ਚੰਦ ਔਜਲਾ ਨੇ ਕਿਹਾ ਕਿ ਉਨਾਂ ਨੂੰ ਬਾਬਾ ਸਾਹਿਬ ਦੇ ਜੀਵਨ, ਸੋਚ ਤੇ ਫਲਸਫੇ ਤੋਂ ਹਮੇਸ਼ਾ ਹੀ ਸੇਧ ਲੈ ਕੇ ਸਮਾਜ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਸੁਖਦੇਵ ਸਿੰਘ ਔਜਲਾ, ਦੇਸ ਰਾਜ ਔਜਲਾ, ਕ੍ਰਿਸ਼ਨ ਕੁਮਾਰ, ਨਿਰਮਲ ਸਿੰਘ ਔਡਲਾ. ਮੌਨੂੰ, ਲੱਕੀ ਔਜਲਾ, ਮਿੰਟੂ ਤੇ ਵਿਦਿਆਰਥੀ ਹਾਜ਼ਰ ਸਨ।

# ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਜਗਤਾਰ ਸਿੰਘ ਚਲ ਵਸੇ

**ਅੰਮ੍ਰਿਤਸਰ–** ਸਿੱਖ ਜਗਤ ਲਈ ਬਹੁਤ ਵੱਡੀ ਦੁੱਖ ਦੀ ਖ਼ਬਰ ਸਾਹਮਣੇ ਆਈ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਨੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਦਿੱਤਾ ਹੈ। ਕਾਬਲੇਜ਼ਿਕਰ ਹੈ ਕਿ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਗਿਆਨੀ ਸਿੰਘ ਸਾਹਿਬ ਦੇ ਦਿਹਾਂਤ ਦੀ ਖ਼ਬਰ ਐਤਵਾਰ ਨੂੰ ਮਿਲੀ ਹੈ। ਇਸ ਖ਼ਬਰ ਦੇ ਸਾਹਮਣੇ ਆਉਣ ਬਾਲ ਸਿੱਖ ਪੰਥ 'ਚ ਸ਼ੋਕ ਦੀ ਲਹਿਰ ਦੌੜ ਗਈ।

ਸਾਹਿਬ ਗਿਆਨੀ ਜਗਤਾਰ ਸਿੰਘ ਲੰਮਾ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਅਤੇ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਉਂਦੇ ਹੋਏ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਾਲ ਵਿਚਰਦੇ ਹੋਏ ਧਰਮਿਕ ਸਮਾਗਮਾਂ ਵਿਚ ਸ਼ਮੂਲੀਅਤ ਕਰਦੇ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 26 ਨਵੰਬਰ 2022 ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਵਿਖੇ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕਰ ਕੇ ਉਨ੍ਹਾਂ ਸੇਵਾ ਮੁਕਤ ਕੀਤਾ ਸੀ।

ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਮਲਕੀਤ ਸਿੰਘ ਜੀ, ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਹਰਵਿੰਦਰ ਪਾਲ ਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਅਤੇ ਮਾਤਾ



ਵਿਪਨਪੀਤ ਕੌਰ ਨੇ ਕਿਹਾ ਕਿ ਗਿਆਨੀ ਜਗਤਾਰ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਜਾਣ ਨਾਲ ਪਰਿਵਾਰ ਅਤੇ ਪੰਥ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਿੰਘ ਸਾਹਿਬ ਜੀ ਨੇ ਆਪਣਾ ਸਾਰਾ ਜੀਵਨ ਗੁਰਮੁੱਖਤਾਈ ਅਤੇ ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਉਪਰ ਪਹਿਰਾ ਦਿੰਦਿਆਂ ਬਤੀਤ ਕੀਤਾ ਹੈ। ਉਹਨਾਂ ਵੱਲੋਂ ਕੀਤੀਆਂ ਸੇਵਾਵਾਂ ਨੂੰ ਪੰਥ ਸਦਾ ਯਾਦ ਰੱਖੇਗਾ। ਸਤਿਗੁਰੂ ਜੀ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਗੀਤਕਾਰ ਦੇਵ ਕੋਹਲੀ ਦਾ 81 ਸਾਲ ਦੀ ਉਮਰ 'ਚ ਹੋਇਆ ਦੇਹਾਂਤ

**ਮੁੰਬਈ–** ਭਾਰਤੀ ਸਿਨੇਮਾ ਦੇ ਮਸ਼ਹੂਰ ਗੀਤਕਾਰ ਦੇਵ ਕੋਹਲੀ ਦਾ ਅੱਜ ਮੁੰਬਈ ਵਿਖੇ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ 100 ਤੋਂ ਵੱਧ ਹਿੰਦੀ ਫਿਲਮਾਂ ਲਈ ਗੀਤ ਲਿਖੇ ਸਨ ਅਤੇ ਉਨ੍ਹਾਂ ਦੇ ਕਈ ਗੀਤ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਹਨ। 81 ਸਾਲਾਂ ਦੇਵ ਕੋਹਲੀ ਦੀ ਸਿਹਤ ਪਿਛਲੇ ਕੁਝ ਮਹੀਨਿਆਂ ਤੋਂ ਖਰਾਬ ਸੀ। ਉਨ੍ਹਾਂ ਦਾ ਇਲਾਜ ਕੋਕਿਲਾਬੇਨ ਅੰਬਾਨੀ ਹਸਪਤਾਲ 'ਚ ਚੱਲ ਰਿਹਾ ਸੀ। ਇਸ ਹੋਣਹਾਰ ਗੀਤਕਾਰ ਦੀ ਇਲਾਜ ਦੌਰਾਨ ਮੌਤ ਹੋ ਗਈ। ਗੀਤਕਾਰ ਨੂੰ ਆਪਣਾ 'ਜਨੂੰਨ' ਮੰਨਣ ਵਾਲੇ ਦੇਵ ਕੋਹਲੀ ਕੁਆਰੇ ਸਨ।ਦੇਵ ਕੋਹਲੀ ਨੇ ਕਈ ਹਿੰਦੀ ਫਿਲਮਾਂ ਲਈ ਗੀਤ ਲਿਖੇ ਸਨ। ਇਸ ਵਿੱਚ 'ਮੈਂ ਪਿਆਰ ਕੀਆ', 'ਬਾਜ਼ੀਗਰ', 'ਜੁੜਵਾ', 'ਮੁਸਾਫਿਰ' ਆਦਿ ਮਸ਼ਹੂਰ ਫਿਲਮਾਂ ਸ਼ਾਮਲ ਹਨ। ਸੰਗੀਤ ਨਿਰਦੇਸ਼ਕਾਂ ਰਾਮ ਲਕਸ਼ਮਣ, ਅਨੂ ਮਲਿਕ, ਆਨੰਦ ਰਾਜ ਆਨੰਦ, ਆਨੰਦ-ਮਿਲਿੰਦ ਨਾਲ ਉਸ ਦੇ ਗੀਤ ਵਿਸ਼ੇਸ਼ ਤੌਰ 'ਤੇ ਯਾਦਗਾਰ ਬਣ ਗਏ। ਉਸ ਨੂੰ ਫਿਲਮ ਇੰਡਸਟਰੀ ਵਿੱਚ ਆਪਣੀ ਤਾਕਤ ਅਤੇ ਪ੍ਰਤਿਭਾ ਦੇ ਅਨੁਕੂਲ ਮੌਕੇ ਨਹੀਂ ਮਿਲੇ ਸਨ।



ਦੱਸ ਦਈਏ ਕਿ ਕੋਹਲੀ ਦਾ ਜਨਮ 2 ਨਵੰਬਰ 1942 ਨੂੰ ਰਾਵਲਪਿੰਡੀ (ਪਾਕਿਸਤਾਨ) ਵਿੱਚ ਹੋਇਆ ਸੀ, ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਗੀਤਕਾਰ ਦੇਹਰਾਦੂਨ ਆ ਕੇ ਵੱਸ ਗਏ। ਦੇਵ ਕੋਹਲੀ ਮਹਿਜ਼ 16 ਸਾਲ ਦੇ ਸਨ, ਜਦੋਂ ਉਹਨਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਫਿਰ ਉਹ 22 ਸਾਲ ਦੀ ਉਮਰ ਵਿੱਚ ਕੰਮ ਦੀ ਤਲਾਸ਼ ਲਈ ਮੁੰਬਈ ਆ ਗਏ।

ਪਹਿਲੀ ਵਾਰ ਦੇਵ ਕੋਹਲੀ ਨੂੰ ਸਾਲ 1969 'ਚ ਫਿਲਮ 'ਗੁੰਡਾ' 'ਚ ਮੌਕਾ ਮਿਲਿਆ ਪਰ ਸਾਲ 1971 'ਚ ਬਣੀ ਫਿਲਮ ਲਾਲ ਪੱਥਰ ਲਈ ਲਿਖਿਆ ਗੀਤ 'ਗੀਤਾ ਗਾਤਾ ਹੂੰ ਮੈਂ' ਉਨ੍ਹਾਂ ਦੀ ਪਹਿਲੀ ਸਫਲਤਾ ਸੀ। ਇਹ ਗੀਤ ਅੱਜ ਵੀ ਲੋਕਾਂ ਦੇ ਬੁੱਲਾਂ 'ਤੇ ਛਾਇਆ ਹੋਇਆ ਹੈ। ਦੱਸ ਦਈਏ ਕਿ ਸਾਲ 1970 ਤੋਂ 1980 ਤੱਕ ਉਨ੍ਹਾਂ ਦੀ ਪਛਾਣ ਨਹੀਂ ਸੀ ਪਰ ਸਾਲ 1989 'ਚ ਸਲਮਾਨ ਖਾਨ ਦੀ ਮੈਗਾਬਲਾਕਸਟਰ ਫਿਲਮ 'ਮੈਂ ਪਿਆਰ ਕੀਆ' ਲਈ ਉਨ੍ਹਾਂ ਨੇ ਕਬੂਤਰ ਜਾ ਜਾ, ਦੀਦੀ ਤੇਰਾ ਦੇਵਰ ਦੀਵਾਨਾ ਵਰਗੇ ਗੀਤ ਲਿਖੇ। ਜਿਨ੍ਹਾਂ ਨੇ ਉਸ ਨੂੰ ਅਲੱਗ ਪਹਿਚਾਣ ਦਿਵਾਈ। ਦੇਵ ਕੋਹਲੀ ਦੀ ਮ੍ਰਿਤਕ ਦੇਹ ਨੂੰ ਅੱਜ ਦੁਪਹਿਰ 2 ਵਜੇ ਅੰਧੇਰੀ ਦੇ ਲੋਖੰਡਵਾਲਾ ਕੰਪਲੈਕਸ ਸਥਿਤ ਲਿਆਂਦਾ ਜਾਵੇਗਾ। ਉਸ ਤੋਂ ਬਾਅਦ ਓਸ਼ੀਵਾਰਾ ਸ਼ਮਸ਼ਾਨਘਾਟ 'ਚ ਉਨ੍ਹਾਂ ਦਾ ਸਸਕਾਰ ਕੀਤਾ ਜਾਵੇਗਾ।

# ਸ਼ਿਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਕੋਟਕਪੂਰਾ ਵਿਖੇ 5 ਸਤੰਬਰ ਨੂੰ ਬਹੁਜਨ ਸਮਾਜ ਪਾਰਟੀ ਵਲੋਂ ਮਨਾਇਆ ਜਾਵੇਗਾ

ਪ੍ਰੋਗਰਾਮ ਵਿੱਚ ਲੋਕ ਸਭਾ ਬਠਿੰਡਾ, ਲੋਕ ਸਭਾ ਫ਼ਰੀਦਕੋਟ ਅਤੇ ਲੋਕ ਸਭਾ ਫਿਰੋਜ਼ਪੁਰ ਦੀ ਸੈਕਟਰ ਪ੍ਰਧਾਨ ਤੱਕ ਦੀ ਲੀਡਰਸ਼ਿਪ ਸ਼ਾਮਿਲ ਹੋਵੇਗੀ। ਸਿਰਫ ਫਰੀਦਕੋਟ ਜਿਲ੍ਹੇ ਦੀਆਂ ਤਿੰਨ ਵਿਧਾਨ ਸਭਾ ਦਾ ਸੈਕਟਰ ਕਮੇਟੀਆਂ ਦਾ ਸਾਰਾ ਢਾਂਚਾ ਹਾਜ਼ਿਰ ਹੋਵੇਗਾ। ਬਾਕੀ ਸਾਰੀਆਂ ਵਿਧਾਨ ਸਭਾ ਦੇ ਸੈਕਟਰ ਪ੍ਰਧਾਨ ਤੱਕ ਦੇ ਅਹੁਦੇਦਾਰ ਹਾਜ਼ਰੀ ਭਰਨਗੇ ਜਿਸ ਲਈ ਆਪਣੀ ਆਪਣੀ ਵਿਧਾਨ ਸਭਾ ਪੱਧਰ ਤੇ ਸੂਬਾ ਕਮੇਟੀ, ਜਿਲ੍ਹਾ ਕਮੇਟੀ ਤੇ ਵਿਧਾਨ ਸਭਾ ਅਹੁਦੇਦਾਰ ਮਿਲਜੁਲਕੇ ਸੈਕਟਰ ਕਮੇਟੀਆਂ ਨੂੰ ਪੂਰਾ ਕਰਨ। ਸਖ਼ਤ ਨਿਰਦੇਸ਼ ਹੈ ਕਿ ਆਮ ਭੀੜ ਤੋਂ ਗੁਰੇਜ਼ ਕੀਤਾ ਜਾਵੇ ਤਾਂਕਿ ਸੰਗਠਨ ਦੀ ਲੀਡਰਸ਼ਿਪ ਨੂੰ ਚੈੱਕ ਕੀਤਾ ਜਾਵੇ ਅਤੇ ਸੰਗਠਨ ਲੀਡਰਸ਼ਿਪ ਨੂੰ ਕੇਡਰ ਕੀਤਾ ਜਾ ਸਕੇ।

*ਜਿਲ੍ਹਾ ਇੰਚਾਰਜ ਤੇ ਲੋਕ ਸਭਾ ਇੰਚਾਰਜ , ਜਿਲ੍ਹਾ ਪ੍ਰਧਾਨ ਤੇ ਹਲਕਾ ਇੰਚਾਰਜ ਨੋਟ ਕਰਨ , ਤਿੰਨੋ ਲੋਕ ਸਭਾ ਅਧੀਨ ਆਉਂਦੀਆਂ ਵਿਧਾਨ ਸਭਾਵਾਂ ਦਾ ਸੈਕਟਰ ਕਮੇਟੀਆਂ ਦਾ ਫੋਲਡਰ ਜਮਾਂ ਕਰਵਾਇਆ ਜਾਵੇਗਾ।*



***ਪਹੁੰਚ ਰਹੇ ਆਗੂ***

ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਸੂਬਾ ਇੰਚਾਰਜ ਤੇ ਵਿਧਾਇਕ ਡਾ ਨਛੱਤਰ ਪਾਲ, ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ।

ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ ਜੀ ਸੈਕਟਰ ਪੱਧਰ ਦੇ ਢਾਂਚੇ ਲਈ ਤਿੰਨੋ ਲੋਕ ਸਭਾ ਤੋਂ ਰਿਪੋਰਟਾਂ ਇਕੱਠੀਆਂ ਕਰਨ ਲਈ ਵਿਸੇਸ਼ ਉਪਰਾਲੇ ਕਰਨਗੇ।

**ਜਾਰੀ ਕਰਤਾ**
**ਜਸਵੀਰ ਸਿੰਘ ਗੜ੍ਹੀ**
**ਸੂਬਾ ਪ੍ਰਧਾਨ, ਬਸਪਾ ਪੰਜਾਬ।**

# ਨਹੀਂ ਰਹੇ ਪ੍ਰਸਿੱਧ ਪੱਤਰਕਾਰ ਅਤੇ ਦਲਿਤ ਸਾਹਿਤਕਾਰ ਦੇਸ ਰਾਜ ਕਾਲੀ

**ਚੰਡੀਗੜ੍ਹ–** ਪੰਜਾਬੀ ਦੇ ਨਾਮਵਰ ਪੱਤਰਕਾਰ, ਦਲਿਤ ਸਾਹਿਤ ਦੇ ਰਚੇਤਾ ਅਤੇ ਨਾਵਲਕਾਰ ਦੇਸ ਰਾਜ ਕਾਲੀ ਦਾ ਦੇਹਾਂਤ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਸਾਹਿਤ ਜਗਤ ਨੂੰ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਡੂੰਘਾ ਸਦਮਾ ਲੱਗਾ ਹੈ। ਜਾਣਕਾਰੀ ਮੁਤਾਬਿਕ ਦੇਸਰਾਜ ਕਾਲੀ ਲੰਬੇ ਸਮੇਂ ਤੋਂ ਕਿਸੇ ਬਿਮਾਰੀ ਨਾਲ ਪੀੜਤ ਸਨ ਅਤੇ 52 ਵਰ੍ਹਿਆਂ ਦੀ ਉਮਰ ਵਿੱਚ ਕਾਲੀ ਦਾ ਦੇਹਾਂਤ ਹੋ ਗਿਆ ਹੈ। ਦੇਸਰਾਜ ਕਾਲੀ ਚੰਡੀਗੜ੍ਹ ਦੇ ਪੀਜੀਆਈ ਵਿੱਚ ਜ਼ੇਰੇ ਇਲਾਜ਼ ਸਨ ਅਤੇ ਇੱਥੇ ਹੀ ਉਨ੍ਹਾਂ ਦੀ ਮੌਤ ਹੋਈ ਹੈ।

ਦੇਸ ਰਾਜ ਕਾਲੀ ਪੱਤਰਕਾਰੀ ਅਤੇ ਸਾਹਿਤਕਾਰੀ ਦੇ ਸੁਮੇਲ ਵਜੋਂ ਪ੍ਰਸਿੱਧ ਸਨ। ਉਨ੍ਹਾਂ ਨੇ ਪੰਜਾਬੀ ਵਿੱਚ ਦਲਿਤ ਸਾਹਿਤ ਦੀ ਖੁੱਲ੍ਹ ਕੇ ਗੱਲ ਕੀਤੀ ਹੈ। ਦੇਸ ਰਾਜ ਕਾਲੀ ਨੇ ਜਲੰਧਰ ਤੋਂ ਛਪਣ ਵਾਲੇ ਇਨਕਲਾਬੀ ਅਖ਼ਬਾਰ ਨਵਾਂ ਜ਼ਮਾਨਾ ਤੋਂ



ਆਪਣੀ ਪੱਤਰਕਾਰੀ ਸ਼ੁਰੂ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਸਾਹਿਤ ਨੇ ਵੀ ਇੱਕ ਲੰਬਾ ਸਫ਼ਰ ਤੈਅ ਕੀਤਾ ਹੈ। ਕਾਲੀ ਨੇ ਪੰਜਾਬ ਦੇ ਮੁੱਦਿਆਂ ਉੱਤੇ ਖੁੱਲ੍ਹ ਕੇ ਗੱਲ ਕੀਤੀ ਹੈ। ਜਾਣਕਾਰੀ ਮੁਤਾਬਿਕ ਦੇਸ ਰਾਜ ਕਾਲੀ ਦਾ ਅੰਤਿਮ ਸਸਕਾਰ 29 ਅਗਸਤ ਮੰਗਲਵਾਰ ਨੂੰ ਕੀਤਾ ਜਾਵੇਗਾ। ਦੇਸ ਰਾਜ ਕਾਲੀ ਨੇ ਸਾਹਿਤ ਸਫ਼ਰ ਦੀ ਸ਼ੁਰੂਆਤ ਪਹਿਲੀ ਕਿਤਾਬ ਕੱਥਕਾਲੀ ਤੋਂ ਕੀਤੀ ਸੀ। ਇਸ ਤੋਂ ਉਨ੍ਹਾਂ ਨੇ ਤਸੀਹੇ ਕਦੇ ਬੁੱਢੇ ਨਹੀਂ ਹੁੰਦੇ, ਫਕੀਰੀ, ਚਾਨਣ ਦੀ ਲੀਕ, ਚੁੱਪ ਕੀਤੇ ਅਤੇ ਯਹਾਂ ਚਾਏ ਅੱਛੀ ਨਹੀਂ ਬਨਤੀ ਆਦਿ ਕਿਤਾਬਾਂ ਦੀ ਰਚਨਾ ਕੀਤੀ ਹੈ। ਇਸੇ ਤਰ੍ਹਾਂ ਕਾਲੀ ਨੇ ਪਰਣੇਸ਼ਵਰੀ, ਅੰਤਹੀਣ, ਪ੍ਰਥਮ ਪੌਰਾਣ, ਸ਼ਾਂਤੀ ਪਰਵ, ਠੁਮਰੀ ਆਦਿ ਪ੍ਰਸਿੱਧ ਨਾਵਲ ਲਿਖ ਕੇ ਸਾਹਿਤ ਵਿੱਚ ਵੱਖਰੀ ਪਛਾਣ ਹਾਸਿਲ ਕੀਤੀ ਹੈ। ਇਹ ਵੀ ਯਾਦ ਰਹੇ ਕਿ ਪਰਣੇਸ਼ਵਰੀ ਕਾਲੀ ਦਾ ਪਲੇਠਾ ਨਾਵਲ ਸੀ।

# ਸ਼ਰਾਬ, ਪੈਟਰੋਲ ਅਤੇ ਡੀਜ਼ਲ ਪਦਾਰਥਾਂ ਉਤੇ ਜੀ ਐਸ ਟੀ ਕਿਉਂ ਨਹੀਂ ਹੈ? ਲੇਬਰ ਪਾਰਟੀ ਵਲੋਂ ਕੀਤਾ ਮੁਜਾਹਰਾ

## ਪਾਰਦਰਸ਼ਤਾ ਅਤੇ ਟੈਕਸਾਂ ਦੀ ਰਾਹਿਤ ਸਭ ਲਈ ਬਰਾਬਰ ਪੈਮਾਨਾ ਅਪਣਾਇਆ ਜਾਵੇ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਗੁੱਡ'ਜ ਐਂਡ ਸਰਵਿਸ ਟੈਕਸ ਅਧੀਨ ਸਰਕਾਰਾਂ ਨੇ ਹੋਲੀ ਹੋਲੀ ਸਿੱਖਿਆ, ਸਿਹਤ ਸੇਵਾਵਾਂ, ਭੋਜਨ ਪਦਾਰਥਾਂ, ਨਿਊਜ਼ ਪੇਪਰਾਂ (ਮੀਡੀਆ), ਲਾਟਰੀ ਅਤੇ ਬੱਚਿਆਂ ਦੇ ਖਾਣ ਵਾਲੀਆਂ ਟੋਫੀਆਂ, ਚਾਕਲੇਟਾਂ, ਸੋਫਟ ਡ੍ਰਿੰਕਸ ਆਦਿ ਲਗਭਗ ਸਾਰੇ ਪਦਾਰਥਾਂ ਉਤੇ ਸਿੱਧੇ ਅਸਿੱਧੇ ਤਰੀਕੇ ਨਾਲ ਹੀ ਜੀ ਐਸ ਟੀ ਵਰਗੇ ਟੈਕਸ ਲਗਾ ਦਿੱਤੇ ਹਨ। ਪਰ ਸਰਕਾਰਾਂ ਅਪਣੇ ਨਿੱਜੀ ਸਵਾਰਥ ਕਾਰਨ ਸ਼ਰਾਬ, ਪੈਟਰੋਲ ਅਤੇ ਡੀਜ਼ਲ ਨੂੰ ਜੀਐਸਟੀ ਦੇ ਘੇਰੇ ਤੋਂ ਬਾਹਰ ਰੱਖ ਕੇ ਗੈਰ ਸੰਵਿਧਾਨਕਤਾਂ ਨੂੰ ਤਰਜੀਹ ਦੇਣ ਅਤੇ ਦੇਸ਼ ਦੀ ਆਰਥਿਕਤਾ ਤੇ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਨਾਲ ਖਿਲਵਾੜ ਕਰ ਰਹੀ ਹੈ। ਇਸ ਦੇ ਸੰਬੰਧ ਵਿਚ ਅੱਜ ਲੇਬਰ ਪਾਰਟੀ ਵਲੋਂ ਅੱਡਾ ਮਾਹਿਲਪੁਰ ਵਿਚ ਕੇਂਦਰ ਅਤੇ ਪ੍ਰਦੇਸ਼ ਸਰਕਾਰਾਂ ਦੀਆ ਦੋਗਲੀਆਂ ਤੇ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਨਾਲ ਖਿਲਵਾੜ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਪਾਰਟੀ ਪ੍ਰਧਾਨ ਜੈ ਗੋਪਾਲ ਧੀਮਾਨ ਤੇ ਮਹਿਲਾ ਆਗੂ ਮਨਦੀਪ ਕੌਰ ਦੀ ਅਗਵਾਈ ਵਿਚ ਅੱਡਾ ਮਾਹਿਲਪੁਰ 'ਚ ਮੁਜਾਹਰਾ ਕੀਤਾ ਤੇ ਕਿਹਾ ਕਿ ਅਜਿਹੀਆਂ ਅਪਾਰਦਰਸ਼ਤਾ ਵਾਲੀਆਂ ਨੀਤੀਆਂ ਕਾਰਨ ਲੋਕਾਂ ਦਾ ਵੱਡੇ ਪਧੱਰ ਉਤੇ ਆਰਥਿਕ ਅਤੇ ਸਮਾਜਿਕ ਸੋਸ਼ਣ ਹੋ ਰਿਹਾ ਹੈ। ਸਰਕਾਰਾਂ ਅਪਣਾ ਵੀ ਟੈਕਸ ਕੁਲੈਕਸ਼ਨ ਪ੍ਰਤੀ ਵੱਡਾ ਨੁਕਸਾਨ ਕਰ ਰਹੀਆਂ ਹਨ। ਧੀਮਾਨ ਨੇ ਕਿਹਾ ਕਿ ਅਜਿਹੇ ਸਵਾਲ ਤਾਂ ਰਾਜਨੀਤਕ ਪਾਰਟੀਆਂ ਨੂੰ ਪਾਰਲੀਮੈਂਟ ਵਿਚ ਉਠਾਉਣੇ ਚਾਹੀਦੇ ਹਨ। ਪਰ ਉਹ ਸਾਰੀਆਂ ਪਾਰਟੀਆਂ ਅਪਣੇ ਅਪਣੇ ਨਿੱਜੀ ਸਵਾਰਥ ਨਾਲ ਬੱਝੀਆਂ ਹੋਣ ਕਰਕੇ ਲੋਕਾਂ ਦਾ ਤੇ ਦੇਸ਼ ਦਾ ਵੱਡਾ ਨੁਕਸਾਨ ਕਰ ਰਹੀਆਂ ਹਨ। ਚਾਹੇ ਕੋਈ ਵੀ ਰਾਜਨੀਤਕ ਪਾਰਟੀ ਹੋਵੇ ਪਰ ਪਾਰਦਰਸ਼ਤਾ ਲਈ ਅਵਾਜ਼ ਬੁੱਲਦ ਨਾ ਕਰਨਾ ਪੂਰੀ ਤਰ੍ਹਾਂ ਗੈਰ ਸੰਵਿਧਾਨਕ ਹੈ। ਸ਼ਰਾਬ ਦੇ ਕਾਰੋਬਾਰ ਵਿਚ ਵੱਡੇ ਘਪਲੇ ਅਤੇ ਇਸ ਦੀ ਅਤੇ ਪੈਟਰੋਲ, ਡੀਜ਼ਲ ਦੀ ਬਲੈਕ ਮਾਰਕੀਟਿੰਗ ਵੀ ਇਨ੍ਹਾਂ ਸਾਰੀਆਂ ਸਰਕਾਰਾਂ ਦੀਆਂ ਨੀਤੀਆਂ ਦੇ ਨਤੀਜਿਆਂ ਦੀ ਹੀ ਦੇਣ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਇਹ ਵੀ ਹੈ ਕਿ ਬੱਚਿਆਂ ਦੀਆਂ ਟੋਫੀਆਂ, ਸਟੇਸ਼ਨਰੀ ਅਤੇ ਨਿਊਜ਼ ਪੇਪਰ 18 ਪ੍ਰੀਤਸ਼ਤ ਜੀਐਸਟੀ ਦੇ ਘੇਰੇ ਅੰਦਰ ਤਾਂ ਸਰਕਾਰ ਲੈ ਆਈ ਹੈ, ਪਰ ਸ਼ਰਾਬ ਜਿਹੜਾ ਕਿ ਇਕ ਨਸ਼ਾ ਹੈ, ਉਸ ਨੂੰ ਜੀਐਸਟੀ ਦੇ ਘੇਰੇ ਤੋਂ ਬਾਹਰ ਕਰਕੇ ਸਰਕਾਰਾਂ ਲੋਕਾਂ ਨੂੰ ਸ਼ਰਾਬੀ ਬਣਾਉਣ ਦਾ ਠੋਸ ਉਪਰਾਲਾ ਕਰ ਰਹੀਆਂ ਹਨ। ਪੰਜਾਬ ਅੰਦਰ ਔਰਤਾਂ ਲਈ ਵੱਖਰੇ ਸ਼ਰਾਬ ਦੇ ਠੇਕ ਖੋਲ੍ਹਣ ਨੂੰ ਲੈ ਕੇ ਨਿੰਦਾ ਕਰਦਿਆ ਕਿਹਾ ਕਿ ਇਹ ਕਿੱਥੇ ਦੀ ਦੇਸ਼ ਭਗਤੀ ਹੈ। ਧੀਮਾਨ ਨੇ ਕਿਹਾ ਕਿ ਨਿਊਜ਼ ਪੇਪਰ ਤਾਂ ਇਕ ਸਿੱਖਿਆ ਦਾ ਅਤੇ ਲੋਕਤੰਤਰ ਦਾ ਇਕ ਵੱਡਾ ਸਤੰਭ ਹੈ। ਨਿਊਜ਼ ਪੇਪਰਾਂ ਦੀ ਆਨ ਲਾਇਨ ਸਬਸਕ੍ਰਿਪਸ਼ਨ ਨੂੰ ਵੀ 18 ਪ੍ਰਤੀਸ਼ਤ ਜੀਐਸਟੀ ਦੇ ਘੇਰੇ ਵਿੱਚ ਲਿਆ ਕਿ ਬਹੁਤ ਹੀ ਗਲਤ ਕੰਮ ਕੀਤਾ ਤੇ ਇਸ ਦੀ ਮਹੱਤਤਾ ਦੀ ਤੁਲਨਾ ਸ਼ਰਾਬ ਨਾਲ ਨਹੀਂ ਕੀਤੀ ਜਾ ਸਕਦੀ। ਜਦੋਂ ਕਿ ਚਾਹੀਦਾ ਤਾਂ ਇਹ ਸੀ ਕਿ ਸ਼ਰਾਬ ਨੂੰ ਵੱਧ ਤੋਂ ਵੱਧ ਜੀਐਸਟੀ ਦੇ ਤੇ ਪੈਟਰੋਲ ਅਤੇ ਡੀਜ਼ਲ ਨੂੰ 18 ਪ੍ਰਤੀਸ਼ਤ ਜੀਐਸਟੀ ਦੇ ਘੇਰੇ ਅੰਦਰ ਲੈ ਕੇ ਆਉਂਦੇ ਤੇ ਬਾਕੀ ਦੇ ਸਾਰੇ ਪਦਾਰਥ ਬਾਅਦ ਵਿਚ ਤਾਂ ਕਿ ਭੋਜਨ, ਸਿੱਖਿਆ, ਬੈਂਕਿੰਗ ਪ੍ਰਨਾਲੀ, ਸਟੇਸ਼ਨਰੀ, ਦਵਾਈਆਂ ਉਤੇ ਘੱਟ ਤੋਂ ਘੱਟ ਜੀਐਸਟੀ ਲਗਾਈ ਜਾਂਦੀ। ਕਿਉਂਕਿ ਇਹ ਪਦਾਰਥ ਤਾਂ ਸਭ ਨਾਗਿਰਕਾਂ ਦੀ ਮੁੱਢਲੀ ਲੋੜ ਹੈ ਅਤੇ ਇਹ ਜਰੂਰੀ ਸੇਵਾਵਾਂ ਦੀ ਸੂਚੀ ਵਿਚ ਵੀ ਹੋਣੇ ਚਾਹੀਦੇ ਸਨ। ਪਰ ਇਹ ਸਭ ਕੁਝ ਉਲਟ ਦਿਸ਼ਾ ਵਿਚ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿ ਪੈਟਰੋਲ ਤੇ ਡੀਜ਼ਲ ਦੇਸ਼ ਦੀ ਆਰਥਿਕਤਾ ਦੇ ਪੈਰ ਹਨ। ਪਰ ਉਨ੍ਹਾਂ ਉਤੇ ਹੀ ਸਰਕਾਰਾਂ ਨੇ ਕੁਲਹਾੜਾ ਮਾਰਿਆ ਤੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰ ਦਿਤਾ ਹੈ। ਧੀਮਾਨ ਨੇ ਕਿਹਾ ਕਿ ਅਗਰ ਸਰਕਾਰਾਂ ਨੇ ਅਜਿਹੀਆਂ ਨੀਤੀਆਂ ਜਾਰੀ ਰੱਖੀਆਂ ਤਾਂ ਆਮ ਲੋਕ ਜਰੂਰੀ ਸੇਵਾਵਾਂ ਤੋਂ ਦੂਰ ਹੋ ਜਾਣਗੇ। ਜਿਸ ਨਾਲ ਉਨ੍ਹਾਂ ਲੋਕਾਂ ਦੀ ਸਿਹਤ ਅਤੇ ਰਹਿਣ ਸਹਿਣ ਉਤੇ ਭੱਵਿਖ ਵਿਚ ਬੁਰਾ ਪ੍ਰਭਾਵ ਵੇਖਣ ਨੂੰ ਮਿਲੇਗਾ। ਸਾਰੀਆਂ ਰਾਜਨੀਤਕ ਪਾਰਟੀਆਂ ਇਹ ਦੱਸਣ ਕਿ ਸ਼ਰਾਬ, ਪੈਟਰੋਲ ਅਤੇ ਡੀਜ਼ਲ ਨੂੰ ਜੀਐਸਟੀ ਦੇ ਘੇਰੇ ਅੰਦਰ ਰੱਖਣ ਲਈ ਕਿਉਂ ਅੱਖਾਂ ਮੀਟੀਆਂ ਜਾ ਰਹੀਆਂ ਹਨ।ਧੀਮਾਨ ਨੇ ਕਿਹਾ ਕਿ ਲੇਬਰ ਪਾਰਟੀ ਇਸ ਮੁਦੇ ਨੂੰ ਲੋਕਾਂ ਦੀ ਅਦਾਲਤ ਵਿਚ ਰੱਖੇਗੀ ਅਤੇ ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਹਿਯੋਗ ਦੇਣ ਲਈ ਅੱਗੇ ਆਉਣ।



# ਖੇਡਾਂ ਵਤਨ ਪੰਜਾਬ ਦੀਆਂ-2 ਤਹਿਤ ਖਿਡਾਰੀਆਂ ਨੂੰ ਵਧ ਚੜ੍ਹ ਕੇ ਰਜਿਸਟਰੇਸ਼ਨ ਕਰਵਾਉਣ ਦਾ ਦਿੱਤਾ ਸੱਦਾ

## ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਸਮੇਤ ਕਈ ਚੇਅਰਮੈਨ ਤੇ ਹੋਰ ਸ਼ਖ਼ਸੀਅਤਾਂ ਵੀ ਹੋਈਆਂ ਸਵਾਗਤੀ ਸਮਾਰੋਹ ਵਿੱਚ ਸ਼ਾਮਲ

**ਸੰਗਰੂਰ, (ਦਲਜੀਤ ਕੌਰ)-** ਖੇਡਾਂ ਵਤਨ ਪੰਜਾਬ ਦੀਆਂ ਤਹਿਤ ਸੰਗਰੂਰ ਵਿਖੇ ਪੁੱਜੀ ਮਸ਼ਾਲ ਮਾਰਚ ਦਾ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਸਮੂਹ ਪ੍ਰਸ਼ਾਸਨਿਕ ਅਧਿਕਾਰੀਆਂ, ਸਿਆਸਤਦਾਨਾਂ ਤੇ ਖੇਡ ਪ੍ਰੇਮੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਸੁਨਹਿਰੀ ਮੌਕਾ ਹੈ ਜਦੋਂ ਸਾਡੇ ਹੋਣਹਾਰ ਖਿਡਾਰੀ ਬਲਾਕ, ਜ਼ਿਲ੍ਹਾ ਤੇ ਰਾਜ ਪੱਧਰ ਤੇ ਹੋਣ ਵਾਲੇ ਵੱਖ ਵੱਖ ਖੇਡ ਮੁਕਾਬਲਿਆਂ ਲਈ ਆਪਣੀ ਰਜਿਸਟਰੇਸ਼ਨ ਕਰਵਾ ਕੇ ਆਪਣੇ ਖੇਡ ਹੁਨਰ ਦਾ ਸ਼ਾਨਦਾਰ ਪ੍ਰਗਟਾਵਾ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਜਿੰਨੇ ਜੋਸ਼ ਤੇ ਉਤਸ਼ਾਹ ਨਾਲ ਸੰਗਰੂਰ ਜ਼ਿਲ੍ਹੇ ਦੇ ਖਿਡਾਰੀਆਂ ਨੇ ਪਿਛਲੇ ਸਾਲ ਹੋਈਆਂ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਖੇਡ ਮੁਕਾਬਲਿਆ ਵਿੱਚ ਆਪਣੇ ਹੁਨਰ ਦਾ ਲੋਹਾ ਮਨਵਾਇਆ ਸੀ ਇਸ ਵਾਰ ਉਸ ਤੋਂ ਵੀ ਵੱਧ ਉਤਸ਼ਾਹ ਨਾਲ ਹਿੱਸਾ ਲੈਣ ਦੀ ਲੋੜ ਹੈ ਤਾਂ ਜੋ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਖੇਡ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਜੋ ਸੁਪਨਾ ਲਿਆ ਗਿਆ ਹੈ ਉਸ ਨੂੰ ਜ਼ਿਲ੍ਹਾ ਸੰਗਰੂਰ ਵਿੱਚ ਜੋਸ਼ੋ ਖਰੋਸ਼ ਨਾਲ ਅਮਲੀ ਜਾਮਾ ਪਹਿ-ਨਾਇਆ ਜਾ ਸਕੇ।



ਇਸ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਖਿਡਾਰੀਆਂ ਦੀ ਹੌਂਸਲਾ ਅਫਜਾਈ ਕਰਦਿਆਂ ਕਿਹਾ ਕਿ ਸੰਗਰੂਰ ਦੇ ਖਿਡਾਰੀਆਂ ਦੀ ਹਿੰਮਤ ਤੇ ਸਾਨੂੰ ਸਾਰਿਆਂ ਨੂੰ ਮਾਣ ਹੈ ਅਤੇ ਸਾਡੇ ਅਨੁਭਵੀ ਖਿਡਾਰੀਆਂ ਤੋਂ ਇਹ ਉਮੀਦ ਹੈ ਕਿ ਉਹ ਆਪਣੇ ਅਭਿਆਸ ਤੇ ਖੇਡ ਪ੍ਰਤਿਭਾ ਨਾਲ ਇਨ੍ਹਾਂ ਖੇਡਾਂ ਵਿੱਚ ਵੀ ਮੋਹਰੀ ਸਥਾਨ ਹਾਸਲ ਕਰਨਗੇ।ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਕੌਮਾਂਤਰੀ ਪੱਧਰ ਤੇ ਖੇਡਾਂ ਵਿੱਚ ਨਾਮਣਾ ਖੱਟਣ ਵਾਲੇ ਖਿਡਾਰੀਆਂ ਅਰਜੁਨਾ ਐਵਾਰਡੀ ਪਦਮ ਸ਼੍ਰੀ ਸੁਨੀਤਾ ਰਾਣੀ (ਅਥਲੀਟ), ਲੌਂਗ ਜੰਪ ਦੇ ਕੌਮੀ ਚੈਂਪੀਅਨ ਨਵਰੀਤ ਸਿੰਘ ਵਿਰਕ ਅਤੇ ਏਸ਼ੀਅਨ ਖੇਡਾਂ ਵਿੱਚ ਕੁਸ਼ਤੀ ਵਿੱਚ ਮੱਲਾਂ ਮਾਰਨ ਵਾਲੇ ਪਲਵਿੰਦਰ ਸਿੰਘ ਚੀਮਾ ਨੂੰ ਮਸ਼ਾਲ ਸੌਂਪੀ ਗਈ ਜਿਨ੍ਹਾਂ ਦੀ ਅਗਵਾਈ ਹੇਠ ਖਿਡਾਰੀਆਂ ਦਾ ਵੱਡਾ ਕਾਫ਼ਲਾ ਸੰਗਰੂਰ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚੋਂ ਜਾਗਰੂਕਤਾ ਲਈ ਲੰਘਿਆ। ਅੱਗਿਓਂ ਇਹ ਮਸ਼ਾਲ ਮਾਰਚ ਸੁਨਾਮ ਹੋ ਕੇ ਜ਼ਿਲ੍ਹਾ ਮਾਨਸਾ ਲਈ ਰਵਾਨਾ ਹੋਈ। ਜ਼ਿਕਰਯੋਗ ਹੈ ਕਿ ਸੰਗਰੂਰ ਸ਼ਹਿਰ ਵਿੱਚ ਮਸ਼ਾਲ ਮਾਰਚ ਦੇ ਪੁੱਜਣ ਤੋਂ ਪਹਿਲਾਂ ਚੰਨੋ ਵਿਖੇ ਐਸ ਡੀ ਐਮ ਭਵਾਨੀਗੜ ਵਿਨੀਤ ਕੁਮਾਰ ਵੱਲੋ ਇਸ ਮਸ਼ਾਲ ਮਾਰਚ ਦਾ ਸੰਗਰੂਰ ਜ਼ਿਲੇ ਵਿੱਚ ਆਮਦ ਤੇ ਨਿੱਘਾ ਸਵਾਗਤ ਕੀਤਾ ਗਿਆ।

ਮਸ਼ਾਲ ਮਾਰਚ ਦਾ ਸਵਾਗਤ ਕਰਨ ਵਾਲਿਆਂ ਵਿੱਚ ਐਸ ਐਸ ਪੀ ਸੁਰੇਂਦਰ ਲਾਂਬਾ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਜੀਤ ਵਾਲੀਆ, ਐਸ.ਡੀ.ਐਮ ਨਵਰੀਤ ਕੌਰ ਸੇਖੋਂ, ਚੇਅਰਮੈਨ ਮੀਡੀਅਮ ਤੇ ਸਮਾਲ ਸਕੇਲ ਇੰਡਸਟਰੀਜ਼ ਦਲਬੀਰ ਸਿੰਘ ਢਿੱਲੋਂ, ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ ਲੱਖਾ, ਚੇਅਰਮੈਨ ਇੰਪਰੂਵਮੈਂਟ ਟਰੱਸਟ ਹਰਪ੍ਰੀਤ ਸਿੰਘ ਪੀਤੂ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਗੁਰਮੇਲ ਸਿੰਘ ਘਰਾਚੋਂ, ਸੀਨੀਅਰ ਆਗੂ ਮਨਦੀਪ ਸਿੰਘ ਲੱਖੇਵਾਲ, ਵਿੱਤ ਮੰਤਰੀ ਦੇ ਓ.ਐਸ.ਡੀ ਤਪਿੰਦਰ ਸਿੰਘ ਸੋਹੀ, ਚੇਅਰਮੈਨ ਮਾਰਕੀਟ ਕਮੇਟੀ ਸੰਗਰੂਰ ਅਵਤਾਰ ਸਿੰਘ ਈਲਵਾਲ, ਚੇਅਰਮੈਨ ਮਾਰਕੀਟ ਕਮੇਟੀ ਧੂਰੀ ਰਾਜਵੰਤ ਸਿੰਘ ਘੁੱਲੀ, ਜ਼ਿਲ੍ਹਾ ਖੇਡ ਅਫਸਰ ਨਵਦੀਪ ਸਿੰਘ ਵੀ ਸ਼ਾਮਲ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸੂਬੇ ਭਰ 'ਚ ਲਾਮਬੰਦੀ ਰੈਲੀਆਂ

## ਜ਼ਮੀਨ, ਪਲਾਟਾਂ, ਦਿਹਾੜੀ ਲਈ ਜ਼ਿਲ੍ਹਾ/ਤਹਿਸੀਲ ਪੱਧਰੀ ਮੁਜ਼ਾਹਰੇ ਕਰਨ ਦੀਆਂ ਸ਼ੁਰੂ

**ਚੰਡੀਗੜ੍ਹ/ਜਲੰਧਰ (ਦਲਜੀਤ ਕੌਰ)-** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪੰਜਾਬ ਭਰ ਵਿੱਚ 20 ਸਤੰਬਰ ਨੂੰ ਕੀਤੇ ਜਾ ਰਹੇ ਜ਼ਿਲ੍ਹਾ, ਤਹਿਸੀਲ ਪੱਧਰੀ ਧਰਨੇ ਮੁਜ਼ਾਹਰਿਆਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸੂਬਾ ਦਫ਼ਤਰ ਵਿਖੇ ਪੁੱਜੀਆਂ ਰਿਪੋਰਟਾਂ ਅਨੁਸਾਰ ਗੁਰਦਾਸਪੁਰ, ਬਟਾਲਾ, ਕਪੂਰਥਲਾ, ਮੋਗਾ, ਮੁਕਤਸਰ, ਫ਼ਰੀਦਕੋਟ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ ਅਤੇ ਜਲੰਧਰ ਆਦਿ ਦੇ ਪਿੰਡਾਂ ਅੰਦਰ ਮਜ਼ਦੂਰਾਂ ਦੀ ਲਾਮਬੰਦੀ ਮੁਹਿੰਮ ਸ਼ੁਰੂ ਕਰਦਿਆਂ 13 ਪਿੰਡਾਂ ਵਿੱਚ ਰੈਲੀਆਂ ਕੀਤੀਆਂ ਗਈਆਂ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਦੱਸਿਆ ਕਿ ਇਹ ਧਰਨੇ ਮੁਜ਼ਾਹਰੇ ਜ਼ਮੀਨ ਹੱਦਬੰਦੀ ਕਾਨੂੰਨ ਤਹਿਤ ਸਾਢੇ 17 ਏਕੜ ਤੋਂ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਕਿਸਾਨਾਂ ਨੂੰ ਵੰਡਣ, ਪੰਚਾਇਤੀ ਜ਼ਮੀਨਾਂ ਚੋਂ ਦਲਿਤਾਂ ਨੂੰ ਰਾਖਵੇਂ ਤੀਜੇ ਹਿੱਸੇ ਦਾ ਹੱਕ ਪੱਕੇ ਤੌਰ ਉੱਤੇ ਦੇਣ, ਰਿਹਾਇਸ਼ੀ ਪਲਾਟ ਤੇ ਲਾਲ ਲਕੀਰ ਦੇ ਮਾਲਕੀ ਹੱਕ ਦੇਣ, ਮਗਨਰੇਗਾ ਸਕੀਮ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨ ਸਮੇਤ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ, ਮਹਿੰਗਾਈ ਅਨੁਸਾਰ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਕਰਨ, ਕਰਜ਼ਾ ਮੁਆਫ਼ੀ ਤੇ ਬਦਲਵੇਂ ਕਰਜ਼ੇ ਦਾ ਪ੍ਰਬੰਧ ਕਰਨ ਅਤੇ ਸਮਾਜਿਕ ਜ਼ਬਰ ਬੰਦ ਕਰਨ ਵਰਗੀਆਂ ਮੰਗਾਂ ਦੇ ਹੱਲ ਨੂੰ ਹੱਲ ਕਰਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰ ਹੁਣ ਤੱਕ



ਜ਼ਮੀਨ, ਜਾਇਦਾਦ ਦੀ ਕਾਣੀ ਵੰਡ ਖ਼ਤਮ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਕਿਸਾਨਾਂ ਨੂੰ ਵੰਡਣ ਲਈ ਜ਼ਮੀਨ ਹੱਦਬੰਦੀ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਤਿਆਰ ਨਹੀਂ, ਲੋਕ ਘੁਰਨਿਆਂ ਵਰਗੇ ਘਰਾਂ ਵਿੱਚ ਰਹਿਣ ਲਈ ਮਜ਼ਬੂਰ ਹਨ, ਮਜ਼ਦੂਰਾਂ ਨੇ ਸੰਘਰਸ਼ ਕਰਕੇ ਰਿਹਾਇਸ਼ੀ ਪਲਾਟ ਦੇਣ ਦੀ ਸਕੀਮ ਬਣਵਾ ਲਈ। ਇਸ ਸਕੀਮ ਨੂੰ ਬਣੇ ਨੂੰ 23 ਸਾਲ ਹੋ ਗਏ। ਕਾਰਪੋਰੇਟ ਘਰਾਣਿਆਂ ਨੂੰ ਜ਼ਮੀਨਾਂ ਹਥਿਆ ਕੇ ਦੇਣ ਲਈ ਮਿੰਟ ਸਕਿੰਟ ਲਾਉਣ ਵਾਲੇ ਹਾਕਮ ਲੋੜਵੰਦ ਮਜ਼ਦੂਰਾਂ ਨੂੰ ਸਿਰ ਢੱਕਣ ਲਈ ਪਲਾਟ ਦੇਣ ਲਈ ਤਿਆਰ ਨਹੀਂ। ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਰਜਿਸਟਰੀਆਂ ਕਰਕੇ ਦੇਣ ਲਈ "ਸਵੈ ਮਿੱਤਵਾ ਸਕੀਮ" ਦਾ ਖਾਤਮਾ ਸਮਾਂ ਦਸੰਬਰ 2023 ਹੈ ਪਰ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਤੋਂ ਸਰਕਾਰਾਂ ਨੇ ਕੰਨੀ ਹੀ ਕਤਰਾਈ ਹੈ।

ਉਨ੍ਹਾਂ ਕਿਹਾ ਕਿ ਮਹਿੰਗਾਈ ਅਮਰਵੇਲ ਵਾਂਗ ਵਧਦੀ ਜਾ ਰਹੀ ਹੈ ਪ੍ਰੰਤੂ ਮਜ਼ਦੂਰਾਂ ਦੀ ਦਿਹਾੜੀ ਬਹੁਤ ਹੀ ਨਿ-ਗੂਣੀ ਹੈ। ਪੰਦਰਵੀਂ ਲੇਬਰ ਕਾਨਫਰੰਸ ਮੁਤਾਬਕ ਦਿਹਾੜੀ ਇੱਕ ਹਜ਼ਾਰ ਰੁਪਏ ਬਣਦੀ ਹੈ, ਇਸਨੂੰ ਲਾਗੂ ਕਰਨ ਤੋਂ ਸਰਕਾਰ ਟਾਲਾ ਵੱਟ ਰਹੀ ਹੈ। ਕਾਰਪੋਰੇਟ ਘਰਾਣਿਆਂ ਦੇ ਚੁੱਪ ਚਪੀਤੇ ਕਰਜ਼ਿਆਂ ਉੱਪਰ ਲੀਕ ਵੱਜ ਜਾਂਦੀ ਹੈ ਪ੍ਰੰਤੂ ਬੇਜ਼ਮੀਨੇ ਮਜ਼ਦੂਰਾਂ ਦੇ ਕਰਜ਼ੇ ਜਿਉਂ ਦੇ ਤਿਉਂ ਖੜੇ ਹਨ, ਮਜ਼ਦੂਰ ਮਾਈਕਰੋ-ਫਾਈਨਾਂਸ ਕੰਪਨੀਆਂ ਤੇ ਸ਼ਾਹੂਕਾਰਾਂ ਦੇ ਮੱਕੜਜਾਲ ਵਿੱਚ ਫ਼ਸੇ ਹੋਏ ਹਨ ਅਤੇ ਇਹਨਾਂ ਪਰਿਵਾਰਾਂ ਲਈ ਬਦਲਵੇਂ ਕਰਜ਼ੇ ਦਾ ਕੋਈ ਪ੍ਰਬੰਧ ਨਹੀਂ। ਸਮਾਜਿਕ ਜ਼ਬਰ ਦੇ ਖਾਤਮੇ ਦੀ ਥਾਂ ਇਹ ਜ਼ਬਰ ਬੇਰੋਕ ਵੱਧਦਾ ਜਾ ਰਿਹਾ ਹੈ।

ਇਸ ਹਾਲਾਤ ਮਜ਼ਦੂਰਾਂ ਨੂੰ ਜਥੇਬੰਦ ਹੋ ਕੇ ਤਿੱਖੇ ਸੰਘਰਸ਼ਾਂ ਦੇ ਰਾਹ ਪੈਣਾ ਚਾਹੀਦਾ ਹੈ। ਯੂਨੀਅਨ ਵਲੋਂ 20 ਸਤੰਬਰ ਦੇ ਧਰਨੇ ਮੁਜ਼ਾਹਰਿਆਂ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ ਹੈ।

# ਪਿੰਡ ਗੜ੍ਹੀ ਭਾਰਟੀ ਵਿਖ਼ੇ ਸਜਾਵਟੀ ਤੇ ਛਾਂਦਾਰ ਬੂਟੇ ਲਗਾ ਕੇ ਬੇਟੀ ਇਸ਼ਮੀਤ ਕੋਰ ਦਾ ਮਨਾਇਆ ਜਨਮ ਦਿਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਹਰਿਆਵਲ ਪੰਜਾਬ ਮੁਹਿੰਮ ਹੇਠ ਪਿਛਲੇ ਕਈ ਸਾਲਾਂ ਤੋਂ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈਲਫੇਅਰ ਕਲੱਬ ਗੜ੍ਹੀ ਭਾਰਟੀ ਦੇ ਮੈਂਬਰਾਂ ਵੱਲੋਂ ਬੱਚਿਆਂ ਦੇ ਜਨਮ ਦਿਨ ਤੇ ਬੂਟੇ ਲਗਾਉਣ ਦੀ ਮੁਹਿੰਮ ਨੂੰ ਸ਼ੁਰੂ ਕੀਤਾ ਹੋਇਆ ਹੈ। ਇਸ ਕੜੀ ਤਹਿਤ ਹੇਠ ਬੀਤੇ ਦਿਨੀਂ ਵੀ 121 ਬੂਟੇ ਪਿੰਡ ਦੇ ਸ਼ਮਸ਼ਾਨ ਘਾਟ ਤੇ ਪਿੰਡ ਦੀਆਂ ਗਲੀਆਂ ਵਿੱਚ ਲਗਾਏ ਗਏ। ਇਸੇ ਮੁਹਿੰਮ ਦੌਰਾਨ ਹਰਜੋਤ ਸਿੰਘ ਚੇੜਾ ਨੇ ਆਪਣੀ ਬੇਟੀ ਇਸ਼ਮੀਤ ਕੋਰ ਦੇ ਜਨਮਦਿਨ ਮੌਕੇ 21 ਸਜਾਵਟੀ ਬੂਟੇ ਕੇ ਤੇ ਲਗਾ ਕੇ ਮਨਾਇਆ। ਇਸ ਦੌਰਾਨ ਪਰਮਿੰਦਰ ਸਿੰਘ ਭੋਰੀਆਂ ਨੇ ਦੱਸਿਆ ਕਿ ਕਲੱਬ ਮੈਂਬਰ ਰਮਨ ਭੋਰੀਆਂ ਵਲੋਂ 100 ਬੂਟੇ ਲਗਾਉਣ ਦੀ ਸੇਵਾ ਨਿਭਾਈ ਹੈ ਜੋ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈਲਫੇਅਰ ਕਲੱਬ ਮੈਂਬਰਾ ਨੇ ਮਨਰੇਗਾ ਵਿੱਚ ਕੰਮ ਕਰਦੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਗਾਏ ਗਏ। ਇੱਸ ਮੌਕੇ ਤੇ ਅਮਨਦੀਪ ਸਿੰਘ ਨੇ ਆਪਣੇ ਹਰਿਆਵਲ ਸੰਦੇਸ਼ ਵਿੱਚ ਕਿਹਾ ਕਿ ਹਰਜੋਤ ਸਿੰਘ ਚੇੜਾ,ਰਮਨ ਭੋਰੀਆਂ, ਮਾਸਟਰ ਦਿਲਬਾਗ ਸਿੰਘ ਪਿੰਡ ਦੇ ਨੌਜਵਾਨਾਂ ਨਾਲ ਜੁੜ ਕੇ ਪਿੰਡ ਗੜੀ ਭਾਰਟੀ ਨੂੰ ਸੁੰਦਰ ਬਣਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਦੇ ਰਹੇ ਹਨ ਤੇ ਸਾਨੂੰ ਜਨਮਦਿਨ ਦੇ ਮੌਕੇ ਤੇ



ਮੋਮਬੱਤੀਆਂ ਬੁਜਾਉਣ ਦੀ ਥਾਂ ਆਪਣੀ ਉਮਰ ਤੋਂ ਇੱਕ ਬੂਟਾ ਵਧਾ ਕੇ ਲਗਾਉਣੇ ਚਾਹੀਦੇ ਹਨ ਅਤੇ ਇਸ ਕੰਮ ਲਈ ਉਹ ਕਲੱਬ ਨਾਲ ਸੰਪਰਕ ਵੀ ਕਰ ਸਕਦੇ ਹਨ। ਇੱਸ ਤਰਾਂ ਕਰਨ ਨਾਲ ਉਹ ਆਪਣੇ ਹੱਥਾਂ ਨਾਲ ਲਗਾਏ ਗਏ ਬੂਟਿਆਂ ਦੀ ਸੇਵਾ ਨਾਲ ਵੀ ਜੁੜ ਸਕਦੇ ਹਨ। ਇਸ ਮੌਕੇ ਤੇ ਸਾਬਕਾ ਸਰਪੰਚ ਬਿੰਦਰਪਾਲ, ਕੁਲਵੰਤ ਸਿੰਘ, ਸੋਹਣ ਸਿੰਘ, ਹਰਦੀਪ ਸਿੰਘ, ਸਾਗਰ ਬਾਲੀ, ਲਖਵੀਰ ਸਿੰਘ, ਇੰਦਰ ਭੋਰੀਆਂ, ਨਰਿੰਦਰ ਪਾਲ ਭੋਰੀਆਂ ਅਤੇ ਛੋਟੇ ਬੱਚੇ ਵੀ ਮੌਜੂਦ ਰਹੇ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਰਾਸ਼ਟਰੀ ਖੇਡ ਦਿਵਸ ਮੌਕੇ ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਯਾਦ ਕਰਦਿਆਂ

## 1926 ਦੇ ਵਿਚ ਸਮੁੰਦਰੀ ਜਹਾਜ਼ ਰਾਹੀਂ ਨਿਊਜ਼ੀਲੈਂਡ ਪਹਿਲੀ ਵਾਰ ਆਈ ਸੀ ਹਾਕੀ ਦੀ ਟੀਮ







**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਧਿਆਨ ਚੰਦ ਦਾ ਅਸਲੀ ਨਾਂ ਧਿਆਨ ਸਿੰਘ ਸੀ। ਜਦੋਂ ਉਹ ਫ਼ੌਜ 'ਚ ਭਰਤੀ ਹੋ ਕੇ ਹਾਕੀ ਖੇਡਣ ਲੱਗਾ ਤਾਂ ਖੇਡਦਿਆਂ ਰਾਤ ਪੈ ਜਾਂਦੀ, ਪਰ ਉਹ ਰਾਤ ਨੂੰ ਵੀ ਚੰਦ ਚਾਂਦਨੀ ਵਿੱਚ ਖੇਡਦਾ ਰਹਿੰਦਾ। ਚੰਦ ਦੇ ਚਾਨਣ ਵਿੱਚ ਖੇਡਦਾ ਹੋਣ ਕਰਕੇ ਉਹਦੇ ਫ਼ੌਜੀ ਸਾਥੀ ਉਸ ਨੂੰ ਧਿਆਨ ਚੰਦ ਕਹਿਣ ਲੱਗ ਪਏ ਅਤੇ ਉਸ ਦਾ ਨਾਂ ਹੀ ਧਿਆਨ ਸਿੰਘ ਤੋਂ ਧਿਆਨ ਚੰਦ ਪੱਕ ਗਿਆ। ਉਸ ਦਾ ਜਨਮ 29 ਅਗਸਤ 1905 ਨੂੰ ਅਲਾਹਬਾਦ ਵਿੱਚ ਫ਼ੌਜੀ ਪਿਤਾ ਸਮੇਸ਼ਵਰ ਸਿੰਘ ਤੇ ਘਰੇਲੂ ਸੁਆਣੀ ਮਾਤਾ ਸ਼ਾਰਧਾ ਸਿੰਘ ਦੇ ਰਾਜਪੂਤ ਪਰਿਵਾਰ ਵਿੱਚ ਹੋਇਆ। ਉਸ ਦੇ ਦੋ ਭਰਾ ਹੋਰ ਸਨ ਮੂਲ ਸਿੰਘ ਤੇ ਰੂਪ ਸਿੰਘ। ਰੂਪ ਸਿੰਘ ਵੀ ਧਿਆਨ ਸਿੰਘ ਵਾਂਗ ਬ੍ਰਿਟਿਸ਼ ਇੰਡੀਆ ਦੀਆਂ ਹਾਕੀ ਟੀਮਾਂ ਵਿੱਚ ਖੇਡਦਾ ਰਿਹਾ ਅਤੇ ਭਰਾ ਨਾਲ ਗੋਲਾਂ ਦੀ ਝੜੀ ਲਾਉਂਦਾ ਰਿਹਾ। ਦੋਵੇਂ ਇੱਕ ਦੂਜੇ ਨੂੰ ਪਾਸ ਦਿੰਦੇ ਅਤੇ ਫਾਰਵਰਡ ਖੇਡਦੇ ਹੋਏ ਗੋਲ 'ਤੇ ਗੋਲ ਕਰੀ ਜਾਂਦੇ। ਰੂਪ ਸਿੰਘ ਨੇ ਅਮਰੀਕਾ ਸਿਰ 12 ਗੋਲ ਕੀਤੇ। ਦੋਹਾਂ ਨੇ ਓਲੰਪਿਕ ਖੇਡਾਂ ਵਿੱਚੋਂ ਗੋਲਡ ਮੈਡਲ ਜਿੱਤੇ।

1926, ਭਾਰਤੀ ਫੌਜ ਦੁਆਰਾ ਨਿਊਜ਼ੀਲੈਂਡ ਦੇ ਦੌਰੇ ਲਈ ਇੱਕ ਹਾਕੀ ਟੀਮ ਭੇਜਣ ਦੀ ਚਰਚਾ ਸੀ। ਧਿਆਨ ਚੰਦ ਦੇ ਸੁਭਾਅ ਵਿਚ ਨਹੀਂ ਸੀ ਕਿ ਉਹ ਟੀਮ ਵਿਚ ਸ਼ਾਮਲ ਹੋਣ ਦੀ ਬੇਨਤੀ ਕਰੇ। ਉਸ ਨੇ ਮਹਿਸੂਸ ਕੀਤਾ ਕਿ ਇੱਕ ਖਿਡਾਰੀ ਵਜੋਂ ਉਸ ਦੀ ਯੋਗਤਾ ਉਸ ਦੀ ਚੋਣ ਦਾ ਫੈਸਲਾ ਕਰੇਗੀ। 'ਹੋਰ ਰੈਂਕ' ਵਿਚ ਹੋਣ ਕਾਰਨ ਉਹ ਇਸ ਮਾਮਲੇ 'ਤੇ ਚਰਚਾ ਕਰਨ ਲਈ ਆਪਣੇ ਅਧਿਕਾਰੀਆਂ ਤੱਕ ਨਹੀਂ ਪਹੁੰਚ ਸਕਦਾ ਸੀ। ਇਸ ਤਰ੍ਹਾਂ ਉਹ ਬਹੁਤ ਖੁਸ਼ ਹੋਇਆ ਜਦੋਂ ਉਸਦੀ ਰੈਜੀਮੈਂਟ ਦੇ ਕਮਾਂਡਿੰਗ ਅਫਸਰ ਨੇ ਇੱਕ ਦਿਨ ਉਸਨੂੰ ਕਿਹਾ, "ਮੁੰਡੇ, ਤੁਸੀਂ ਨਿਊਜ਼ੀਲੈਂਡ ਜਾ ਰਹੇ ਹੋ।" ਬੇਚੈਨ ਹੋਣ ਦੇ ਬਾਵਜੂਦ ਧਿਆਨ ਚੰਦ ਅਧਿਕਾਰੀ ਨੂੰ ਸਲਾਮ ਕਰਨ ਵਿਚ ਕਾਮਯਾਬ ਰਿਹਾ। ਬਾਅਦ ਵਿੱਚ, ਇਸ ਮੌਕੇ ਉੱਤੇ ਹਾਵੀ ਹੋ ਕੇ, ਉਹ ਆਪਣੀ ਬੈਰਕ ਵਿੱਚ ਟੁੱਟ ਗਿਆ। ਭੋਲੇ ਤਿਵਾਰੀ ਦੀਆਂ ਅੱਖਾਂ ਵਿਚ ਵੀ ਖੁਸ਼ੀ ਦੇ ਹੰਝੂ ਆ ਗਏ ਜਦੋਂ ਉਸ ਨੂੰ ਪਤਾ ਲੱਗਾ ਕਿ ਧਿਆਨ ਚੰਦ ਦੀ ਲਗਨ ਆਖਰਕਾਰ ਰੰਗ ਲਿਆਈ ਹੈ।

ਪੈਸੇ ਦੀ ਘਾਟ ਕਾਰਨ ਧਿਆਨ ਚੰਦ ਨੂੰ ਦੌਰੇ ਲਈ ਚੰਗੇ ਕੱਪੜੇ ਨਹੀਂ ਮਿਲ ਸਕੇ। ਉਸਦਾ ਮੁੱਖ ਨਿੱਜੀ ਪਹਿਰਾਵਾ ਉਸਦੀ ਫੌਜੀ ਕਿੱਟ ਸੀ।

ਅਪ੍ਰੈਲ 1926 ਵਿੱਚ, ਭਾਰਤੀ ਫੌਜ ਦੀ ਹਾਕੀ ਟੀਮ ਕੋਲੰਬੋ ਤੋਂ ਜਹਾਜ਼ ਰਾਹੀਂ ਰਵਾਨਾ ਹੋਈ। 20 - 25 ਦਿਨ ਪਾਣੀ 'ਤੇ ਰਹਿਣ ਤੋਂ ਬਾਅਦ, ਟੀਮ ਮਈ ਦੇ ਸ਼ੁਰੂ ਵਿੱਚ ਨਿਊਜ਼ੀਲੈਂਡ ਪਹੁੰਚੀ। ਕਿਸੇ ਵੀ ਖੇਡ ਵਿੱਚ ਵਿਦੇਸ਼ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੀ ਇਹ ਪਹਿਲੀ ਟੀਮ ਸੀ। ਇਸ ਤਰ੍ਹਾਂ ਖਿਡਾਰੀ ਇਸ ਤੱਥ ਦੇ ਪ੍ਰਤੀ ਸੁਚੇਤ ਸਨ ਕਿ ਉਨ੍ਹਾਂ ਨੂੰ ਇੱਕ ਚੰਗਾ ਅਕਸ ਪੇਸ਼ ਕਰਨਾ ਹੈ।

ਧਿਆਨ ਚੰਦ ਇਸ ਦੌਰੇ ਵਿਚ ਬਹੁਤ ਸਫਲ ਰਿਹਾ। ਦਾਨਕੇਰਕੇ ਵਿੱਚ ਹੋਏ ਇੱਕ ਮੈਚ ਵਿੱਚ ਭਾਰਤ ਨੇ 20 ਗੋਲ ਕੀਤੇ ਜਿਨ੍ਹਾਂ ਵਿੱਚੋਂ ਧਿਆਨ ਚੰਦ ਨੇ 10 ਗੋਲ ਕੀਤੇ। ਨਿਊਜ਼ੀਲੈਂਡ ਦੀ ਰਾਸ਼ਟਰੀ ਟੀਮ ਦੇ ਖਿਲਾਫ, ਭਾਰਤ ਨੇ ਪਹਿਲਾ ਮੈਚ 5-2 ਨਾਲ ਜਿੱਤਿਆ, ਪਰ ਅਗਲਾ 3-4 ਨਾਲ ਹਾਰ ਗਿਆ। ਕੁੱਲ ਮਿਲਾ ਕੇ, ਭਾਰਤ ਨੇ 21 ਮੈਚ ਖੇਡੇ, 18 ਜਿੱਤੇ, 2 ਡਰਾਅ ਰਹੇ ਅਤੇ 1 ਹਾਰਿਆ।

ਭਾਰਤੀਆਂ ਨੇ 192 ਗੋਲ ਕੀਤੇ ਜਦਕਿ ਸਿਰਫ਼ 24 ਗੋਲ ਕੀਤੇ। ਧਿਆਨ ਚੰਦ ਨੇ 100 ਤੋਂ ਵੱਧ ਗੋਲ ਕੀਤੇ ਅਤੇ ਇੱਕ ਪ੍ਰਸਿੱਧ ਖਿਡਾਰੀ ਬਣ ਗਿਆ।

ਦਰਅਸਲ, ਉਸ ਦਾ ਅਜਿਹਾ ਪ੍ਰਭਾਵ ਸੀ ਕਿ ਧਿਆਨ ਚੰਦ ਨੂੰ ਐਕਸ਼ਨ ਵਿੱਚ ਦੇਖਣ ਲਈ ਦੋ ਔਰਤਾਂ ਨਿਊ ਪਲਾਈਮਾਊਥ ਤੋਂ ਆਕਲੈਂਡ ਤੱਕ ਭਾਰਤੀ ਟੀਮ ਦਾ ਪਿੱਛਾ ਕਰਦੀਆਂ ਸਨ। ਨੇ ਉਸ ਨੂੰ ਦੱਸਿਆ ਕਿ ਉਹ ਉਸ ਦੀ ਡ?ਰੀ-ਬਲਿੰਗ ਨੂੰ ਕਦੇ ਨਹੀਂ ਭੁੱਲ ਸਕਦੇ।

ਭਾਰਤੀ ਟੀਮ ਨੂੰ ਦਾਅਵਤਾਂ ਅਤੇ ਸ਼ਾਨਦਾਰ ਡਿਨਰ ਨਾਲ ਸਨਮਾਨਿਤ ਕੀਤਾ ਗਿਆ। ਧਿਆਨ ਚੰਦ ਅਤੇ ਉਸਦੇ ਬਾਕੀ ਫੌਜੀ ਸਾਥੀਆਂ ਨਾਲ ਜੋ ਸਲੂਕ ਹੋਇਆ, ਉਹੀ ਨਾਇਕਾਂ ਦਾ ਸੀ।

ਧਿਆਨ ਚੰਦ ਦੇ ਕਾਰਨਾਮਿਆਂ ਦੀਆਂ ਖ਼ਬਰਾਂ ਭਾਰਤ ਪਹੁੰਚੀਆਂ ਕਿਉਂਕਿ ਸਥਾਨਕ ਅਖ਼ਬਾਰਾਂ ਨੇ ਭਾਰਤੀ ਟੀਮ ਦੀ ਤਰੱਕੀ ਦੀਆਂ ਰਿਪੋਰਟਾਂ ਛਾਪੀਆਂ। ਧਿਆਨ ਚੰਦ ਦੀ ਭਾਰਤ ਪਰਤਣ 'ਤੇ ਲਾਂਸ ਨਾਇਕ ਦੀ ਤਰੱਕੀ ਹੋ ਗਈ। ਨਿਊਜ਼ੀਲੈਂਡ ਵਿੱਚ ਸਫਲਤਾ ਨੇ ਧਿਆਨ ਚੰਦ ਨੂੰ ਬਹੁਤ ਪ੍ਰੇਰਨਾ ਦਿੱਤੀ, ਅਤੇ ਉਸਨੇ ਮਹਿਸੂਸ ਕੀਤਾ ਕਿ ਉਹਨਾਂ ਦੇ ਹਿੱਸੇ ਵਿੱਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ।

1926 ਦੇ ਇਸ ਫੌਜੀ ਦੌਰੇ ਨੇ ਭਾਰਤ ਦੀ ਹਾਕੀ ਦੀ ਕਹਾਣੀ ਸ਼ੁਰੂ ਕੀਤੀ, ਅਤੇ ਇਸਦੇ ਨਾਲ, ਧਿਆਨ ਚੰਦ ਦੀ ਮਹਾਨ ਸ਼ਕਤੀ। ਕਰੀਬ ਅੱਧੀ ਸਦੀ ਬਾਅਦ ਜਦੋਂ ਧਿਆਨ ਚੰਦ ਦੇ ਪੁੱਤਰ ਅਸ਼ੋਕ ਕੁਮਾਰ ਨੇ ਨਿਊਜ਼ੀਲੈਂਡ ਦਾ ਦੌਰਾ ਕੀਤਾ ਤਾਂ ਉਹ ਆਪਣੇ ਪਿਤਾ ਦੇ 1926 ਦੇ ਆਰਮੀ ਦੌਰੇ ਦੀਆਂ ਕਈ ਹਾਕੀ ਕਲੱਬਾਂ ਵਿੱਚ ਤਸਵੀਰਾਂ ਦੇਖ ਕੇ ਹੈਰਾਨ ਰਹਿ ਗਿਆ।

ਇਕ ਵਾਰ ਧਿਆਨ ਚੰਦ ਦੇ ਇਕ ਪ੍ਰਸ਼ੰਸਕ ਨੇ ਅਸ਼ੋਕ ਨੂੰ ਹਾਕੀ ਦੇ ਜਾਦੂਗਰ ਦੀਆਂ ਕਟਿੰਗਾਂ ਦਿਖਾਈਆਂ ਜੋ ਉਸ ਨੇ ਇਨ੍ਹਾਂ ਸਾਲਾਂ ਵਿਚ ਇਕੱਠੀਆਂ ਕੀਤੀਆਂ ਸਨ ਅਤੇ ਸੁਰੱਖਿਅਤ ਰੱਖੀਆਂ ਸਨ।

ਅਸ਼ੋਕ ਨੂੰ ਇੱਕ ਹੋਰ ਛੂਹਣ ਵਾਲਾ ਤਜਰਬਾ ਸੀ। ਇਕ ਆਦਮੀ ਉਸ ਕੋਲ ਆਇਆ ਅਤੇ ਉਸ ਨੇ ਧਿਆਨ ਚੰਦ ਦੀ ਹਾਕੀ ਸਟਿੱਕ ਤੋਂ ਲੱਕੜ ਦੇ ਕੁਝ ਟੁਕੜੇ ਦਿਖਾਏ। 1926 ਦੇ ਫ਼ੌਜੀ ਦੌਰੇ ਦੌਰਾਨ ਇਕ ਮੈਚ ਦੌਰਾਨ ਧਿਆਨ ਚੰਦ ਦੀ ਸੋਟੀ ਟੁੱਟ ਗਈ ਸੀ ਅਤੇ ਉਸਤਾਦ ਨੇ ਉਸ ਨੂੰ ਸੁੱਟ ਦਿੱਤਾ ਸੀ। ਪ੍ਰਸ਼ੰਸਕਾਂ ਨੇ ਇਸ ਦੇ ਲਈ ਧੂਮ ਮਚਾਈ ਹੋਈ ਸੀ, ਅਤੇ ਕਈ ਲੋਕ ਟੁੱਟੇ ਹੋਏ ਟੁਕੜਿਆਂ ਨੂੰ ਲੈ ਗਏ ਸਨ।

# ਭਾਰਤ-ਨਿਊਜ਼ੀਲੈਂਡ ਸਿੱਧੀ ਹਵਾਈ ਯਾਤਰਾ 2026 ਦੇ ਵਿਚ ਸ਼ੁਰੂ ਕਰਨ ਦੀ ਸਹਿਮਤੀ ਬਣੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜੋ ਵਪਾਰ ਦਲ ਵਪਾਰ ਮੰਤਰੀ ਅਤੇ ਔਕਲੈਂਡ ਮੇਅਰ ਦੇ ਨਾਲ ਇੰਡੀਆ ਗਿਆ ਹੋਇਆ ਹੈ, ਨੇ ਇਸ ਸਬੰਧੀ ਗੱਲਬਾਤ ਕਰ ਲਈ ਹੈ। ਹਾਈ ਕਮਿਸ਼ਨ ਵੱਲੋਂ ਵਿਖਾਏ ਗਏ ਸਲਾਈਡ ਸ਼ੋਅ ਵਿਚ ਦਰਸਾਇਆ ਗਿਆ ਹੈ ਕਿ ਇਸ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਔਕ-ਲੈਂਡ ਅਤੇ ਦਿੱਲੀ ਹਵਾਈ ਅੱਡੇ ਇਸ ਸਿੱਧੀ ਫਲਾਈਟ ਲਈ ਸਹਿਮਤ ਹਨ। ਅਗਲਾ ਕੰਮ ਏਅਰਲਾਈਨ ਨੇ ਕਰਨਾ ਹੈ ਅਤੇ ਆਪਣੇ ਜਹਾਜ਼ਾਂ ਦੀ ਸਮਰੱਥਾ ਅਨੁਸਾਰ ਇਹ ਪ੍ਰੋਗਰਾਮ ਉਲੀਕਿਆ ਜਾਣਾ ਹੈ। ਇਹ ਗੱਲ ਪੱਕੀ ਹੋ ਗਈ ਹੈ ਕਿ 2026 ਦੇ ਵਿਚ ਸਿੱਧਾ ਹਵਾਈ ਸਫ਼ਰ ਸ਼ੁਰੂ ਹੋ ਜਾਵੇਗਾ।




ਵਰਨਣਯੋਗ ਹੈ ਕਿ 1926 ਦੇ ਵਿਚ ਭਾਰਤ ਦੀ ਹਾਕੀ ਟੀਮ ਸਮੁੰਦਰੀ ਜਹਾਜ਼ ਰਾਹੀਂ ਨਿਊਜ਼ੀਲੈਂਡ ਕਈ ਦਿਨਾਂ ਬਾਅਦ ਪਹੁੰਚੀ ਸੀ। ਇਸ ਗੱਲ ਨੂੰ 2026 ਦੇ ਵਿਚ 100 ਸਾਲ ਹੋ ਜਾਣੇ ਹਨ। 5 ਜੂਨ 2020 ਦੇ ਵਿਚ ਨਵੀਂ ਦਿੱਲੀ ਤੋਂ ਔਕਲੈਂਡ ਵਿਖੇ ਏਅਰ ਇੰਡੀਆਂ ਦੀ ਪਹਿਲੀ ਫਲਾਈਟ ਆਈ ਸੀ ਅਤੇ ਫਿਰ ਹੋਰ ਕੁਝ ਚੱਲੀਆਂ ਸਨ ਜੋ ਕਿ ਕਰੋਨਾ ਕਰਕੇ ਫਸੇ ਭਾਰਤੀਆਂ ਨੂੰ ਇਥੋਂ ਲੈ ਕੇ ਗਈਆਂ ਸਨ। ਇਹ ਫਲਾਈਟ ਲਗਪਗ 16 ਘੰਟੇ ਦੀ ਸੀ।

# ਇਮੀਗ੍ਰੇਸ਼ਨ ਵੱਲੋਂ ਮਾਨਤਾ ਪ੍ਰਾਪਤ ਰੁਜ਼ਗਾਰਦਾਤਾ ਸਕੀਮ ਦੀ ਸਮੀਖਿਆ ਤਹਿਤ ਮਾਰੇ ਗਏ ਛਾਪੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਇਮੀਗ੍ਰੇਸ਼ਨ ਵੱਲੋਂ ਮਾਨਤਾ ਪ੍ਰਾਪਤ ਰੁਜ਼ਗਾਰਦਾਤਾ ਸਕੀਮ ਦੀ ਸਮੀਖਿਆ ਤਹਿਤ ਕਈ ਜਗ੍ਹਾ (ਲਿਨਫੀਲਡ) ਛਾਪੇਮਾਰੀ ਕੀਤੀ ਜਾ ਰਹੀ ਹੈ ਜਿੱਥੇ ਦਰਜਨਾਂ ਪ੍ਰਵਾਸੀ ਇਕੋ ਘਰ ਦੇ ਵਿਚ ਅਣਮਨੁੱਖੀ ਜੀਵਨ ਹਲਾਤਾਂ ਵਿਚ ਰਹਿਣ ਲਈ ਮਜ਼ਬੂਰ ਹੋਏ ਪਏ ਹਨ। ਇਨ੍ਹਾਂ ਨੂੰ ਵਾਅਦੇ ਮੁਤਾਬਿਕ ਕੰਮ ਨਹੀਂ ਦਿੱਤਾ ਗਿਆ। ਇਹ ਲੋਕ ਇਕ ਮਸਜਿਦ ਦੀ ਸਹਾਇਤਾ ਨਾਲ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਇਮੀਗ੍ਰੇਸ਼ਨ ਧੋਖਾਧੜੀ ਦੀ ਜਾਂਚ ਦੇ ਹਿੱਸੇ ਵਜੋਂ ਆਕਲੈਂਡ ਭਰ ਵਿੱਚ ਛੇ ਸੰਪਤੀਆਂ 'ਤੇ ਛਾਪਾ ਮਾਰਿਆ ਜਿਸ ਵਿੱਚ ਕਥਿਤ ਤੌਰ 'ਤੇ ਗੰਦੀ ਅਤੇ ਅਣਮ-ਨੁੱਖੀ ਜੀਵਨ ਹਾਲਤਾਂ ਦਾ ਪਰਦਾਫਾਸ਼ ਕੀਤਾ ਗਿਆ। ਤਿੰਨ ਬੈਡਰੂਮ ਵਾਲੇ ਆਕਲੈਂਡ ਦੇ ਘਰ ਵਿੱਚ ਦਰਜਨਾਂ (32) ਪ੍ਰਵਾਸੀਆਂ ਦੀ ਗਿਣਤੀ ਪਾਈ ਗਈ। ਇਹ ਦੋਸ਼ ਹੈ ਕਿ ਬੰਗਲਾਦੇਸ਼ ਅਤੇ ਭਾਰਤ ਦੇ ਪੁਰਸ਼ਾਂ ਨੇ ਨੌਕਰੀ ਦੀਆਂ ਪੇਸ਼ਕਸ਼ਾਂ ਅਤੇ ਰੁਜ਼ਗਾਰ ਸਮਝੌਤਿਆਂ ਲਈ ਲਗਭਗ 20,000 ਡਾਲਰ ਦਾ ਭੁਗਤਾਨ ਕੀਤਾ, ਪਰ ਨਿਊਜ਼ੀਲੈਂਡ ਪਹੁੰਚਣ ਤੋਂ ਬਾਅਦ ਉਨ੍ਹਾਂ ਨੂੰ ਕੋਈ ਕੰਮ ਜਾਂ ਤਨਖਾਹ ਨਹੀਂ ਮਿਲੀ। 160 ਤੋਂ ਵੱਧ ਮਾਨਤਾ ਪ੍ਰਾਪਤ ਮਾਲਕਾਂ ਦੀ ਵਰਤਮਾਨ ਵਿੱਚ ਪ੍ਰਵਾਸੀ ਸ਼ੋਸ਼ਣ ਅਤੇ ਸਕੀਮ ਦੀ ਉਲੰਘਣਾ ਲਈ ਜਾਂਚ ਕੀਤੀ ਜਾ ਰਹੀ ਹੈ। 32 ਬੰਦਿਆਂ ਦੇ ਬੁਲਾਰੇ ਮਸੂਦ ਆਲਮ ਨੇ ਕਿਹਾ ਕਿ ਉਹ ਮਾਨਤਾ ਪ੍ਰਾਪਤ ਰੁਜ਼ਗਾਰਦਾਤਾ ਵਰਕ ਵੀਜ਼ਾ ਸਕੀਮ ਰਾਹੀਂ ਆਏ ਹਨ ਅਤੇ ਜ਼ਿਆਦਾਤਰ ਨੇ ਆਉਣ ਵੇਲੇ ਹਜ਼ਾਰਾਂ ਡਾਲਰ ਉਧਾਰ ਲਏ ਸਨ। ਜ਼ਿਆਦਾਤਰ ਤਿੰਨ ਮਹੀਨੇ ਪਹਿਲਾਂ ਆਏ ਹੋਏ ਹਨ ਪਰ ਅਜੇ ਤੱਕ ਉਨ੍ਹਾਂ ਨੂੰ ਕੋਈ ਕੰਮ ਜਾਂ ਤਨਖਾਹ ਨਹੀਂ ਦਿੱਤੀ ਗਈ ਹੈ। ਅਜਿਹੇ ਸ਼ੋਸ਼ਣ ਦੇ ਮਾਮਲੇ ਵਿਆਪਕ ਹਨ ਹਜ਼ਾਰਾਂ ਲੋਕਾਂ ਨੂੰ ਇੱਥੇ ਆ ਕੇ ਧੋਖਾ ਦਿੱਤਾ ਗਿਆ ਹੈ ਕਿਉਂਕਿ ਮਾਨਤਾ ਪ੍ਰਾਪਤ ਰੁਜ਼ਗਾਰਦ-ਾਤਾ ਵਰਕ ਵੀਜ਼ਾ (15ੱੜ) ਸਕੀਮ ਦੀ ਦੁਰਵਰਤੋਂ ਕਰਨ ਵਾਲੇ ਮਾਲਕਾਂ ਨਾਲ ਕੰਮ ਕਰਨ ਵਾਲੇ ਏਜੰਟਾਂ ਦੇ ਸ਼ਿਕਾਰ ਹਨ। ਇਹ ਸਕੀਮ ਇੱਕ ਅਸਥਾਈ ਵਰਕ ਵੀਜ਼ਾ ਸ਼੍ਰੇਣੀ ਹੈ ਜਿਸਦਾ ਉਦੇਸ਼ ਨਿਊਜ਼ੀਲੈਂਡ ਦੇ ਰੁਜ਼ਗਾਰਦਾਤਾਵਾਂ ਨੂੰ ਹੁਨਰ ਦੀ ਕਮੀ ਨੂੰ ਪੂਰਾ ਕਰਨ ਵਿੱਚ ਮਦਦ ਕਰਨਾ ਹੈ। ਇਮੀਗ੍ਰੇਸ਼ਨ ਜੇ ਜਨਰਲ ਮੈਨੇਜਰ ਦਾ ਕਹਿਣਾ ਹੈ ਕਿ ਜਾਂਚ ਚੱਲ ਰਹੀ ਹੈ ਅਤੇ ਉਹ ਸਾਰੇ ਮਾਮਲੇ ਤੋਂ ਜਾਣੂ ਹਨ ਅਤੇ ਪੀੜਤ ਲੋਕਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰਨ ਰਿਪੋਰਟ ਕਰਦੇ ਰਹਿਣ। 14 ਅਗਸਤ ਤੱਕ 80,576 ਮਾਨਤਾ ਪ੍ਰਾਪਤ ਵੀਜੇ ਦਿੱਤੇ ਜਾ ਚੁੱਕੇ ਹਨ ਅਤੇ ਇਸ ਵੇਲੇ 27,892 ਰੁਜ਼ਗਾਰ ਦਾਤਾ ਮਾਨਤਾ ਪ੍ਰਾਪਤ ਦੀ ਸ਼੍ਰੇਣੀ ਵਿਚ ਹਨ।




ਕਾਨੂੰਨ ਅਨੁਸਾਰ ਜੇਕਰ ਇਹ ਪਾਇਆ ਗਿਆ ਕਿ ਮਾਨਤਾ ਪ੍ਰਾਪਤ ਸ਼੍ਰੇਣੀ ਵਾਲਾ ਵੀਜ਼ਾ ਜਮ੍ਹਾ ਕਰਵਾਈ ਗਈ ਗਲਤ ਜਾਣਕਾਰੀ ਦੇ ਅਧਾਰ 'ਤੇ ਪ੍ਰਾਪਤ ਕੀਤਾ ਦਿਆ ਤਾਂ ਰੁਜ਼ਗਾਰਦਾਤਾਵਾਂ ਨੂੰ ਆਪਣੀ ਮਾਨਤਾ ਗੁਆਉਣ ਪੈਣੀ ਪੈ ਸਕਦੀ ਹੈ, ਇਮੀਗ੍ਰੇਸ਼ਨ ਐਕਟ 2009 ਦੇ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਮੀਗ੍ਰੇਸ਼ਨ ਨੇ ਕਿਹਾ ਕਿ ਸਾਡੀ ਪਹਿਲੀ ਤਰਜੀਹ ਇਹਨਾਂ ਸਾਰੇ ਵਿਅਕਤੀਆਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਸੀ, ਜਿਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਸੀ ਕਿ ਹਰੇਕ ਰਹਿਣ ਵਾਲੀ ਥਾਂ ਵਿੱਚ ਭੋਜਨ, ਪਾਣੀ, ਬਿਜਲੀ ਹੋਵੇ।

ਸੋ ਅਜਿਹੇ ਮਾਨਤਾ ਪ੍ਰਾਪਤ ਰੁਜ਼ਗਾਰ ਦਾਤਾਵਾਂ ਦੀ ਕੀ ਮਨਸ਼ਾ ਹੈ, ਕਾਮੇ ਬੁਲਾਉਣ ਪਿਛੇ ਸ਼ਾਇਦ ਪੀੜਤਾਂ ਵਿਚੋਂ ਕੋਈ ਵੀ ਨਹੀਂ ਜਾਣਦਾ ਹੋਵੇਗਾ, ਪਰ ਜਾਂਚ-ਪੜ੍ਹਤਾਲ ਦੇ ਵਿਚ ਇਹ ਜਰੂਰ ਸਪਸ਼ਟ ਹੋਣ ਦੀ ਸੰਭਾਵਨਾ ਹੈ।

# ਜ਼ਮਾਨਤ ਅਧੀਨ ਅਪਰਾਧੀਆਂ ਦੀ ਗਿਣਤੀ 6 ਸਾਲਾਂ 'ਚ 495 ਤੋਂ ਵਧ ਕੇ 2300 ਤੋਂ ਹੋਈ ਵੱਧ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਨਿਊਜ਼ੀਲੈਂਡ ਦੇ ਅਪਰਾਧਿਕ ਮਾਮਲਿਆਂ ਵਿਚ ਫਸੇ ਜ਼ਮਾਨਤੀਆਂ ਨੂੰ ਨਿਗਰਾਨੀ ਦੇ ਵਿਚ ਰੱਖਣ ਲਈ 'ਨਿਗਰਾਨੀ ਡਿਵਾਈਸ' (ਇਲੈਕਟ੍ਰਾਨਿਕ ਡਿਵਾਈਸ ਜਾਂ ਬ੍ਰੈਸਲੈਟ) ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਕਿ ਉਸਦੀ ਜਗ੍ਹਾ ਬਦਲੀ ਕਰਨ ਦੀ ਗਤੀਵਿਧੀ ਬਾਰੇ ਪਤਾ ਲੱਗ ਸਕੇ। ਇਸ ਡਿਵਵਾਈਸ ਦੇ ਨਾਲ ਛੇੜ-ਛਾੜ ਹੁੰਦੀ ਰਹਿੰਦੀ ਹੈ ਅਤੇ ਅਪਰਾਧੀ ਟਿ-ਨਫੋਇਲ ਦੀ ਵਰਤੋਂ ਕਰਕੇ ਭੁਲੇਖਾ ਦੇਣ ਦੀ ਕੋਸ਼ਿਸ਼ ਕਰਦੇ ਹਨ ਅਤੇ ਦੁਬਾਰਾ ਅਪਰਾਧਿਕ ਗਤੀਵਿਧੀਆਂ ਦੇ ਵਿਚ ਸ਼ਾਮਿਲ ਹੋ ਜਾਂਦੇ ਹਨ। 2017 ਦੇ ਵਿਚ ਅਜਿਹੇ ਅਪਰਾਧੀਆਂ ਦੀ ਗਿਣਤੀ 495 ਸੀ ਅਤੇ ਹੁਣ 2300 ਤੋਂ ਵਧ ਗਈ ਹੈ। ਅਪਰਾਧੀ ਨਿਯਮਿਤ ਤੌਰ 'ਤੇ ਆਪਣੇ ਗਿੱਟੇ ਦੇ ਬਰੇਸਲੇਟ ਦੁਆਲੇ ਟਿਨਫੌਇਲ ਲਪੇਟ ਰਹੇ ਹਨ ਅਤੇ ਦੁਬਾਰਾ ਅਪਰਾਧ ਕਰ ਰਹੇ ਹਨ। ਗੈਰ-ਹਟਾਉਣ ਯੋਗ ਨਿਗਰਾਨੀ ਬਰੇਸਲੇਟਾਂ 'ਤੇ ਕਾਫੀ ਸਮੇਂ ਤੋਂ ਕੰਮ ਹੋ ਰਿਹਾ ਹੈ



ਅਤੇਂ ਕੜਿਆਂ ਤੋਂ ਪਤਾ ਲੱਗਿਆ ਹੈ ਕਿ ਬਰੇਸਲੇਟਾਂ ਵਾਲੇ 20 ਤੋਂ 47 ਅਪਰਾਧੀ ਕਿਸੇ ਇੱਕ ਸਮੇਂ ਗਾਇਬ ਸਨ। 2021 ਵਿੱਚ ਯੂਕੇ ਇਲੈਕਟ੍ਰਾਨਿਕ ਮਾਨੀਟਰਿੰਗ ਫਰਮ 'ਬੱਡੀ' ਨਾਲ ਇੱਕ ਨਵੇਂ ਇਕਰਾਰਨਾਮੇ 'ਤੇ ਹਸਤਾਖਰ ਕੀਤੇ ਜਾਣ ਤੋਂ ਬਾਅਦ, ਪਿਛਲੇ ਸਾਲ ਫਰਵਰੀ ਤੋਂ ਬਾਅਦ ਮਾਨੀਟਰਿੰਗ ਡਿਵਾਈਸ ਪਹਿਨਣ ਦੀ ਸਜ਼ਾ ਸੁਣਾਏ ਗਏ ਕਿਸੇ ਵੀ ਵਿਅਕਤੀ ਨੂੰ ਇੱਕ ਅਜਿਹਾ ਉਪਕਰਣ ਦਿੱਤਾ ਜਾਣਾ ਸੀ ਜੋ 7ਫੰ ਤਕਨਾਲੋਜੀ ਅਤੇ ਰੇਡੀਓ ਫ੍ਰੀਕੁਐਂਸੀ ਦੋਵਾਂ ਦੀ ਵਰਤੋਂ ਕਰਦਾ ਸੀ। ਪਹਿਲਾਂ ਨਿਗਰਾਨੀ ਉਪਕਰਣਾਂ ਨੇ ਇੱਕ ਜਾਂ ਦੂਜੀ ਤਕਨੀਕ ਦੀ ਵਰਤੋਂ ਕੀਤੀ ਸੀ। ਅਤੇ ਜਿਨ੍ਹਾਂ ਕੋਲ ਪਹਿਲਾਂ ਹੀ ਉਸ ਸਮੇਂ ਨਿਗਰਾਨੀ ਉਪਕਰਣ ਸਨ, ਉਨ੍ਹਾਂ ਨੂੰ ਪਿਛਲੇ ਸਾਲ ਅਗਸਤ ਤੱਕ ਨਵੇਂ ਦੋਹਰੇ ਤਰੀਕੇ ਵਾਲੇ ਮਾਨੀਟਰਾਂ ਵਿੱਚ ਬਦਲਿਆ ਜਾਣਾ ਸੀ। ਸਰਕਾਰਾਂ ਭਾਵੇਂ ਅਪਰਾਧੀਆਂ 'ਤੇ ਨਜ਼ਰ ਰੱਖਣ ਲਈ ਕਈ ਤਰ੍ਹਾਂ ਦੇ ਯੰਤਰ ਲਿਆ ਰਹੀਆਂ ਹਨ, ਪਰ ਅਪਰਾਧੀ ਵੀ ਨਵੇਂ ਮੰਤਰ ਲੱਭ ਲੈਂਦੇ ਹਨ।

# ਸਥਾਨਿਕ ਚੋਣਾਂ ਦੇ ਲਈ ਵੋਟਿੰਗ ਉਮਰ ਘਟਾ ਕੇ 16 ਸਾਲ ਕਰਨ ਦੀ ਤਿਆਰੀ-ਬਿੱਲ ਪਹਿਲੀ ਪੜ੍ਹਤ 'ਚ ਪਾਸ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਸੁਪਰੀਮ ਕੋਰਟ ਦੇ ਇਕ ਆਦੇਸ਼ ਦੇ ਬਾਅਦ ਸਰਕਾਰ ਨੇ ਇੱਕ ਬਿੱਲ




ਪੇਸ਼ ਕੀਤਾ ਹੈ ਜੋ ਸਥਾਨਕ ਸਰਕਾਰਾਂ ਦੀਆਂ ਚੋਣਾਂ ਲਈ ਵੋਟਿੰਗ ਦੀ ਉਮਰ 18 ਤੋਂ ਘਟਾ ਕੇ 16 ਕਰ ਦੇਵੇਗਾ। ਇਸ ਬਿੱਲ ਦੀ ਪਹਿਲੀ ਪੜ੍ਹਤ ਪਾਸ ਕਰ ਦਿੱਤੀ ਗਈ ਹੈ ਅਤੇ ਇੱਕ ਪੂਰੀ ਚੋਣ ਕਮੇਟੀ ਪ੍ਰਕਿਰਿਆ ਤੋਂ ਬਾਅਦ ਅਗਲੀ ਸੰਸਦੀ ਮਿਆਦ ਵਿੱਚ ਇਸ 'ਤੇ ਹੋਰ ਵਿਚਾਰ ਕੀਤਾ ਜਾਵੇਗਾ। ਆਮ ਚੋਣਾਂ ਲਈ ਵੋਟਿੰਗ ਦੀ ਉਮਰ ਵਿੱਚ ਬਦਲਾਅ ਨੂੰ ਇਸ ਦਾ ਹਿੱਸਾ ਨਹੀਂ ਮੰਨਿਆ ਜਾ ਰਿਹਾ ਹੈ। ਨਿਆਂ ਮੰਤਰੀ ਗਿੰਨੀ ਐਂਡਰਸਨ ਨੇ ਕਿਹਾ, "ਸਥਾਨਕ ਅਤੇ ਕੇਂਦਰ ਸਰਕਾਰ ਅਜਿਹੇ ਫੈਸਲੇ ਲੈਂਦੀ ਹੈ ਜੋ ਹਰ ਰੋਜ਼ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੇ ਹਨ। "ਸੰਸਦੀ ਚੋਣਾਂ ਲਈ ਵੋਟਿੰਗ ਦੀ ਉਮਰ ਨੂੰ ਬਦਲਣ ਲਈ, 75 ਪ੍ਰਤੀਸ਼ਤ ਸੰਸਦ ਮੈਂਬਰਾਂ ਜਾਂ ਰਾਇਸ਼ੁਮਾਰੀ ਵਿੱਚ ਬਹੁਮਤ ਦੀ ਲੋੜ ਹੈ। ਇਹ ਸਪੱਸ਼ਟ ਹੈ ਕਿ ਇਸ ਤਬਦੀਲੀ ਨੂੰ ਕਰਨ ਲਈ ਵਰਤਮਾਨ ਵਿੱਚ ਇਸ ਲਈ ਲੋੜੀਂਦਾ ਸਮਰਥਨ ਨਹੀਂ ਹੈ। "

ਸਥਾਨਕ ਚੋਣਾਂ ਲਈ ਵੋਟ ਪਾਉਣ ਦੀ ਉਮਰ ਨੂੰ ਘਟਾਉਣ ਨਾਲ ਉਮਰ ਭਰ ਲਈ ਵੋਟ ਪਾਉਣ ਦੀਆਂ ਆਦਤਾਂ ਪੈਦਾ ਕਰਨ ਦੀ ਸਮਰੱਥਾ ਹੈ। ਜੇਕਰ ਇਹ ਬਿੱਲ ਅਗਲੀ ਸੰਸਦ ਦੁਆਰਾ ਪਾਸ ਕੀਤਾ ਜਾਂਦਾ ਹੈ, ਤਾਂ ਇਹ ਬਿੱਲ 2028 ਦੀਆਂ ਸਥਾਨਕ ਚੋਣਾਂ ਲਈ ਲਾਗੂ ਹੋਵੇਗਾ। ਸੰਸਦੀ ਚੋਣਾ ਲਈ ਇਸ ਇਸ ਕਰਕੇ ਨਹੀਂ ਅਜੇ ਲਾਗੂ ਕੀਤਾ ਜਾ ਸਕਦਾ ਕਿਉਂਕਿ ਅਲਕੋਹਲ ਦੀ ਵਿਕਰੀ ਅਤੇ ਸਪਲਾਈ ਐਕਟ ਦੇ ਤਹਿਤ ਚੋਣਾਂ ਲਈ ਘੱਟੋ-ਘੱਟ ਵੋਟਿੰਗ ਦੀ ਉਮਰ 18 ਸਾਲ ਰਹੇਗੀ। ਨਹੀਂ ਤਾਂ ਇਹ ਇਸ ਐਕਟ ਦੇ ਅਧੀਨ ਅਲਕੋਹਲ ਲਾਇਸੈਂਸਿੰਗ ਟਰੱਸਟਾਂ ਅਤੇ ਕਮਿਊਨਿਟੀ ਟਰੱਸਟਾਂ ਨੂੰ ਪ੍ਰਭਾਵਿਤ ਕਰੇਗਾ। ਬਿੱਲ ਇਹ ਅਧਿਕਾਰ ਵੀ ਪ੍ਰਦਾਨ ਕਰਦਾ ਹੈ ਕਿ ਯੋਗ ਵੋਟਰ ਜੋ ਕਿ ਨਿਊਜ਼ੀਲੈਂਡ ਦੇ ਨਾਗਰਿਕ ਹਨ, ਸਥਾਨਕ ਚੋਣਾਂ ਵਿੱਚ ਉਮੀਦਵਾਰ ਵਜੋਂ ਖੜ੍ਹੇ ਹੋਣ ਦੇ ਯੋਗ ਹੋਣਗੇ। ਇਹ ਮੌਜੂਦਾ ਉਮੀਦਵਾਰ ਯੋਗਤਾ ਮਾਪਦੰਡ ਨੂੰ ਪੂਰਾ ਕਰਦਾ ਹੈ। ਇਸ ਦਾ ਮਤਲਬ ਹੈ ਕਿ ਸਥਾਨਕ ਚੋਣਾਂ ਲਈ ਘੱਟੋ-ਘੱਟ ਉਮੀਦਵਾਰੀ ਦੀ ਉਮਰ ਵੀ 16 ਸਾਲ ਹੋ ਸਕੇਗੀ।

# ਮੇਜਰ ਧਿਆਨ ਚੰਦ ਦੇ ਜਨਮ ਦਿਨ ਮੌਕੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਰਾਸ਼ਟਰੀ ਖੇਡ ਦਿਵਸ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਹਾਕੀ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਜਗਤ ਪ੍ਰਸਿੱਧ ਖਿਡਾਰੀ ਮੇਜਰ



ਧਿਆਨ ਚੰਦ ਦੇ ਜਨਮ ਦਿਨ ਮੌਕੇ ਸਿੱਖ ਨੈਸ਼ਨਲ ਕਾਲਜ, ਚਰਨ ਕੰਵਲ ਬੰਗਾ ਦੇ ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਵਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਤੇ ਪ੍ਰੋ. ਚਰਨਜੀਤ ਕੁਮਾਰ ਦੀ ਦੇਖ-ਰੇਖ ਹੇਠ ਕੌਮੀ ਖੇਡ ਦਿਵਸ ਮਨਾਇਆ ਗਿਆ। ਜਿਸ ਵਿੱਚ ਕਾਲਜ ਦੀਆਂ ਵੱਖ-ਵੱਖ ਖੇਡਾਂ ਦੇ ਖਿਡਾਰੀ ਤੋਂ ਇਲਾਵਾ ਕਾਲਜ ਵਿਦਿਆਰਥੀ ਹਾਜ਼ਰ ਹੋਏ। ਇਸ ਮੌਕੇ ਪ੍ਰਿੰਸੀਪਲ ਸਾਹਿਬ, ਸਟਾਫ਼ ਤੇ ਖਿਡਾਰੀਆਂ ਨੇ ਖੇਡ ਦਿਵਸ ਦੇ ਹੀਰੋ ਮੇਜਰ ਧਿਆਨ ਚੰਦ ਦੀ ਤਸਵੀਰ 'ਤੇ ਸ਼ਰਧਾ ਸੁਮਨ ਅਰਪਿਤ ਕੀਤੇ। ਖਿਡਾਰੀਆਂ ਅੰਦਰ ਖੇਡ ਭਾਵਨਾ ਨੂੰ ਬੜਾਵਾ ਦੇਣ ਲਈ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਆਖਿਆ ਕਿ ਸਾਧਾਰਨ ਰਾਜਪੂਤ ਪਰਿਵਾਰ ਵਿੱਚ ਜਨਮੇ ਧਿਆਨ ਚੰਦ ਨੇ ਕਰੜੀ ਮਿਹਨਤ ਕਰਕੇ ਆਪਣੀ ਖੇਡ ਦਾ ਲੋਹਾ ਹਰ ਥਾਂ ਮਨਵਾਇਆ, ਜਿਸ ਦੀ ਬਦੌਲਤ ਉਸ ਦਾ ਨਾਂ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ।

ਸੋ, ਐਸੇ ਮਹਾਨ ਖਿਡਾਰੀ ਨੂੰ ਸੱਚਾ ਆਦਰਸ਼ ਮੰਨ ਕੇ ਸੱਚੀ ਲਗਨ ਨਾਲ ਮਿਹਨਤ ਕਰਨੀ ਚਾਹੀਦੀ ਹੈ। ਇਸ ਮੌਕੇ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ ਗਈ। ਇਸ ਮੌਕੇ ਹਰਜੀਤ ਸਿੰਘ ਮਾਹਲ, ਪ੍ਰੋ. ਗੁਰਵਿੰਦਰ ਸਿੰਘ, ਪ੍ਰੋ. ਵਿਪਨ, ਪ੍ਰੋ. ਜੋਤੀ ਪ੍ਰਕਾਸ਼, ਪ੍ਰੋ. ਤਜਿੰਦਰ ਸਿੰਘ, ਪਰਮਜੀਤ ਸਿੰਘ ਸੁਪ੍ਰਿੰਟੈਂਡੈਂਟ, ਪ੍ਰੋ. ਉਂਕਾਰ ਸਿੰਘ ਤੇ ਪ੍ਰੋ. ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਸੰਤ ਨਿਰੰਕਾਰੀ ਭਵਨ ਵਿਖੇ "ਮਾਨਵ ਏਕਤਾ ਦਿਵਸ" ਮਨਾਇਆ

**ਫਿਲੌਰ, (ਜੱਸੀ)–** ਅੱਜ ਸੰਤ ਨਿਰੰਕਾਰੀ ਸਤਿਸੰਗ ਭਵਨ ਫਿਲੌਰ ਵਿਖੇ ਅੱਜ ਮਿਤੀ 27-08-2023 ਨੂੰ ਮਾਨਵ



ਏਕਤਾ ਦਿਵਸ ਦੇ ਸੰਬੰਧ 'ਚ ਵਿਸ਼ਾਲ ਸੰਤ ਸਮਾਗਮ ਹੋਇਆ। ਸੰਤ ਨਿਰੰਕਾਰੀ ਮੰਡਲ ਦਿੱਲੀ ਦੇ ਸੈਕਟਰੀ ਜੋਗਿੰਦਰ ਸੁਖੀਜਾ ਜੀ, ਐਚ. ਐਸ. ਚਾਵਲਾ ਜੀ, ਜੋਨਲ ਇੰਚਾਰਜ ਐਨ.ਐਸ ਗਿੱਲ, ਸੰਯੋਜਕ ਮਹਾਤਮਾ ਅਮਿਤ ਕੁੰਦਰਾ ਜੀ ਲੁਧਿਆਣਾ, ਬ੍ਰਾਂਚ ਮੁੱਖੀ ਗੁਰਾਇਆ ਜਸਵੀਰ ਕੁਮਾਰ, ਜੰਡਿਆਲਾ ਮੰਜਕੀ ਬ੍ਰਾਂਚ ਮੁੱਖੀ ਸੁਰਿੰਦਰ ਜੀ, ਰਹਿਣਾ ਜੱਟਾਂ ਬ੍ਰਾਂਚ ਦੇ ਮੁਖੀ ਨਰਿੰਦਰ ਜੀ। ਫਿਲੌਰ ਬ੍ਰਾਂਚ ਦੇ ਮੁੱਖ ਸੇਵਾਦਾਰ ਜਗਤਾਰ ਸਿੰਘ ਜੀ, ਸਿਕਸ਼ਕ ਕੁਲਵੰਤ ਸਿੰਘ ਜੀ, ਪ੍ਰਚਾਰਕ ਮਹਾਤਮਾ ਰਾਮ ਸਰੂਪ ਜੀ, ਰਾਮ ਜੀ ਦਾਸ, ਕਰਮਜੀਤ ਸਿੰਘ ਜੀ, ਲਖਬੀਰ ਜੀ, ਸੇਵਾਦਲ ਦੇ ਮੈਂਬਰ ਸੁਰਿੰਦਰ ਮਹਲਾ ਜੀ, ਰਜਿੰਦਰ ਜੀ, ਧਰਮਵੀਰ ਫਗਵਾੜਾ, ਸਰਬਜੀਤ ਗੁਰਾਇਆ, ਰਵੀ ਕੁਮਾਰ ਜੀ ਨੇ ਗੁਰੂ ਮਹਿਮਾ ਦੇ ਗੀਤ ਗਾ ਕੇ ਸੰਗਤ ਨੂੰ ਨਿਹਾਲ ਕੀਤਾ ਤੇ ਸਤਗੁਰੂ ਸਰੂਪ ਮਹਾਤਮਾ ਜੋਗਿੰਦਰ ਸੁਖੀਜਾ ਜੀ ਨੇ ਸਤਿਗੁਰੂ ਦੇ ਪ੍ਰਵਚਨਾਂ ਨਾਲ ਸੰਗਤ ਨੂੰ ਨਿਹਾਲ ਕੀਤਾ।

# 2 ਸਤੰਬਰ ਤੋਂ ਸ਼ੁਰੂ ਹੋਣਗੇ ਬਲਾਕ ਪੱਧਰੀ 'ਖੇਡਾਂ ਵਤਨ ਪੰਜਾਬ ਦੀਆ' ਖੇਡ ਮੁਕਾਬਲੇ - ਪ੍ਰੀਤਇੰਦਰ ਸਿੰਘ ਬੈਂਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)- ਐਸ ਡੀ ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿੱਚ 2 ਸਤੰਬਰ ਤੋਂ 8 ਸਤੰਬਰ ਤੱਕ ਕਰਵਾਏ ਜਾਣ ਵਾਲੇ ਬਲਾਕ ਪੱਧਰੀ 'ਖੇਡਾਂ ਵਤਨ ਪੰਜਾਬ ਦੀਆਂ' ਖੇਡ ਮੁਕਾਬਲਿਆਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਹ ਅੱਜ ਆਪਣੇ ਦਫ਼ਤਰ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਖੇਡ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਗਾਊਂ ਤਿਆਰੀਆਂ ਨੂੰ ਯਕੀਨੀ ਬਣਾਉਣ ਲਈ ਸਾਰਿਆਂ ਨੂੰ ਹਦਾਇਤ ਕੀਤੀ।ਐਸ ਡੀ ਐਮ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਇਹ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਅਤੇ ਜ਼ਿਲ੍ਹਾ ਪੱਧਰ 'ਤੇ ਖੇਡ ਮੁਕਾਬਲੇ ਕਰਵਾਏ ਜਾਣਗੇ, ਜਿਸ ਤੋਂ ਬਾਅਦ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਅੰਡਰ-14, ਅੰਡਰ-17, ਅੰਡਰ-21 ਤੋਂ ਇਲਾਵਾ ਵੱਖ-ਵੱਖ ਉਮਰ ਵਰਗ 21-30, 31-40, 41-55, 55-66 ਅਤੇ 65 ਸਾਲ ਤੋਂ ਵੱਧ ਉਮਰ ਦੇ ਲੋਕ ਭਾਗ ਲੈ ਰਹੇ ਹਨ। ਪ੍ਰੀਤਇੰਦਰ ਸਿੰਘ ਬੈਂਸ ਨੇ ਦੱਸਿਆ ਕਿ ਪਹਿਲੇ ਪੜਾਅ ਵਿੱਚ 2 ਸਤੰਬਰ ਤੋਂ 4 ਸਤੰਬਰ ਤੱਕ ਬਲਾਕ ਪੱਧਰੀ ਮੁਕਾਬਲੇ ਕਰਵਾਏ ਜਾ ਰਹੇ ਹਨ, ਜਿਸ ਵਿੱਚ ਬਲਾਕ ਹੁਸ਼ਿਆਰਪੁਰ-2 ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਅਤੇ ਬਲਾਕ ਗੜ੍ਹਸ਼ੰਕਰ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਵਿਖੇ ਕਰਵਾਏ ਜਾਣਗੇ। ਇਸੇ ਤਰ੍ਹਾਂ ਦੂਜੇ ਪੜਾਅ ਵਿੱਚ 6 ਤੋਂ 8 ਸਤੰਬਰ ਤੱਕ ਬਲਾਕ ਭੂੰਗਾ ਦੇ ਖੇਡ ਮੁਕਾਬਲੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ ਅਤੇ ਖਾਲਸਾ ਕਾਲਜ ਗੜ੍ਹਦੀਵਾਲਾ, ਬਲਾਕ ਹੁਸ਼ਿਆਰਪੁਰ-1 ਦੇ ਮੁਕਾਬਲੇ ਆਊਟਡੋਰ ਸਟੇਡੀਅਮ ਹੁਸ਼ਿਆਰਪੁਰ ਅਤੇ ਬਲਾਕ ਮਾਹਿਲਪੁਰ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਮਾਹਿਲਪੁਰ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਕਰਵਾਏ ਜਾਣਗੇ। ਇਨ੍ਹਾਂ ਦੋਵਾਂ ਗੇੜਾਂ ਵਿੱਚ ਅਥਲੈਟਿਕਸ, ਖੋ-ਖੋ, ਰੱਸਾਕਸ਼ੀ, ਕਬੱਡੀ (ਸਰਕਲ ਸਟਾਈਲ ਅਤੇ ਰਾਸ਼ਟਰੀ ਸਟਾਈਲ), ਵਾਲੀਬਾਲ (ਸ਼ੂਟਿੰਗ ਅਤੇ ਸਮੈਸ਼ਿੰਗ) ਅਤੇ ਫੁੱਟਬਾਲ ਦੇ ਮੁਕਾਬਲੇ ਹੋਣਗੇ। ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਸਿੱਖਿਆ ਵਿਭਾਗ, ਸਿਹਤ ਵਿਭਾਗ, ਯੁਵਕ ਸੇਵਾਵਾਂ ਵਿਭਾਗ, ਖੇਡ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਤਿਆਰੀਆਂ ਵਿੱਚ ਕੋਈ ਕਮੀ ਨਾ ਆਉਣ ਦਿੱਤੀ ਜਾਵੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਹੈਲੀਕਾਪਟਰ ਅੱਗ ਲੱਗਣ ਉਪਰੰਤ ਜਮੀਨ ਉਪਰ ਡਿੱਗਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ ਹੈਲੀਕਾਪਟਰ ਤਬਾਹ ਹੋਣ ਦੀ ਖਬਰ ਹੈ ਜਿਸ ਘਟਨਾ ਵਿਚ 2 ਵਿਅਕਤੀ ਮਾਰੇ ਗਏ ਤੇ 2 ਹੋਰ ਜਖਮੀ ਹੋ ਗਏ। ਮ੍ਰਿਤਕਾਂ ਵਿਚ ਕੈਪਟਨ ਟੈਰੀਸਨ ਜੈਕਸਨ ਸ਼ਾਮਿਲ ਹੈ ਜੋ ਹੈਲੀਕਾਪਟਰ ਵਿਚ ਸਵਾਰ ਸੀ। ਇਸ ਤੋਂ ਇਲਾਵਾ ਇਕ ਔਰਤ ਸ਼ਾਮਿਲ ਹੈ ਜੋ ਉਸ ਅਪਾਰਟਮੈਂਟ ਕੰਪਲੈਕਸ ਵਿਚ ਰਹਿੰਦੀ ਸੀ ਜਿਥੇ ਹੈਲੀਕਾਪਟਰ ਡਿੱਗਾ। ਅਧਿਕਾਰੀਆਂ ਅਨੁਸਾਰ ਤਕਰੀਬਨ ਸਵੇਰੇ 8.46 ਵਜੇ ਇਹ ਘਟਨਾ ਵਾਪਰੀ ਜਿਸ ਵਿਚ ਬੀ ਐਸ ਓ ਫਾਇਰ ਰੈਸਕਿਊ ਦਾ ਹੈਲੀਕਾਪਟਰ ਪੋਮਪਾਨੋ ਬੀਚ



ਏਅਰਪਾਰਕ ਤੋਂ ਅੱਧਾ ਮੀਲ ਦੂਰ ਉਡਾਣ ਦੌਰਾਨ ਅੱਗ ਲੱਗਣ ਉਪਰੰਤ ਇਕ ਇਮਾਰਤ ਉਪਰ ਆ ਡਿੱਗਾ। ਬਰੋਅਵਰਡ ਕਾਊਂਟੀ ਸ਼ੈਰਿਫ ਵਿਭਾਗ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਪੋਮਪਾਨੋ ਬੀਚ ਫਾਇਰ ਰੈਸਕਿਊ ਵਿਭਾਗ ਨੇ 2 ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਨੁਸਾਰ ਹੈਲੀਕਾਪਟਰ ਵਿਚ ਬਰੋਅਵਰਡ ਸ਼ੈਰਿਫ ਫਾਇਰ ਰੈਸਕਿਊ ਵਿਭਾਗ ਦੇ 3 ਮੁਲਾਜ਼ਮ ਸਨ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ ਜਦ ਕਿ ਬਾਕੀ 2 ਜ਼ਖਮੀ ਹਾਲਤ ਵਿਚ ਹਨ ਜਿਨਾਂ ਦੀ ਹਾਲਤ ਸਥਿੱਰ ਹੈ।

# ਸਕੇਪ ਸਾਹਿਤਕ ਸੰਸਥਾ ਵਲੋਂ ਕਰਵਾਏ ਕਵੀ ਦਰਬਾਰ 'ਚ ਕਵੀਆਂ ਨੇ ਕਵਿਤਾਵਾਂ ਸੁਣਾ ਕੇ ਬੰਨਿਆ ਰੰਗ

**ਫਗਵਾੜਾ–** ਸਕੇਪ ਸਾਹਿਤਕ ਸੰਸਥਾ (ਰਜ਼ਿ) ਫਗਵਾੜਾ ਦਾ ਮਹੀਨਾਵਾਰ ਕਵੀ ਦਰਬਾਰ ਬਲੱਡ ਬੈਂਕ ਫਗਵਾੜਾ ਵਿਖੇ ਕਰਵਾਇਆ ਗਿਆ । ਪ੍ਰਧਾਨਗੀ ਮੰਡਲ ਵਿੱਚ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਪ੍ਰਵਿੰਦਰਜੀਤ ਸਿੰਘ ਪ੍ਰਧਾਨ ਅਤੇ ਉੱਘੇ ਗ਼ਜ਼ਲਕਾਰ ਬਲਦੇਵ ਰਾਜ ਕੋਮਲ ਸ਼ਾਮਲ ਹੋਏ । ਉਪਰੰਤ ਹੋਏ ਕਵੀ ਦਰਬਾਰ ਵਿੱਚ ਗੁਰਨਾਮ ਬਾਵਾ, ਜਸਵਿੰਦਰ ਕੌਰ ਫਗਵਾੜਾ, ਕਰਮਜੀਤ ਸਿੰਘ ਸੰਧੂ, ਸ਼ਾਮ ਸਰਗੁੰਦੀ ,ਸੁਖਦੇਵ ਸਿੰਘ ਗੰਢਮਾ, ਜਰਨੈਲ ਸਿੰਘ ਸਾਥੀ , ਸੋਢੀ ਸੱਤੋਵਾਲੀ, ਜਸੰਵਤ ਸਿੰਘ ਮਜ਼ਬੂਰ, ਰਵਿਂਦਰ ਸਿੰਘ ਰਾਏ, ਬਲਵੀਰ ਕੌਰ ਸੈਣੀ (ਬੱਬੂ), ਮਨੋਜ ਫਗਵਾੜਵੀ, ਸਿਮਰਤ ਕੌਰ, ਮੋਨਿਕਾ ਬੇਦੀ, ਉਰਮਲਜੀਤ ਸਿੰਘ ਵਾਲੀਆ, ਪ੍ਰਿੰਸੀਪਲ ਇੰਦਰਜੀਤ



ਸਿੰਘ ਵਾਸੂ, ਰਿਖੀ ਰੰਧਾਵਾ, ਨਗੀਨਾ, ਸਿੰਘ ਬਲੱਗਣ, ਬਲਕਾਰ ਭਾਈਆ, ਦੇਵ ਰਾਜ ਦਾਦਰ, ਪ੍ਰਸਿੱਧ ਗਾਇਕ ਮਨਮੀਤ ਮੇਵੀ, ਸੋਰਵ ਸਿੰਘ ਭਿੰਡਰ, ਕੁਲਵੰਤ ਸਿੰਘ ਭਿੰਡਰ, ਬਲਦੇਵ ਰਾਜ ਕੋਮਲ, ਕਸ਼ਮੀਰ ਸਿੰਘ, ਤਰਲੋਕ ਸਿੰਘ ,ਅਤੇ ਰਵਿੰਦਰ ਚੋਟ ਆਦਿ ਨੇ ਆਪਣੀਆਂ ਸੱਜਰੀਆਂ ਕਵਿਤਾਵਾਂ ਸੁਣਾ ਕੇ ਰੰਗ ਬੰਨਿਆ। ਇਸ ਸਮੇਂ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਬੋਲਦਿਆ ਹਾਜ਼ਰ ਲੇਖਕਾਂ, ਕਵੀਆਂ ਤੇ ਚਿੰਤਕਾਂ ਨੂੰ ਸਮੇਂ ਦੇ ਹਾਣ ਹੋ ਕੇ ਲਿਖਣ ਲਈ ਪ੍ਰੇਰਿਆ, ਉਹਨਾਂ ਨੇ ਔਰਤਾਂ ਦੀ ਹੋ ਰਹੀ ਦੁਰਗਤੀ ਬਾਰੇ ਚਿੰਤਾ ਪ੍ਰਗਟ ਕਰਦਿਆਂ ਨੂੰਹ ਅਤੇ ਮਨੀਪੁਰ ਵਿੱਚ ਵਾਪਰੀਆਂ ਘਟਨਾਵਾਂ ਦੀ ਨਿੰਦਾ ਕੀਤੀ।

ਸਮਾਗਮ ਦੇ ਅੰਤ ਵਿੱਚ ਪ੍ਰਸਿੱਧ ਕਵੀ ਸ਼ਿਵ ਨਾਥ ਅਤੇ ਪ੍ਰਸਿੱਧ ਲੇਖਕ ਦੇਸ ਰਾਜ ਕਾਲੀ ਦੇ ਬੇਵਕਤੇ ਵਿਛੋੜੇ 'ਤੇ ਸ਼ੋਕ ਮਤੇ ਪਾਸ ਕੀਤੇ ਗਏ ਅਤੇ ਸ਼ਰਧਾਜ਼ਲੀ ਭੇਟ ਕੀਤੀ ਗਈ । ਸਟੇਜ ਦੀ ਕਾਰਵਾਈ ਰਵਿੰਦਰ ਚੋਟ ਵੱਲੋ ਨਿਭਾਈ ਗਈ।

### ਨਸਲੀ ਨਫਰਤ ਦਾ ਮਾਮਲਾ

# ਅਮਰੀਕਾ ਵਿਚ ਕੌਂਸਲ ਚੋਣ ਲੜ ਰਹੀ ਭਾਰਤੀ ਮੂਲ ਦੀ ਔਰਤ ਦੇ ਇਸ਼ਤਿਹਾਰ 'ਤੇ ਲੱਗੀ ਤਸਵੀਰ ਉਪਰ ਕਾਲਾ ਚੇਹਰਾ ਲਾਇਆ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਨਸਲੀ ਨਫਰਤ ਤਹਿਤ ਕਿਸੇ ਸਿਰਫਿਰੇ ਵੱਲੋਂ ਕੌਂਸਲ ਚੋਣ ਲੜ ਰਹੀ ਭਾਰਤੀ ਮੂਲ ਦੀ ਇਕ ਔਰਤ ਸਾਰਿਕਾ ਬਾਂਸਲ ਦੇ ਇਕ ਇਸ਼ਤਿਹਾਰ ਉਪਰ ਲੱਗੀ ਤਸਵੀਰ 'ਤੇ ਉਨਾਂ ਦੇ ਚੇਹਰੇ ਨੂੰ ਖੁਰਚ ਕੇ ਉਸ ਦੀ ਜਗਾ 'ਤੇ ਕਿਸੇ ਕਾਲੇ ਵਿਅਕਤੀ ਦਾ ਚੇਹਰਾ ਲਾ ਦੇਣ ਦੀ ਖਬਰ ਹੈ। ਇਹ ਘਟਨਾ ਉੱਤਰੀ ਕੈਰੋਲੀਨਾ ਰਾਜ ਦੇ ਕੇਰੀ ਸ਼ਹਿਰ ਵਿਚ ਵਾਪਰੀ ਹੈ ਜਿਥੇ ਬਾਂਸਲ ਕੌਂਸਲ ਚਣਾਂ ਵਿਚ ਉਮੀਦਵਾਰ ਹੈ। ਪ੍ਰਾਪਤ ਵੇਰਵੇ ਅਨੁਸਾਰ ਬਾਂਸਲ ਚੋਣ ਸਬੰਧੀ ਇਕ ਮੀਟਿੰਗ ਵਿਚ ਹਿੱਸਾ ਲੈ ਰਹੀ ਸੀ ਜਦੋਂ ਉਨਾਂ ਦੇ ਇਕ ਸਮਰਥਕ ਨੇ ਵਟਸਅੱਪ ਉਪਰ ਇਹ ਜਾਣਕ–ਾਰੀ ਦਿੱਤੀ। ਉਸ ਦੇ ਚੋਣ ਇਸ਼ਤਿਹਾਰ ਨਾਲ ਇਹ ਛੇੜਛਾੜ ਡਿਸਟ੍ਰਿਕਟ ਡੀ ਪੱਛਮੀ ਕੇਰੀ ਵਿਚ ਹਾਈਕਰਾਫਟ ਪਿੰਡ ਵਿਚ ਕੀਤੀ ਗਈ ਹੈ ਜਿਥੋਂ ਉਹ ਚੋਣਾਂ ਵਿਚ ਖੜੀ ਹੈ। ਸਾਰਿਕਾ ਬਾਂਸਲ ਇਸ ਘਟਨਾ ਉਪਰੰਤ ਗਹਿਰੇ ਸਦਮੇ ਵਿਚ ਹੈ। ਉਨਾਂ ਕਿਹਾ ਕਿ ਮੈਨੂੰ ਇਸ ਘਟਨਾ ਤੋਂ ਬਹੁਤ ਦੁੱਖ ਹੋਇਆ ਹੈ। ਬਾਂਸਲ ਅਨੁਸਾਰ ਉਹ ਨਹੀਂ ਜਾਣਦੀ ਕਿ ਉਸ ਦੇ ਹੋਰ ਕਿਸੇ ਇਸ਼ਤਿਹਾਰ ਨਾਲ ਵੀ ਅਜਿਹੀ ਛੇੜਛਾੜ ਕੀਤੀ ਗਈ ਹੈ ਜਾਂ ਨਹੀਂ। ਕੇਰੀ ਕਸਬੇ ਦੀ ਤਰਫੋਂ ਮੇਅਰ ਹਰੋਲਡ ਵੀਨਬਰੈਚਡ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਉਨਾਂ ਕਿਹਾ ਕਿ ਨਸਲਵਾਦ ਕੇਰੀ ਦੀਆਂ ਕਦਰਾਂ ਕੀਮਤਾਂ ਦੇ ਵਿਰੁੱਧ ਹੈ। ਸਾਡਾ ਮਕਸਦ ਲੋਕਾਂ ਦੇ ਭਾਈਚਾਰੇ ਨੂੰ ਮਜਬੂਤ ਕਰਨਾ ਹੈ ਤੇ ਇਸ ਮੰਤਵ ਲਈ ਅਸੀਂ ਕੋਈ ਕਸਰ ਬਾਕੀ ਨਹੀਂ ਰਹਿਣ ਦੇਵਾਂਗੇ। ਇਥੇ ਜਿਕਰਯੋਗ ਹੈ ਕਿ ਕੇਰੀ ਸ਼ਹਿਰ ਦੀ 1,80,000 ਆਬਾਦੀ ਵਿਚੋਂ 20% ਲੋਕ ਏਸ਼ੀਅਨ ਮੂਲ ਦੇ ਹਨ।

# ਰੇਡੀਓ ਹੋਸਟ ਹਰਨੇਕ ਸਿੰਘ ਦੇ ਕਤਲ ਦੀ ਕੋਸ਼ਿਸ਼ ਵਿਚ ਦੋ ਵਿਅਕਤੀਆਂ ਨੇ ਦੋਸ਼ ਕਬੂਲੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਚਰਚਿਤ ਪੰਜਾਬੀ ਰੇਡੀਓ ਹੋਸਟ ਸ. ਹਰਨੇਕ ਸਿੰਘ (53) ਨੂੰ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਦੋ ਵਿਅਕਤੀਆਂ ਨੇ ਮੁਕੱਦਮੇ ਤੋਂ ਪਹਿਲਾਂ ਹੀ ਆਪਣਾ ਦੋਸ਼ ਕਬੂਲ ਕਰ ਲਿਆ ਹੈ। ਸ. ਹਰਨੇਕ ਸਿੰਘ ਉਤੇ 23 ਦਸੰਬਰ, 2020 ਨੂੰ ਔਕਲੈਂਡ ਦੇ ਵਾਟਲ



ਡਾਊਨਜ਼ ਖੇਤਰ ਵਿੱਚ ਉਸਦੇ ਘਰ ਦੇ ਬਾਹਰ ਹੀ ਹਮਲਾ ਕਰ ਦਿੱਤਾ ਗਿਆ ਸੀ ਤੇ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਸੀ। ਉਸਨੇ ਆਪਣੀ ਜ਼ਿੰਦਗੀ ਦੀ ਲੜਾਈ ਲੰਬਾ ਸਮਾਂ ਹਸਪਤਾਲ ਇਲਾਜ ਕਰਵਾ ਕੇ ਬਹੁਤ ਸਾਰੀਆਂ ਸਰਜੀਆਂ ਕਰਵਾ ਕੇ ਜਿੱਤੀ ਸੀ।

ਇਸ ਮਾਮਲੇ ਦੇ ਸਬੰਧ ਵਿਚ ਗ੍ਰਿਫਤਾਰ ਹਰਦੀਪ ਸਿੰਘ ਸੰਧੂ ਅਤੇ ਸਰਵਜੀਤ ਸਿੱਧੂ ਨੇ ਅੱਜ ਬੁੱਧਵਾਰ ਨੂੰ ਆਕਲੈਂਡ ਸਥਿਤ ਹਾਈ ਕੋਰਟ ਵਿੱਚ ਕਤਲ ਦੀ ਕੋਸ਼ਿਸ਼ ਦੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ। ਜਸਟਿਸ ਮੈਥਿਊ ਡਾਊਨਸ ਨੇ ਇਸ ਜੋੜੇ ਨੂੰ ਦੋਸ਼ੀ ਠਹਿਰਾਇਆ। ਸਿੱਧੂ ਨੂੰ ਸੋਮਵਾਰ ਤੱਕ ਜ਼ਮਾਨਤ ’ਤੇ ਭੇਜ ਦਿੱਤਾ ਗਿਆ ਜਦਕਿ ਸੰਧੂ ਨੂੰ ਹਿਰਾਸਤ ’ਚ ਭੇਜ ਦਿੱਤਾ ਗਿਆ ਹੈ। ਜਸਟਿਸ ਡਾਊਨਜ਼ ਨੇ ਨਵੰਬਰ ਲਈ ਮੁਕੱਦਮੇ ਦੀ ਤਰੀਕ ਤੈਅ ਕੀਤੀ ਹੈ। ਸਿੱਧੂ ਅਤੇ ਸੰਧੂ ਨੂੰ ਕਈ ਪਰਿਵਾਰ ਅਤੇ ਦੋਸਤਾਂ ਨੇ ਅਦਾਲਤ ਵਿੱਚ ਸਮਰਥਨ ਦਿੱਤਾ। ਇੱਕ ਹੋਰ ਵਿਅਕਤੀ ਜਸਪਾਲ ਸਿੰਘ (42) ਨੂੰ ਪਹਿਲਾਂ ਹੀ ਜਸਟਿਸ ਜੈਫਰੀ ਵੈਨਿੰਗ ਨਾਲ ਉਸਦੀ ਇਸ ਮਾਮਲੇ ਵਿਚ ਨਿਭਾਈ ਭੂਮਿਕਾ ਲਈ 5 ਸਾਲ 3 ਮਹੀਨੇ ਲਈ ਜੇਲ੍ਹ ਵਿੱਚ ਬੰਦ ਕੀਤਾ ਜਾ ਚੁੱਕਾ ਹੈ, ਜਿਸ ਨੂੰ ਸਜ਼ਾ ਸੁਣਾਉਂਦੇ ਸਮੇਂ ਇਹ ਕਿਹਾ ਗਿਆ ਸੀ ਕਿ ਇਹ ਹਮਲਾ ਧਾਰਮਿਕ ਕੱਟੜਵਾਦ ਤੋਂ ਪ੍ਰੇਰਿਤ ਸੀ। ਅਗਲੇ ਸੋਮਵਾਰ ਨੂੰ ਪੰਜ ਹੋਰ ਵਿਅਕਤੀਆਂ ’ਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਮੁਕੱਦਮਾ ਚਲਾਇਆ ਜਾਵੇਗਾ।

# ਔਰਤ ਦੇ ਦਿਮਾਗ਼ ’ਚ ਮਿਲਿਆ ਅੱਠ ਸੈਂਟੀਮੀਟਰ ਲੰਬਾ ਜਿਉਂਦਾ ਕੀੜਾ

## ਭੁੱਲਣ ਦੀ ਬਿਮਾਰੀ ਤੇ ਡਿਪਰੈਸ਼ਨ ਦੀ ਜਾਂਚ ਕਰਵਾਉਣ ਪਹੁੰਚੀ ਸੀ ਔਰਤ



**ਸਿਡਨੀ–** ਆਸਟ੍ਰੇਲੀਆ ਦੇ ਨਿਊਰੋ ਸਰਜਨ ਇਕ ਔਰਤ ਦੇ ਦਿਮਾਗ਼ ’ਚ ਅੱਠ ਸੈਂਟੀਮੀਟਰ ਲੰਬੇ ਪਰਜੀਵੀ ਨੂੰ ਦੇਖ ਕੇ ਹੈਰਾਨ ਰਹਿ ਗਏ। ਉਸ ਦੀ ਸਫਲ ਸਰਜਰੀ ਕਰਨ ਵਾਲੇ ਡਾਕਟਰਾਂ ਨੇ ਕਿਹਾ ਕਿ ਇਹ ਦੁਨੀਆ ਦਾ ਪਹਿਲਾ ਅਜਿਹਾ ਮਾਮਲਾ ਹੈ। ਇਹ ਔਰਤ ਭੁੱਲਣ ਦੀ ਬਿਮਾਰੀ ਅਤੇ ਤਣਾਅ ਗ੍ਰਸਤ ਹੋਣ ਤੋਂ ਬਾਅਦ ਇਲਾਜ ਕਰਵਾਉਣ ਲਈ ਡਾਕਟਰ ਕੋਲ ਗਈ ਸੀ।

ਮਨੁੱਖਾਂ ’ਚ ਇਕ ਨਵੀਂ ਪਰਜੀਵੀ ਲਾਗ ਦਾ ਦੁਨੀਆ ਦਾ ਇਹ ਪਹਿਲਾ ਮਾਮਲਾ ਦਿ ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ (ਏਐੱਨਯੂ) ਅਤੇ ਕੈਨਬਰਾ ਹਸਪਤਾਲ ਦੇ ਖੋਜਕਰਤਾਵਾਂ ਵੱਲੋਂ ਖੋਜਿਆ ਗਿਆ। 64 ਸਾਲਾ ਔਰਤ ਦੀ ਸਰਜਰੀ ਤੋਂ ਪਹਿਲਾਂ ਡਾਕਟਰਾਂ ਨੂੰ ਸਕੈਨਿੰਗ ਦੌਰਾਨ ਉਸ ਦੇ ਦਿਮਾਗ਼ ’ਚ ਜਿਉਂਦੇ ਕੀੜੇ ਦਾ ਪਤਾ ਲੱਗਿਆ। ਇਸ ਤਰ੍ਹਾਂ ਦੇ ਪਰਜੀਵੀ ਆਮ ਤੌਰ ’ਤੇ ਅਜਗਰਾਂ ’ਚ ਪਾਏ ਜਾਂਦੇ ਹਨ। ਡਾਕਟਰਾਂ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਅਜਿਹੇ ਲਾਰਵਾ ਉਸ ਔਰਤ ਦੇ ਫੇਫੜੇ, ਲਿਵਰ ਤੇ ਹੋਰ ਅੰਗਾਂ ’ਚ ਵੀ ਮੌਜੂਦ ਹੋ ਸਕਦੇ ਹਨ। ਕੈਨਬਰਾ ਹਸਪਤਾਲ ’ਚ ਲਾਗ ਵਾਲੀਆਂ ਬਿਮਾਰੀਆਂ ਦੇ ਮਾਹਰ ਅਤੇ ਖੋਜ ਦੀ ਅਗਵਾਈ ਕਰਨ ਵਾਲੇ ਏਐੱਨਯੂ ਦੇ ਸੰਜੈ ਸੇਨਾਨਾਇਕੇ ਨੇ ਐਮਰਜਿੰਗ ਇਫੈਕਟਸ ਡਿਸੀਜ਼ ’ਚ ਪ੍ਰਕਾਸ਼ਿਤ ਪੇਪਰ ’ਚ ਕਿਹਾ ਹੈ ਕਿ ਦਿਮਾਗ਼ ਦੀ ਸਰਜਰੀ ਤੋਂ ਬਾਅਦ ਓਫੀਡਾਸਕਰਿਸ ਰੋਬਰਟਸੀ ਰਾਊਂਡਵਾਰਮ ਮਰੀਜ਼ ’ਚੋਂ ਜਿਉਂਦਾ ਕੱਢਿਆ ਗਿਆ, ਜੋ ਹਿੱਲ ਰਿਹਾ ਸੀ। ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਸਾਨੂੰ ਜਾਣਕਾਰੀ ਹੈ, ਦਿਮਾਗ਼ ’ਚ ਇਸ ਤਰ੍ਹਾਂ ਦਾ ਕੀੜਾ ਮਿਲਣ ਦਾ ਇਹ ਪਹਿਲਾ ਮਾਮਲਾ ਹੈ।

ਖੋਜ ਦੇ ਲੇਖਕ ਸੰਜੈ ਸੇਨਾਨਾਇਕੇ ਨੇ ਕਿਹਾ ਕਿ ਆਸਟ੍ਰੇਲੀਆ ਦੇ ਦੱਖਣ-ਪੂਰਬੀ ਨਿਊ ਸਾਊਥ ਵੇਲਜ਼ ਦੀ ਰਹਿਣ ਵਾਲੀ ਔਰਤ ਨੇ ਖਾਣਾ ਪਕਾਉਣ ਲਈ ਵਾਰਰਿਗਲ ਸਾਗ ਦੀ ਵਰਤੋਂ ਕੀਤੀ ਤੇ ਖਾਣ ਤੋਂ ਬਾਅਦ ਸਿੱਧੀ ਪਰਜੀਵੀ ਨਾਲ ਇਨਫੈਕਟਡ ਹੋ ਗਈ। ਸਾਗ ’ਚ ਅਜਗਰ ਨੇ ਆਪਣੇ ਮਲ ਰਾਹੀਂ ਪਰਜੀਵੀ ਨੂੰ ਵਹਾ ਦਿੱਤਾ ਸੀ। ਇਸ ਤੋਂ ਬਾਅਦ ਉਸ ਨੂੰ ਪੇਟ ’ਚ ਦਰਦ ਨਾਲ ਸੁੱਕੀ ਖੰਘ ਆਉਣ ਤੇ ਸਾਹ ਲੈਣ ’ਚ ਤਕਲੀਫ਼ ਹੋਣ ਲੱਗੀ। ਸੰਜੈ ਸੇਨਾਨਾਇਕੇ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ’ਚ ਅਜਿਹਾ ਪਹਿਲਾ ਮਾਮਲਾ ਦੇਖਿਆ।

‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਡਾ. ਅੰਬੇਡਕਰ ਦਾ ਸੁਨੇਹਾ ਪੁਸਤਕ ਵਿੱਚੋਂ ਮੁਕਾਬਲੇ ਦੀ ਪ੍ਰੀਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਨਪਾਲਕੇ ਵਿਖੇ ਕਰਵਾਈ








ਪ੍ਰਬੁੱਧ ਭਾਰਤ ਫਾਊਡੇਸ਼ਨ ਗੁਰਾਇਆਂ ਵੱਲੋਂ ਆਯੋਜਿਤ 14ਵਾਂ ਕੰਪੀਟੀਸ਼ਨ ਡਾ. ਅੰਬੇਡਕਰ ਦਾ ਸੁਨੇਹਾ ਪੁਸਤਕ ਵਿੱਚੋਂ ਮੁਕਾਬਲੇ ਦੀ ਪ੍ਰੀਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਨਪਾਲਕੇ ਵਿਖੇ ਸੈਂਟਰ ਇੰਚਾਰਜ ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਅਤੇ ਬੀ.ਪੀ.ਈ. ਓ. ਸੁਰਤੀ ਲਾਲ ਮਾਧੋਪੁਰ ਦੀ ਦੇਖ ਰੇਖ ਹੇਠ ਕਰਵਾਈ ਗਈ। ਪ੍ਰੀਖਿਆ ਦੇ ਕੋਆਰਡੀਨੇਟਰ ਚਰਨਜੀਤ ਸਿੰਘ ਬਿਨਪਾਲਕੇ ਨੇ ਦੱਸਿਆ ਇਹ ਪ੍ਰੀਖਿਆ ਪੰਜਾਬ ਪੱਧਰ ਦੀ ਹੈ ਇਹ ਬੱਚਿਆਂ ਦੇ ਗਿਆਨ ਵਿੱਚ ਵਾਧਾ ਅਤੇ ਮੁਕਾਬਲੇ ਦੀ ਭਾਵਨਾ ਵੀ ਪੈਦਾ ਕਰਦੀ ਹੈ। ਫਾਊਂ–ਡੇਸ਼ਨ ਵਿਦਿਆਰਥੀਆਂ ਨੂੰ ਨਕਦ ਇਨਾਮ ਦੇ ਕੇ ਉਨ੍ਹਾਂ ਨੂੰ ਇਨਾਮ ਜਿੱਤਣ ਲਈ ਉਤਸ਼ਾਹਿਤ ਕਰਦਾ ਹੈ।

ਬਿਨਪਾਲਕੇ ਸੈਂਟਰ ਵਿਚ 130 ਬੱਚਿਆ ਨੇ ਭਾਗ ਲਿਆ। ਪੰਜਾਬ ਇਸ ਪ੍ਰੀਖਿਆ ਦੇ ਦੋ ਗਰੁੱਪ ਬਣਾਏ ਗਏ ਹਨ। ਪਹਿਲਾ ਗਰੁੱਪ ਛੇਵੀਂ ਤੋਂ ਬਾਰ੍ਹਵੀਂ ਤੱਕ ਅਤੇ ਦੂਸਰਾ ਬਾਰ੍ਹਵੀਂ ਤੋਂ ਬਾਅਦ 40 ਸਾਲ ਦੀ ਉਮਰ ਤੱਕ ਹੈ। ਦੋਹਾਂ ਗਰੁੱਪਾਂ ਵਿੱਚ ਅਲੱਗ ਅਲੱਗ ਪਹਿਲਾ ਇਨਾਮ 50000/- ਰੁਪਏ, ਦੂਸਰਾ ਇਨਾਮ 20000/-, ਤੀਸਰਾ ਇਨਾਮ 10000/- ਰੁਪਏ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਪਹਿਲੇ 250 ਬੱਚਿਆਂ ਨੂੰ ਮੈਰਿਟ ਵਿੱਚ ਆਉਣ ਤੇ 1000/- ਰੁਪਏ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਨਿਗਰਾਨ ਦੀ ਡਿਊਟੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਰਾਜ ਕੁਮਾਰ ਦਰਾਵਾਂ, ਸੂਬੇਦਾਰ ਹੰਸ ਰਾਜ, ਸੂਬੇਦਾਰ ਤਰਸੇਮ ਲਾਲ, ਮਾਸਟਰ ਓਮ ਪ੍ਰਕਾਸ, ਮਾਸਟਰ ਮਥਰੇਸ਼ ਕੁਮਾਰ, ਮਾਸਟਰ ਵਰਿੰਦਰ ਸਿੰਘ, ਮਾਸਟਰ ਗੁਰਦੀਪ ਸਿੰਘ, ਮੈਡਮ ਸ਼ਾਂਤੀ ਰਾਣੀ, ਮੈਡਮ ਕਿਰਨਜੀਤ ਨੇ ਬਾਖੂਬੀ ਨਿਭਾਈ ਗਈ।

**ਰਿਪੋਰਟ :- ਚਰਨਜੀਤ ਸਿੰਘ ਬਿਨਪਾਲਕੇ (ਜਲੰਧਰ)**

# ਸਤਲੁਜ ਨਾਲ ਲੱਗਦੇ ਇਲਾਕੇ 'ਚ ਜਨਜੀਵਨ ਆਮ ਵਾਂਗ ਹੋਣ ਲੱਗਾ

**ਮੋਗਾ–** ਹੜ੍ਹਾਂ ਦੇ ਰੂਪ ਵਿਚ ਆਈ ਕੁਦਰਤੀ ਆਫ਼ਤ ਤੋਂ ਬਾਅਦ ਸਤਲੁਜ ਦਰਿਆ ਦੇ ਪੈਰਾਂ ਵਿਚ ਵੱਸਦੇ ਜ਼ਿਲ੍ਹਾ ਮੋਗਾ ਦੇ ਦਰਜਨਾਂ ਪਿੰਡਾਂ ਵਿਚ ਹੁਣ ਜਨਜੀਵਨ ਆਮ ਵਾਂਗ ਹੋਣ ਲੱਗਾ ਹੈ। ਭਾਵੇਂਕਿ ਪ੍ਰਸ਼ਾਸਨ ਵੱਲੋਂ ਰਾਹਤ ਕੈਂਪਾਂ ਸਮੇਤ ਸਾਰੀਆਂ ਡਿਊਟੀਆਂ ਚਾਲੂ ਰੱਖੀਆਂ ਗਈਆਂ ਹਨ ਪਰ ਫਿਲਹਾਲ ਇਸ ਸੀਜਨ ਵਿਚ ਹੁਣ ਹੜ੍ਹ ਦਾ ਕੋਈ ਜਿਆਦਾ ਖ਼ਤਰਾ ਨਹੀਂ ਹੈ। ਫਿਰ ਵੀ ਲੋਕਾਂ ਨੂੰ ਹਰ ਵੇਲੇ ਅਲਰਟ 'ਤੇ ਰਹਿਣ ਲਈ ਅਪੀਲ ਕੀਤੀ ਗਈ ਹੈ। ਡੀਸੀ ਕੁਲਵੰਤ ਸਿੰਘ ਨੇ ਦੱਸਿਆ ਕਿ ਮੌਜੂਦਾ ਸਮੇਂ ਸਤਲੁਜ ਦਰਿਆ ਵਿਚ 26000 ਕਿਊਸਕ ਪਾਣੀ ਚੱਲ ਰਿਹਾ ਹੈ, ਜੋ ਕਿ ਹੁਣ ਤੱਕ ਆਏ ਹੜ੍ਹਾਂ ਦੇ ਸਾਰੇ ਪੱਧਰਾਂ ਤੋਂ 6 ਫੁੱਟ ਨੀਵਾਂ ਹੈ।

ਉਨ੍ਹਾਂ ਕਿਹਾ ਕਿ ਮੌਨਸੂਨ ਦੇ ਚੱਲਦਿਆਂ ਜਦੋਂ ਪੂਰੇ ਉੱਤਰੀ ਭਾਰਤ ਵਿਚ ਮੀਂਹ ਨੇ ਤਰਥੱਲੀ ਮਚਾਈ ਹੋਈ ਸੀ। ਪੰਜਾਬ ਦੇ ਦਰਿਆਵਾਂ ਦੇ ਨਾਲ ਲੱਗਦੇ ਕਈ ਜ਼ਿਲ੍ਹੇ ਵੀ ਇਸ ਮਾਰ ਨੂੰ ਝੱਲ ਰਹੇ ਸਨ। ਸਤਲੁਜ ਦੇ ਕੰਢੇ ਵਸੇ ਹੋਏ ਜ਼ਲ੍ਹਿਾ ਮੋਗਾ ਵਿਚ ਐਤਕੀਂ ਜੂਨ ਮਹੀਨੇ ਤੋਂ ਪਹਿਲਾਂ ਹੀ ਸਾਰੇ ਹੜ੍ਹ ਰੋਕੂ ਪ੍ਰਬੰਧ ਮੁਕੰਮਲ ਕਰ ਲਏ ਗਏ ਸਨ। ਚਾਰ ਪਿੰਡਾਂ ਨੂੰ ਇਹਤਿਆਤ ਵਜੋਂ ਖਾਲੀ ਕਰਵਾਇਆ ਗਿਆ ਸੀ, ਉਥੇ ਵੀ ਹੁਣ ਆਮ ਵਰਗੇ ਹਾਲਾਤ ਹੋ ਚੁੱਕੇ ਹਨ। ਸ਼ੇਰਪੁਰ ਤਾਇਬਾ ਕੋਲ ਪੈਂਦੇ ਬੰਨ੍ਹ ਨੂੰ ਹੋਰ ਮਜ਼ਬੂਤ ਕਰਨ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਸ ਨੂੰ ਮਿੱਟੀ ਦੀਆਂ ਬੋਰੀਆਂ ਨਾਲ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਬੰਨ੍ਹ ਦੀ ਲੰਬਾਈ 20 ਮੀਟਰ ਦੇ ਕਰੀਬ ਪੈਂਦੀ ਹੈ। ਇਸੇ ਤਰ੍ਹਾਂ 17.7 ਕਿਲੋਮੀਟਰ ਲੰਬੀ ਬੱਸੀਆਂ ਡਰੇਨ, 30.18 ਕਿਲੋਮੀਟਰ ਲੰਬੀ ਚੰਦ ਭਾਨ ਡਰੇਨ ਅਤੇ 13.10 ਕਿਲੋਮੀਟਰ ਲੰਬੀ ਬੱਧਨੀ ਕਲਾਂ ਡਰੇਨ ਨੂੰ ਵੀ ਪਹਿਲਾਂ ਹੀ ਸਾਫ਼ ਕਰਵਾ ਲਿਆ ਗਿਆ ਸੀ। ਇਹ ਤਿੰਨੋਂ ਡਰੇਨਾਂ ਜ਼ਲ੍ਹਿਾ ਮੋਗਾ ਦੇ 90 ਪਿੰਡਾਂ ਵਿਚੋਂ ਗੁਜ਼ਰਦੀਆਂ ਹਨ।

ਇਹ ਸਫ਼ਾਈ ਹੋਣ ਨਾਲ ਹਲਕਾ ਨਿਹਾਲ ਸਿੰਘ ਵਾਲਾ ਅਤੇ ਬਾਘਾਪੁਰਾਣਾ ਦੇ ਇਲਾਕੇ ਪੂਰੀ ਤਰ੍ਹਾਂ ਸੁਰੱਖਿਅਤ ਰਹੇ। ਜਦੋਂ ਸਤਲੁਜ ਪੂਰੇ ਉੱਚ ਪੱਧਰ ਉੱਤੇ ਸੀ ਤਾਂ ਜ਼ਲ੍ਹਿਾ ਮੋਗਾ ਦੇ ਖੇਤਰ ਵਿਚ ਕੁੱਲ ਤਿੰਨ ਢਾਹਾਂ ਲੱਗੀਆਂ ਸਨ। ਜਿੰਨਾ ਨੂੰ ਪ੍ਰਸ਼ਾਸ਼ਨ ਵੱਲੋਂ ਸਥਾਨਕ ਲੋਕਾਂ ਦੇ ਸਹਿਯੋਗ ਨਾਲ ਤੁਰੰਤ ਪੂਰ ਦਿੱਤਾ ਗਿਆ ਸੀ। ਇਸ ਦੌਰਾਨ ਦਰਿਆ ਵਿਚ ਰਹਿੰਦੇ 155 ਲੋਕਾਂ ਨੂੰ ਹੜ੍ਹ ਵਾਲੇ ਪਾਣੀ ਵਿੱਚੋਂ ਸੁਰੱਖਿਅਤ ਕੱਢਿਆ ਗਿਆ ਸੀ।

# ਮੁੱਖ ਮੰਤਰੀ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਦਾ ਉਦਘਾਟਨ

**ਬਠਿੰਡਾ–** ਇੱਥੇ ਸ਼ਹੀਦ ਭਗਤ ਸਿੰਘ ਸਟੇਡੀਅਮ 'ਚ 'ਖੇਡਾਂ ਵਤਨ ਪੰਜਾਬ ਦੀਆਂ' ਦੇ ਦੂਜੇ ਸੀਜ਼ਨ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਗਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਇਸ ਸ਼ਾਨਦਾਰ ਖੇਡ ਸਮਾਗਮ ਦਾ ਉਦਘਾਟਨ ਕੀਤਾ। ਮੁੱਖ ਮੰਤਰੀ ਨੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹਿੱਸਾ ਲੈਣ ਵਾਲੇ ਖਿਡਾਰੀਆਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ। ਖੇਡ ਮੇਲੇ ਦਾ ਉਦਘਾਟਨ ਕਰਦਿਆਂ ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਇਹ ਖੇਡ ਮੇਲਾ ਸੂਬੇ ਦੀ ਖੇਡਾਂ ਦੇ ਖੇਤਰ ਵਿੱਚ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਇੱਕ ਪ੍ਰੇਰਕ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲੈ ਜਾਣ ਲਈ ਸੂਬਾ ਸਰਕਾਰ ਦਾ ਇਹ ਨਿਮਾਣਾ ਜਿਹਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਖੇਡਾਂ ਦੇ ਵਿਕਾਸ ਵੱਲ ਕਦੇ ਧਿਆਨ ਨਹੀਂ ਦਿੱਤਾ ਜਿਸ ਕਾਰਨ ਪੰਜਾਬ ਇਸ ਖੇਤਰ ਵਿੱਚ ਪੱਛੜ ਗਿਆ ਹੈ। ਭਗਵੰਤ ਸਿੰਘ ਮਾਨ ਨੇ ਵਿਅੰਗ ਕਸਦਿਆਂ ਕਿਹਾ ਕਿ ਭਾਵੇਂ ਪਿਛਲੇ ਵਿੱਤ ਮੰਤਰੀ ਇਸ ਇਲਾਕੇ ਦੇ ਹੀ ਸਨ ਪਰ ਉਨ੍ਹਾਂ ਦੇ ਖ਼ਾਲੀ ਖ਼ਜ਼ਾਨੇ ਦੀ ਬਿਆਨਬਾਜ਼ੀ ਨੇ ਸੂਬੇ ਨੂੰ ਬਰਬਾਦ ਕਰ ਦਿੱਤਾ ਹੈ, ਜਦਕਿ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਹੁਣ ਇਹੀ ਪੈਸਾ ਵਰਤਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਲਈ ਮੈਡਲ ਲਿਆਉਣ ਵਾਲੀ ਭਾਰਤੀ ਹਾਕੀ ਟੀਮ ਨੂੰ ਜਲਦੀ ਹੀ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਾਰੇ ਅੜਿੱਕੇ ਪਹਿਲਾਂ ਹੀ ਦੂਰ ਕਰ ਦਿੱਤੇ ਗਏ ਹਨ ਅਤੇ ਹੁਣ ਇਨ੍ਹਾਂ ਨੌਂ ਖਿਡਾਰੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਨੌਕਰੀਆਂ ਦਿੱਤੀਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਾਲ ਅੱਠ ਉਮਰ ਵਰਗਾਂ ਵਿੱਚ 35 ਮੁਕਾਬਲੇ ਕਰਵਾਏ ਜਾਣਗੇ ਅਤੇ ਪਹਿਲੀ ਵਾਰ ਖੇਡਾਂ ਵਿੱਚ ਰਗਬੀ, ਸਾਈਕਲਿੰਗ, ਘੋੜ ਸਵਾਰੀ, ਵੁਸ਼ੂ ਅਤੇ ਸ਼ੂਟਿੰਗ ਵਾਲੀਬਾਲ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ 14 ਸਾਲ ਉਮਰ ਵਰਗ, 17 ਸਾਲ ਉਮਰ ਵਰਗ, 21 ਸਾਲ ਉਮਰ ਵਰਗ, 21-30 ਸਾਲ, 31-40 ਸਾਲ, 41-55 ਸਾਲ, 56-65 ਸਾਲ ਅਤੇ 65 ਸਾਲ ਤੋਂ ਵੱਧ ਉਮਰ ਵਰਗ ਵਿੱਚ ਕਰਵਾਏ ਜਾਣਗੇ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਖਿਡਾਰੀਆਂ ਨੂੰ 7 ਕਰੋੜ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ, ਜਿਸ ਵਿੱਚ ਸੋਨ



ਤਗਮਾ ਜੇਤੂ ਲਈ 10,000 ਰੁਪਏ, ਚਾਂਦੀ ਤਗਮਾ ਜੇਤੂ ਲਈ 7000 ਰੁਪਏ ਅਤੇ ਕਾਂਸੀ ਤਗਮਾ ਜੇਤੂ ਖਿਡਾਰੀਆਂ ਨੂੰ 5000 ਰੁਪਏ ਦਿੱਤੇ ਜਾਣਗੇ। ਸੂਬੇ ਵਿੱਚ ਖੇਡਾਂ ਨੂੰ ਹੋਰ ਪ੍ਰਫੁੱਲਤ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਤੋਂ ਸੂਬਾ ਸਰਕਾਰ ਵੱਲੋਂ 1807 ਖਿਡਾਰੀਆਂ ਨੂੰ 5.94 ਕਰੋੜ ਰੁਪਏ ਦੀ ਰਾਸ਼ੀ ਵੰਡਣ ਦੀ ਮੁਹਿੰਮ ਵਿੱਢੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਇਨਾਮੀ ਰਾਸ਼ੀ ਪਿਛਲੇ ਪੰਜ ਸਾਲਾਂ ਤੋਂ ਬਕਾਇਆ ਹੈ ਕਿਉਂਕਿ ਪਿਛਲੀਆਂ ਸੂਬਾ ਸਰਕਾਰਾਂ ਨੇ ਖਿਡਾਰੀਆਂ ਨੂੰ ਇਹ ਰਾਸ਼ੀ ਦੇਣ ਵੱਲ ਕੋਈ ਧਿਆਨ ਨਹੀਂ ਦਿੱਤਾ।

ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਰਮਿੰਘਮ ਰਾਸ਼ਟਰਮੰਡਲ ਖੇਡਾਂ ਵਿੱਚ ਸੂਬੇ ਦਾ ਨਾਂ ਰੌਸ਼ਨ ਕਰਨ ਵਾਲੇ 23 ਖਿਡਾਰੀਆਂ ਨੂੰ 9.30 ਕਰੋੜ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਹੈ ਅਤੇ ਨਾਲ ਹੀ ਕੌਮੀ ਖੇਡਾਂ ਵਿੱਚ ਤਗਮੇ ਜਿੱਤਣ ਵਾਲੇ ਖਿਡਾਰੀਆਂ ਨੂੰ ਨਕਦ ਇਨਾਮ ਵਜੋਂ 7 ਕਰੋੜ ਰੁਪਏ ਵੀ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਪਿਰਾਮਿਡ ਵਰਗੇ ਖੇਡ ਢਾਂਚੇ ਲਈ ਹਰੇਕ ਪਿੰਡ/ਇਲਾਕੇ ਵਿੱਚ ਖੇਡ ਮੈਦਾਨ, ਹਰ ਘਰ ਤੋਂ 4 ਕਿਲੋਮੀਟਰ ਦੇ ਦਾਇਰੇ ਵਿੱਚ ਪਿੰਡ ਕਲੱਸਟਰ ਪੱਧਰ 'ਤੇ ਖੇਡ ਨਰਸਰੀਆਂ, ਖਿਡਾਰੀਆਂ ਲਈ ਹੋਸਟਲ ਨਾਲ ਲੈਸ ਜ਼ਿਲ੍ਹਾ ਖੇਡ ਕੰਪਲੈਕਸ ਅਤੇ ਸੂਬਾ ਪੱਧਰ 'ਤੇ ਸੈਂਟਰ ਆਫ਼ ਐਕਸੀਲੈਂਸ ਬਣਾਏ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਨੀਤੀ ਵਿੱਚ ਓਲੰਪਿਕ/ ਏਸ਼ੀਅਨ/ ਰਾਸ਼ਟਰਮੰਡਲ ਖੇਡਾਂ ਦੇ ਨਾਲ-ਨਾਲ ਗਰੇਡੇਸ਼ਨ ਸੂਚੀ ਦੀਆਂ 35 ਖੇਡਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਖੇਡਾਂ ਵਿੱਚ ਕੋਚਾਂ ਦੇ ਵੱਡਮੁੱਲੇ ਯੋਗਦਾਨ ਨੂੰ ਮਾਨਤਾ ਦੇਣ ਲਈ ਬਲਬੀਰ ਸਿੰਘ ਸੀਨੀਅਰ ਐਵਾਰਡ ਸ਼ੁਰੂ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਖੇਡ ਪ੍ਰਮੋਟਰਾਂ ਨੂੰ ਮਿਲਖਾ ਸਿੰਘ ਐਵਾਰਡ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖੇਡ ਨੀਤੀ ਦੇ ਹਿੱਸੇ ਵਜੋਂ ਸੂਬਾ ਸਰਕਾਰ ਚੀਨ ਵਿੱਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਵਿੱਚ ਭਾਗ ਲੈਣ ਦੀ ਤਿਆਰੀ ਕਰ ਰਹੇ 50 ਦੇ ਕਰੀਬ ਖਿਡਾਰੀਆਂ ਨੂੰ ਪਹਿਲੀ ਵਾਰ 8 ਲੱਖ ਰੁਪਏ ਪ੍ਰਤੀ ਖਿਡਾਰੀ ਦੇ ਰਹੀ ਹੈ। ਇਨ੍ਹਾਂ ਖੇਡਾਂ ਦੇ ਪ੍ਰਬੰਧ ਲਈ ਖੇਡ ਮੰਤਰੀ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੁਰਮੀਤ ਸਿੰਘ ਮੀਤ ਹੇਅਰ ਇਸ ਸਾਰੇ ਪ੍ਰਬੰਧ ਲਈ ਵਧਾਈ ਦੇ ਹੱਕਦਾਰ ਹਨ।

ਮੁੱਖ ਮੰਤਰੀ ਨੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਨੂੰ ਯਾਦ ਕਰਦਿਆਂ ਉਨ੍ਹਾਂ ਬਾਰੇ ਕਿਤਾਬ ਵੀ ਰਿਲੀਜ਼ ਕੀਤੀ। ਇਸ ਦੌਰਾਨ ਸਕੂਲੀ ਬੱਚਿਆਂ ਵੱਲੋਂ ਕੀਤੀਆਂ ਸੱਭਿਆਚਾਰਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਤੋਂ ਪਹਿਲਾਂ ਓਲੰਪੀਅਨ ਬਲਜੀਤ ਢਿੱਲੋਂ ਅਤੇ ਮਨਜੀਤ ਕੌਰ ਮਸ਼ਾਲ ਲੈ ਕੇ ਆਏ ਅਤੇ ਓਲੰਪੀਅਨ ਗੁਰਜੀਤ ਕੌਰ ਨੇ ਸਟੇਜ 'ਤੇ ਮਸ਼ਾਲ ਜਗਾਈ।

# ਈਡੀ ਤੇ ਵਿਜੀਲੈਂਸ ਦੀਆਂ ਸਰਗਮੀਆਂ ਪੰਜਾਬ ਦੇ ਸਿਆਸਤਦਾਨਾਂ ਦੀ ਫਿਕਰ ਵਧਾਈ

**ਚੰਡੀਗੜ੍ਹ–** ਪੰਜਾਬ ਵਿਜੀਲੈਂਸ ਬਿਊਰੋ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀਆਂ ਸਰਗਰਮੀਆਂ ਨੇ ਪੰਜਾਬ ਦੇ ਸਿਆਸੀ ਆਗੂਆਂ ਤੇ ਨੌਕਰਸ਼ਾਹਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਸੂਤਰਾਂ ਅਨੁਸਾਰ ਪੰਜਾਬ ਦੇ ਦਰਜਨ ਦੇ ਕਰੀਬ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਖ਼ਿਲਾਫ਼ ਈਡੀ ਵੱਲੋਂ ਸਰਗਰਮੀ ਨਾਲ ਜਾਂਚ ਕੀਤੀ ਜਾ ਰਹੀ ਹੈ। ਈਡੀ ਵੱਲੋਂ ਪਿਛਲੇ ਦਿਨਾਂ ਦੌਰਾਨ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਨ ਆਸ਼ੂ ਅਤੇ ਉਨ੍ਹਾਂ ਦੇ ਕਰੀਬੀਆਂ ਦੇ ਟਿਕਾਣਿਆਂ 'ਤੇ ਮਾਰੇ ਗਏ ਛਾਪਿਆਂ ਤੋਂ ਬਾਅਦ ਕਾਂਗਰਸੀਆਂ ਦੀ ਸਿਰਦਰਦੀ ਵਧ ਗਈ ਹੈ। ਸੂਤਰਾਂ ਅਨੁਸਾਰ ਈਡੀ ਵੱਲੋਂ ਵਿਜੀਲੈਂਸ ਤੋਂ ਹੁਣ ਤੱਕ ਦਰਜਨ ਤੋਂ ਵੱਧ ਸਿਆਸਦਾਨਾਂ ਅਤੇ ਨੌਕਰਸ਼ਾਹਾਂ ਦੇ ਮਾਮਲੇ 'ਚ ਜਾਣਕਾਰੀ ਮੰਗੀ ਗਈ ਸੀ। ਈਡੀ ਵੱਲੋਂ 6 ਸਾਬਕਾ ਵਜ਼ੀਰਾਂ ਅਤੇ 7 ਸਿਵਲ ਤੇ ਪੁਲੀਸ ਅਫ਼ਸਰਾਂ ਖਿਲਾਫ਼ ਜਾਂਚ ਕੀਤੀ ਜਾ ਰਹੀ ਹੈ। ਈਡੀ ਇਨ੍ਹਾਂ ਸਿਆਸਤਦਾਨਾਂ ਅਤੇ ਅਫ਼ਸਰਾਂ ਦੀਆਂ ਜਾਇਦਾਦਾਂ ਤੇ ਬੈਂਕ ਖਾਤਿਆਂ ਦੀ ਘੋਖ ਕਰ ਰਹੀ ਹੈ। ਸੰਸਦੀ ਚੋਣਾਂ ਤੱਕ ਈਡੀ ਦੀਆਂ ਪੰਜਾਬ 'ਚ ਗਤੀਵਿਧੀਆਂ ਤੇਜ਼ ਹੋਣ ਦੀ ਸੰਭਾਵਨਾ ਹੈ ਤੇ ਅਚਨਚੇਤ ਛਾਪਿਆਂ ਦੇ ਮਾਮਲੇ ਵਧ ਸਕਦੇ ਹਨ।

ਈਡੀ ਨੇ ਹਾਲ ਹੀ ਵਿੱਚ ਇੱਕ ਨਾਇਬ ਤਹਿਸੀਲਦਾਰ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਤਾਂ ਕੀਤੀ ਹੀ ਸੀ, ਨਾਲ ਹੀ ਇੱਕ ਚਰਚਿਤ ਠੇਕੇਦਾਰ ਖ਼ਿਲਾਫ਼ ਵੀ ਸਰਗਰਮੀ ਨਾਲ ਜਾਂਚ ਆਰੰਭੀ ਗਈ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕਿਸੇ ਸਿਆਸਤਦਾਨ ਜਾਂ ਨੌਕਰਸ਼ਾਹ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਜਿਹੜਾ ਵੀ ਮਾਮਲਾ ਦਰਜ ਕੀਤਾ ਜਾਂਦਾ ਹੈ, ਈਡੀ ਵੱਲੋਂ ਉਸ ਮਾਮਲੇ ਦੀ ਮੁਕੰਮਲ ਜਾਣਕਾਰੀ ਪੇਸ਼ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਇਸੇ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਕਾਂਗਰਸ ਦੇ ਇੱਕ ਹੋਰ ਸਾਬਕਾ ਵਿਧਾਇਕ ਹਰਜੋਤ ਕਮਲ ਖ਼ਿਲਾਫ਼ ਵੀ ਜਾਂਚ ਆਰੰਭ ਦਿੱਤੀ ਹੈ। ਵਿਜੀਲੈਂਸ ਸੂਤਰਾਂ ਦਾ ਦੱਸਣਾ ਹੈ ਕਿ




ਮੋਗਾ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਖ਼ਿਲਾਫ਼ ਖੇਡ ਕਿੱਟਾਂ 'ਚ ਘਪਲੇਬਾਜ਼ੀ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਵਿਜੀਲੈਂਸ ਦੇ ਅਧਿਕਾਰੀਆਂ ਅਨੁਸਾਰ ਸਾਬਕਾ ਵਿਧਾਇਕ ਵੱਲੋਂ 5 ਕਰੋੜ ਰੁਪਏ ਦੀ ਕੀਮਤ ਦੀਆਂ ਖੇਡ ਕਿੱਟਾਂ 'ਚ ਘਪਲੇਬਾਜ਼ੀ ਅਤੇ ਘਟੀਆ ਪੱਧਰ ਦੀਆਂ ਵਸਤਾਂ ਖਰੀਦਣ ਦੇ ਦੋਸ਼ ਹਨ। ਸ਼ਿਕਾਇਤਾਂ ਦੇ ਅਧਾਰ 'ਤੇ ਪਹਿਲਾਂ ਮੁਢਲੀ ਜਾਂਚ ਸ਼ੁਰੂ ਕੀਤੀ ਗਈ ਸੀ ਤੇ ਉਸ ਤੋਂ ਬਾਅਦ ਜਦੋਂ ਤੱਥਾਂ ਦੀ ਪੁਸ਼ਟੀ ਹੋ ਗਈ ਤਾਂ ਵਿਜੀਲੈਂਸ ਨੇ ਜਾਂਚ ਦਰਜ ਕਰ ਕੇ ਸਾਬਕਾ ਵਿਧਾਇਕ ਨੂੰ ਭਲਕੇ ਜਾਂਚ 'ਚ ਸ਼ਾਮਲ ਹੋਣ ਲਈ ਸੰਮਨ ਜਾਰੀ ਕੀਤੇ ਹਨ। ਕਾਂਗਰਸ ਦਾ ਇਹ ਸਾਬਕਾ ਵਿਧਾਇਕ ਵਿਧਾਨ ਸਭਾ ਚੋਣਾਂ ਦੇ ਅਮਲ ਦੌਰਾਨ ਭਾਜਪਾ ਵਿੱਚ ਸ਼ਾਮਲ ਹੋ ਗਿਆ ਸੀ। ਵਿਜੀਲੈਂਸ ਵੱਲੋਂ ਕਾਂਗਰਸ ਦੇ ਸਾਬਕਾ ਵਿਧਾਇਕਾਂ ਖ਼ਿਲਾਫ਼ ਜਾਂਚ ਦਾ ਅਮਲ ਦਿਨੋ-ਦਿਨ ਤੇਜ਼ ਕੀਤਾ ਜਾ ਰਿਹਾ ਹੈ।

**ਹਰਜੋਤ ਬੈਂਸ ਦੇ ਨਜ਼ਦੀਕੀ ਸਾਬਕਾ ਸਰਪੰਚ ਤੇ ਅਧਿਕਾਰੀ ਵੀ ਨਿਸ਼ਾਨੇ 'ਤੇ ਆਏ**

ਵਿਜੀਲੈਂਸ ਬਿਊਰੋ ਵੱਲੋਂ ਭਾਜਪਾ 'ਚ ਸ਼ਾਮਲ ਹੋ ਚੁੱਕੇ ਮੋਗਾ ਵਿਧਾਨ ਸਭਾ ਸ਼ਹਿਰੀ ਹਲਕੇ ਤੋਂ ਸਾਬਕਾ ਕਾਂਗਰਸੀ ਵਿਧਾਇਕ ਡਾ. ਹਰਜੋਤ ਕਮਲ ਨੂੰ ਭਲਕੇ 30 ਅਗਸਤ ਨੂੰ ਸਵੇਰੇ ਸਥਾਨਕ ਵਿਜੀਲੈਂਸ ਦਫ਼ਤਰ ਵਿੱਚ ਤਲਬ ਕੀਤੇ ਜਾਣ ਮਗਰੋਂ ਸਾਬਕਾ ਵਿਧਾਇਕ ਦੇ ਖਾਸ ਸਰਪੰਚ ਅਤੇ ਹੋਰ ਅਧਿਕਾਰੀ ਵੀ ਰਾਡਾਰ 'ਤੇ ਆ ਗਏ ਹਨ। ਸੂਤਰਾਂ ਅਨੁਸਾਰ ਵਿਜੀਲੈਂਸ ਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਪੰਚਾਇਤਾਂ ਨੇ ਨਿਯਮਾਂ ਦੀ ਉਲੰਘਣਾ ਕਰ ਕੇ ਰੇਤਾ, ਬਜਰੀ, ਸਟੀਲ, ਟਾਈਲਾਂ, ਸੈਨੇਟਰੀ ਵਸਤਾਂ ਅਤੇ ਬਿਜਲੀ ਵਸਤਾਂ ਆਦਿ ਦੀ ਖਰੀਦ ਬਿਨਾਂ ਕੁਟੇਸ਼ਨਾਂ ਅਤੇ ਬਿਨਾਂ ਟੈਂਡਰਾਂ ਤੋਂ ਕੀਤੀ ਹੈ। ਵਿਜੀਲੈਂਸ ਸੂਤਰਾਂ ਮੁਤਾਬਕ ਮੁੱਢਲੀ ਜਾਂਚ ਵਿਚ ਕਈ ਸਰਪੰਚਾਂ ਨੇ ਵਿਜੀਲੈਂਸ ਨੂੰ ਦੱਸਿਆ ਕਿ ਉਹ ਸਾਬਕਾ ਵਿਧਾਇਕ ਦੇ ਦਿਸ਼ਾ ਨਿਰਦੇਸ਼ਾਂ 'ਤੇ ਹੀ ਵਿਕਾਸ ਦੇ ਕੰਮ ਅਤੇ ਗਰਾਂਟਾਂ ਦੀ ਵਰਤੋਂ ਕਰਦੇ ਸਨ। ਕਈ ਪਿੰਡਾਂ ਵਿਚ ਬਿਨਾਂ ਵਿਕਾਸ ਕਾਰਜ ਕੀਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਖਾਤਿਆਂ 'ਚ ਕਰੋੜਾਂ ਦੇ ਖਰਚ ਦਿਖਾ ਕੇ ਘੁਟਾਲਾ ਕੀਤਾ ਗਿਆ ਹੈ। ਪਿੰਡਾਂ ਵਿਚ ਪੰਚਾਇਤਾਂ ਵੱਲੋਂ ਫੰਡਾਂ ਦੀ ਵਰਤੋਂ ਲਈ ਫ਼ਰਜ਼ੀ ਵਿਕਾਸ ਕਾਰਜ ਦੇ ਨਾਮ 'ਤੇ ਸਰਕਾਰੀ ਗਰਾਂਟਾਂ 'ਚ ਘਪਲੇਬਾਜ਼ੀ ਕੀਤੀ ਗਈ ਹੈ। ਹਰਜੋਤ ਕਮਲ ਨੂੰ ਤਲਬ ਕੀਤੇ ਜਾਣ ਬਾਰੇ ਪੁੱਛੇ ਜਾਣ 'ਤੇ ਡੀਐੱਸਪੀ ਵਿਜੀਲੈਂਸ ਜਸਤਿੰਦਰ ਸਿੰਘ ਰਾਣਾ ਨੇ ਕਿਹਾ ਕਿ ਇਹ ਮਾਮਲਾ ਜਾਂਚ ਦਾ ਵਿਸ਼ਾ ਹੈ। ਜਾਂਚ ਤੋਂ ਪਹਿਲਾਂ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਇਸ ਬਾਰੇ ਪੱਖ ਲੈਣ ਲਈ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਨਾਲ ਸੰਪਰਕ ਨਹੀਂ ਹੋ ਸਕਿਆ। ਉਨ੍ਹਾਂ ਦੇ ਦਫ਼ਤਰ ਇੰਚਾਰਜ ਬੱਲੀ ਨੇ ਦੱਸਿਆ ਕਿ ਉਹ ਦਿੱਲੀ ਗਏ ਹੋਏ ਹਨ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਦਫ਼ਤਰ ਵੱਲੋਂ ਉਨ੍ਹਾਂ ਨੂੰ ਕੋਈ ਫੋਨ ਜਾਂ ਸੰਮਨ ਨਹੀਂ ਮਿਲਿਆ।

# ਸ਼੍ਰੀ ਰਮੇਸ਼ ਕਲੇਰ ਯੂ. ਕੇ. ਦੀ ਪ੍ਰੋਡਕਸ਼ਨ ਅਤੇ ਗਾਇਕਾ ਸਿਮਰਨ ਕੌਰ ਦਾ ਗੀਤ 'ਰੱਖੜੀ' ਬਹੁਤ ਜਲਦੀ ਹੋਵੇਗਾ ਰਿਲੀਜ਼

**ਜਲੰਧਰ–** ਆਪਣੀ ਦਮਦਾਰ ਅਤੇ ਸੁਰੀਲੀ ਆਵਾਜ਼ ਵਿੱਚ ਗਾਇਆ ਹੋਇਆ ਗੀਤ 'ਰੱਖੜੀ' ਜਿਸਦੇ ਪ੍ਰੋਡਿਊਸਰ ਸ਼੍ਰੀ ਰਮੇਸ਼ ਕਲੇਰ (ਚੇਅਰਮੈਨ ਆਜ਼ਾਦੀ ਟੀ. ਵੀ. ਯੂ. ਕੇ.) ਜੀ ਹਨ ਲੈ ਕੇ ਹਾਜ਼ਰ ਹੋਈ ਹੈ ਸੁਰੀਲੀ ਗਾਇਕਾ ਸਿਮਰਨ ਕੌਰ ਅਤੇ ਰੱਖੜੀ ਤਿਉਹਾਰ ਨੂੰ ਸਮਰਪਿਤ ਇਹ ਗੀਤ ਬਹੁਤ ਹੀ ਜ਼ਲਦੀ ਰਿਲੀਜ਼ ਕੀਤਾ ਜਾਵੇਗਾ ਤੇ ਮਿਊਜ਼ਿਕ ਰੇਨ ਦੀ ਪ੍ਰਸਤੁਤੀ ਵਾਲਾ ਇਹ ਗੀਤ ਬਹੁਤ ਜ਼ਲਦੀ ਸੋਸ਼ਲ ਮੀਡੀਆ ਉੱਤੇ ਆਪਣਾ ਜਾਦੂ ਬਿਖੇਰਦਾ ਹੋਇਆ ਨਜ਼ਰ ਆਵੇਗਾ। ਇਸ ਗੀਤ ਬਾਰੇ ਜਾਣਕਾਰੀ ਦਿੰਦਿਆਂ ਗੀਤ ਪ੍ਰੋਡਿਊਸਰ ਸ਼੍ਰੀ ਰਮੇਸ਼ ਕਲੇਰ ਜੀ ਨੇ ਦੱਸਿਆ ਕਿ ਗਾਇਕਾ ਸਿਮਰਨ ਕੌਰ ਦੀ ਦਮਦਾਰ ਤੇ ਸੁਰੀਲੀ ਆਵਾਜ਼ ਵਾਲੇ ਇਸ ਗੀਤ ਨੂੰ ਕਲਮਬੰਦ ਕੀਤਾ ਹੈ ਵੀਰਪਾਲ ਭੱਠਣ ਨੇ ਅਤੇ ਮਿਊਜ਼ਿਕ




ਦੀਆਂ ਦਮਦਾਰ ਧੁੰਨਾਂ ਨਾਲ ਸ਼ਿੰਗਾਰਿਆ ਹੈ ਜੀ ਗੁਰੀ ਜੀ ਨੇ ਅਤੇ ਇਸ ਦੇ ਮਿਕਸ਼ ਮਾਸਟਰ ਬੀਟ ਕਿੰਗ ਹਨ। ਮਿਊਜ਼ਿਕ ਰੇਨ ਦੇ ਲੇਵਲ ਤਲੇ ਫ਼ਿਲਮਾਏ ਗਏ ਇਸ ਗੀਤ ਦੇ ਪ੍ਰੋਡਿਊਸਰ ਸ਼੍ਰੀਮਾਨ ਰਮੇਸ਼ ਕਲੇਰ (ਚੇਅਰਮੈਨ ਆਜ਼ਾਦ ਟੀ. ਵੀ. ਯੂ. ਕੇ.) ਖ਼ੁਦ ਹਨ ਅਤੇ ਇਸ ਗੀਤ ਦੇ ਵਿਸ਼ੇਸ਼ ਧੰਨਵਾਦੀਆਂ ਵਿੱਚ ਬੱਬੂ ਬਰਾੜ ਦਾ ਨਾਮ ਆਉਂਦਾ ਹੈ ਤੇ ਇਸ ਦੇ ਆਨ-ਲਾਈਨ ਪ੍ਰੋਮੋਸ਼ਨ ਦਾ ਕਾਰਜ ਵਰਿੰਦਰ ਸੰਧੂ ਦੇ ਹਿੱਸੇ ਆਇਆ ਹੈ। ਸਾਨੂੰ ਉਮੀਦ ਹੈ ਕਿ ਸਮੁੱਚੀ ਟੀਮ ਦੀ ਮਿਹਨਤ ਰੰਗ ਲਿਆਏਗੀ ਤੇ ਦਰਸ਼ਕ, ਪ੍ਰਸ਼ੰਸਕ, ਚਾਹੁਣ ਵਾਲੇ ਤੇ ਸੰਗੀਤ ਪ੍ਰੇਮੀ ਇਸ 'ਰੱਖੜੀ' ਗੀਤ ਨੂੰ ਮਣਾ-ਮੂਹੀ ਪਿਆਰ ਤੇ ਸਤਿਕਾਰ ਦੇਣਗੇ।

# ਪੰਚਾਇਤਾਂ ਭੰਗ ਕਰਨ ਦੇ ਮਾਮਲੇ 'ਤੇ ਹਾਈ ਕੋਰਟ ਸਖ਼ਤ

**ਚੰਡੀਗੜ੍ਹ–** ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਚੀਫ਼ ਜਸਟਿਸ ਰਵੀ ਸ਼ੰਕਰ ਝਾਅ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਗਰਾਮ ਪੰਚਾਇਤਾਂ ਭੰਗ ਕੀਤੇ ਜਾਣ ਦੇ ਮਾਮਲੇ 'ਤੇ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਫਿਟਕਾਰ ਲਾਈ ਹੈ। ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਤੋਂ ਪੰਚਾਇਤਾਂ ਨੂੰ ਭੰਗ ਕੀਤੇ ਜਾਣ ਪਿਛਲੇ ਤੱਥਾਂ ਬਾਰੇ ਪੁੱਛਿਆ ਤਾਂ ਸਰਕਾਰ ਨੇ ਜਵਾਬ 'ਚ ਦਲੀਲ ਦਿੱਤੀ ਕਿ ਪੰਚਾਇਤਾਂ ਕੋਲ ਕਰੀਬ ਇੱਕ ਹਜ਼ਾਰ ਕਰੋੜ ਰੁਪਏ ਦੇ ਫ਼ੰਡ ਪਏ ਸਨ ਜਿਨ੍ਹਾਂ ਵਿੱਚ ਘਪਲਾ ਹੋਣ ਜਾਣ ਦਾ ਡਰ ਸੀ। ਅੱਜ ਅਦਾਲਤ ਵਿੱਚ ਐਡਵੋਕੇਟ ਜਨਰਲ ਵਿਨੋਦ ਘਈ ਤੋਂ ਇਲਾਵਾ ਸੀਨੀਅਰ ਐਡਵੋਕੇਟ ਅਸ਼ੋਕ ਅਗਰਵਾਲ ਪੇਸ਼ ਹੋਏ। ਅੱਜ ਕਾਨੂੰਨੀ ਟੀਮ ਨੇ ਡਿਵੀਜ਼ਨ ਬੈਂਚ ਤੋਂ ਤਿਆਰੀ ਲਈ ਸਮਾਂ ਮੰਗਿਆ ਤਾਂ ਅਦਾਲਤ ਨੇ ਸੁਣਵਾਈ 31 ਅਗਸਤ 'ਤੇ ਪਾ ਦਿੱਤੀ। ਇਹ ਸੁਣਵਾਈ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਗੁਰਜੀਤ ਸਿੰਘ ਤਲਵੰਡੀ ਵੱਲੋਂ ਹਾਈ ਕੋਰਟ ਵਿੱਚ ਦਾਇਰ ਜਨਹਿਤ ਪਟੀਸ਼ਨ 'ਤੇ ਹੋਈ।

ਇਸੇ ਦੌਰਾਨ ਹਾਈ ਕੋਰਟ 'ਚ ਗਰਾਮ ਪੰਚਾਇਤਾਂ ਦੇ ਪ੍ਰਤੀਨਿਧਾਂ ਵੱਲੋਂ ਦਾਇਰ ਵੱਖਰੀ ਪਟੀਸ਼ਨ 'ਤੇ ਵੀ ਸੁਣਵਾਈ ਹੋਈ। ਇਸ ਦੌਰਾਨ ਜਸਟਿਸ ਰਾਜ ਮੋਹਨ ਸਿੰਘ ਅਤੇ ਜਸਟਿਸ ਹਰਪ੍ਰੀਤ ਸਿੰਘ ਬਰਾੜ ਵਾਲੇ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 31 ਅਗਸਤ 'ਤੇ ਪਾ ਦਿੱਤੀ ਹੈ। ਪੰਜਾਬ ਸਰਕਾਰ ਨੂੰ ਦੋ ਦਿਨਾਂ ਵਾਸਤੇ ਆਰਜ਼ੀ ਰਾਹਤ ਜ਼ਰੂਰ ਮਿਲ ਗਈ ਹੈ।

ਇਸ ਬੈਂਚ ਨੇ ਸਰਕਾਰ ਤੋਂ ਰਿਕਾਰਡ ਤਲਬ ਕੀਤਾ ਸੀ ਕਿ ਉਹ ਫ਼ੈਸਲਾ ਸਨਮੁੱਖ ਰੱਖਿਆ ਜਾਵੇ ਜਿਸ ਨਾਲ ਪੰਚਾਇਤਾਂ ਨੂੰ ਭੰਗ ਕੀਤਾ ਗਿਆ ਹੈ। ਅੱਜ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਅੱਗੇ ਪਟੀਸ਼ਨਰ ਗੁਰਜੀਤ ਸਿੰਘ ਤਲਵੰਡੀ ਵੱਲੋਂ ਪੇਸ਼ ਐਡਵੋਕੇਟ ਬਲਤੇਜ ਸਿੰਘ ਸਿੱਧੂ ਨੇ ਅਦਾਲਤੀ ਕਾਰਵਾਈ ਮਗਰੋਂ ਕਿਹਾ ਕਿ ਨਿਸ਼ਚਿਤ ਕਾਰਜਕਾਲ ਤੋਂ ਪਹਿਲਾਂ ਇੱਕੋ ਹੁਕਮਾਂ ਨਾਲ ਸਮੁੱਚੀਆਂ ਪੰਚਾਇਤਾਂ ਨੂੰ ਭੰਗ ਨਹੀਂ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਅਜਿਹਾ ਕੁਦਰਤੀ ਨਿਆਂ ਦੇ ਵਿਰੁੱਧ ਹੈ। ਸਰਕਾਰ ਦੀ ਇਹ ਦਲੀਲ ਗੈਰ-ਵਾਜਬ ਹੈ ਕਿ ਪੰਚਾਇਤਾਂ ਕੋਲ ਹਜ਼ਾਰ ਕਰੋੜ ਦਾ ਫ਼ੰਡ ਪਿਆ ਹੈ ਅਤੇ ਉਸ ਵਿਚ ਗ਼ਬਨ ਹੋਣ ਦੇ ਖ਼ਦਸ਼ੇ ਕਰਕੇ ਪੰਚਾਇਤਾਂ ਨੂੰ ਭੰਗ ਕੀਤਾ ਗਿਆ ਹੈ।

# ਜਾਹਲੀ ਐਸਸੀ ਸਰਟੀਫ਼ੀਕੇਟ ਵਾਲੇ ਦੀ ਸ਼ਿਕਾਇਤ, ਦੁਸ਼ਮਣੀ ਪਾਉਣਾ-ਬਲਬੀਰ ਸਿੰਘ ਆਲਮਪੁਰ

ਐਸਸੀ ਸਮਾਜ ਦੇ ਬਹੁਤ ਸਾਰੇ ਲੋਕ ਆਪਣੇ ਅਤੇ ਜਾ ਆਪਣੇ ਸਮਾਜ ਦੇ ਮੁੱਦਿਆਂ ਨੂੰ ਲੈ ਕੇ ਲੜਾਈ ਲੜ ਰਹੇ ਹਨ ਪਰ ਜਾਅਲੀ ਸਰਟੀਫ਼ੀਕੇਟ ਧਾਰਕਾਂ ਦੇ ਖਿਲਾਫ਼ਸ਼ਿਕਾਇਤ ਕਰਨਾ ਦੁਸ਼ਮਣੀ ਮੁੱਲ ਲੈਣਾ ਹੈ ਇਸ ਕੰਮ ਲਈ ਅੱਗੇ ਕੋਈ ਆਉਣ ਨੂੰ ਰਾਜੀ ਨਹੀਂ ਹੁੰਦਾ। ਸਾਰੇ ਆਪਣਾ ਤੋਰੀ ਫੁਲਕਾ ਚਲਾਉਂਦੇ ਹਨ, ਸਮਾਜ ਦਾ ਕੋਈ ਹੱਕ ਮਾਰਦਾ ਹੈ ਤਾਂ ਮਾਰੀ ਜਾਵੇ ਸਮਾਜ ਜਾਵੇ ਢੱਠੇ ਖੂਹ ਵਿੱਚ ਅਸੀਂ ਕੀ ਲੈਣਾ ਹੈ ਲਗਭਗ ਸਾਰਾ ਹੀ ਸਮਾਜ ਇਹੋ ਹੀ ਕਰਦਾ ਆ ਰਿਹਾ ਹੈ। ਗੱਲ ਜਾਅਲੀ ਸਰਟੀਫ਼ੀਕੇਟ ਧਾਰਕਾਂ ਦੇ ਖਿਲਾਫ਼ਸ਼ਿਕਾਇਤ ਦੀ ਹੋਵੇ ਜਾ ਹੋ ਹੋਰ ਹੋਵੇ। ਗਿਣਵੇਂ 5-7 ਲੋਕ ਹੀ ਕਹੇ ਜਾ ਸਕਦੇ ਹਨ ਜਿਹੜੇ ਜਾਅਲੀ ਸਰਟੀਫ਼ੀਕੇਟ ਧਾਰਕਾਂ ਦੇ ਖਿਲਾਫ਼ਪੰਜਾਬ ਵਿੱਚ ਲੜ ਰਹੇ ਹਨ। ਬਲਬੀਰ ਕਹਿੰਦਾ ਹੈ ਹਰ ਰੋਜ਼ ਸਿਰ ਉੱਤੇ ਕਫੱਣ ਬੰਨ ਕੇ ਘਰੋਂ ਨਿਕਲਦਾ ਹੈ। ਉਹ ਯੋਧਾ ਇਮਾਨਦਾਰੀ ਨਾਲ ਸਮਾਜ ਦੀ ਲੜਾਈ ਲੜ ਰਿਹਾ ਹੈ।

ਜਦੋਂ ਵਕਤ ਆਉਂਦਾ ਹੈ ਆਪਣਿਆਂ ਦੇ ਕੀਤੇ ਗੁਨਾਹਾਂ ਦੀ ਸਜਾ ਦਵਾਉਣ ਦੀ ਤਾਂ ਬਲਬੀਰ ਕਹਿੰਦਾ ਹੈ ਕਿ ਕਹਾਉਂਦੇ ਲੋਕ ਵੀ ਇਨਸਾਫ਼ ਦੇ ਰਾਹ ਤੋਂ ਪਿੱਛੇ ਹਟਦੇ ਦੇਖੇ ਗਏ ਹਨ। ਸਟੇਜਾਂ ਉੱਤੇ ਬਾਂਹਾਂ ਉਚੀਆਂ ਕਰਕੇ ਨਾਹਰੇ ਮਾਰਨ ਵਾਲੇ ਵੀ ਫੇਰ ਲੱਭੇ ਨਹੀਂ ਲੱਭਦੇ, ਇਹ ਕਹਿਣਾ ਹੈ ਬਲਬੀਰ ਸਿੰਘ ਆਲਮਪੁਰ ਦਾ। ਉਹ ਕਹਿੰਦਾ ਹੈ ਇਨਸਾਫ਼ ਦੇ ਮਾਮਲੇ ਵਿੱਚ ਉਹ ਕਿਸੇ ਦੀ ਵੀ ਨਹੀਂ ਸੁਣਦਾ, ਉਸ ਨੇ ਆਪਣੀ ਮਾਸੀ ਦਾ ਵੀ ਜਾਅਲੀ ਸਰਟੀਫ਼ੀਕੇਟ ਰੱਦ ਕਰਾਇਆ ਹੋਇਆ ਹੈ। ਉਹ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਉਸ ਨੇ ਕਦੀ ਕੋਈ ਨਸ਼ਾ ਨਹੀਂ ਕੀਤਾ ਕਹਿੰਦਾ ਹੈ ਸਮਾਜ ਦੇ ਹੱਕਾਂ ਦੀ ਰਾਖੀ ਕਰਨ ਦਾ ਹੀ ਮੈਨੂੰ ਨਸ਼ਾ ਹੈ।

### ਸਮਾਜਿਕ ਲੜਾਈ ਦੀ ਸੁਰੂਆਤ

ਬਲਬੀਰ ਸਿੰਘ ਆਲਮਪੁਰ ਦੀ ਜਾਅਲੀ ਸਰਟੀਫ਼ੀਕੇਟ ਧਾਰਕਾਂ ਦੇ ਖਿਲਾਫ਼ ਪਿਛਲੀਆਂ ਪੰਚਾਇਤ 2018 ਦੀਆਂ ਚੋਣਾ ਦੇ ਸਮੇ ਤੋਂ ਹੀ ਲੜਦਾ ਆ ਰਿਹਾ ਹੈ। ਉਸ ਦੀ ਲੜਾਈ ਉਸ ਸਮੇਂ ਸੁਰੂ ਹੁੰਦੀ ਹੈ ਜਦੋਂ ਉਹ ਆਪਣੇ ਪਿੰਡ ਆਲਮਪੁਰ ਦੀ ਸਰਪੰਚੀ ਦੀ ਐਸਸੀ ਕੋਟੇ ਦੀ ਰਾਖਵੀਂ ਸੀਟ ਤੋਂ ਪਿੰਡ ਦੇ ਰਵਿਦਾਸੀਆ ਅਤੇ ਮਜ਼੍ਹਬੀ ਭਾਈਚਾਰੇ ਵੱਲੋਂ ਸਰਪੰਚੀ ਦੀ ਚੋਣ ਲੜਨ ਲਈ ਸਰਬਸੰਮਤੀ ਨਾਲ ਖੜਾ ਕਰ ਦਿੱਤਾ ਜਾਂਦਾ ਹੈ। ਪਿੰਡ ਵਿੱਚ 10-12 ਘਰ ਰਵਿਦਾਸੀਆਂ ਭਾਈਚਾਰੇ ਦੇ ਅਤੇ 5-6 ਘਰ ਮਜ਼੍ਹਬੀ ਭਾਈਚਾਰੇ ਦੇ ਹਨ। ਪਿੰਡ ਵਿੱਚ ਬਹੁਤੇ ਘਰ ਰਾਜਪੂਤ ਭਾਈਚਾਰੇ ਦੇ ਅਤੇ ਜੱਟ ਭਾਈਚਾਰੇ ਹਨ।

ਬਲਬੀਰ ਸਿੰਘ ਦੇ ਸਰਪੰਚੀ ਦੇ ਕਾਗਜ ਭਰ ਦੇਣ ਉੱਤੇ ਐਸਸੀ ਭਾਈਚਾਰਾ ਖੁਸ਼ ਸੀ ਕਿ ਉਹਨਾਂ ਦੇ ਪਿੰਡ ਦਾ ਮਿਹਨਤੀ ਇਮਾਨਦਾਰ ਨੌਜਵਾਨ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਬਣ ਜਾਵੇਗਾ, ਪਰ ਉਹਨਾ ਦੀਆਂ ਆਸਾਂ ਦੇ ਉੱਤੇ ਉਸ ਸਮੇਂ ਪਾਣੀ ਫਿਰ ਜਾਂਦਾ ਹੈ ਜਦੋਂ ਉਹਨਾ ਦੇ ਪਿੰਡ ਦਾ ਇਕ ਰਾਜਪੂਤ ਭਾਈਚਾਰੇ ਦਾ ਵਿਅਕਤੀ ਵੀ ਸਰਪੰਚੀ ਦੇ ਲਈ ਆਪਣੇ ਕਾਗਜ ਭਰ ਦਿੰਦਾ ਹੈ, ਉਸ ਨੇ ਵੀ ਐਸਸੀ ਜਾਤੀ ਦਾ ਸਰਟੀਫ਼ੀਕੇਟ ਬਣਾਇਆ ਹੋਇਆ ਸੀ।ਐਸਸੀ ਭਾਈਚਾਰਾ ਹੈਰਾਨ ਹੋ ਜਾਂਦਾ ਹੈ ਕਿ ਇਹ ਕਿਵੇਂ ਐਸਸੀ ਵਰਗ ਦਾ ਸਰਟੀਫ਼ੀਕੇਟ ਬਣਵਾ ਸਕਦਾ ਹੈ ਉਹ ਤਾਂ ਰਾਜਪੂਤ ਲੋਕ ਹਨ। ਖੈਰ ਇਹ ਚੋਣ ਹੁੰਦੀ ਹੈ ਐਸਸੀ ਭਾਈਚਾਰੇ ਦੀ 100 ਕੁ ਵੋਟ ਸੀ, ਪਰ ਫੇਰ ਵੀ ਬਲਬੀਰ ਸਿੰਘ ਨੂੰ ਸ਼ਾਇਦ 217 ਵੋਟਾਂ ਪੈ ਜਾਂਦੀਆਂ ਹਨ ਪਰ ਕੁੱਝ ਕੂ ਵੋਟਾਂ ਦੇ ਅੰਤਰ ਨਾਲ ਉਹ ਚੋਣ ਹਾਰ ਜਾਂਦਾ ਹੈ ਰਾਜਪੂਤ ਜਾਤੀ ਦਾ ਵਿਅਕਤੀ ਚੋਣ ਜਿੱਤ ਜਾਂਦਾ ਹੈ। ਸਰਪੰਚ ਬਣ ਜਾਂਦਾ ਹੈ। ਇਸ ਦੇ ਬਾਅਦ ਸੁਰੂ ਹੋ ਜਾਂਦੀ ਹੈ ਖੋਜ ਬੀਣ ਕਿ ਰਾਜਪੂਤ ਜਾਤੀ ਦੇ ਲੋਕ ਐਸਸੀ ਵਰਗ ਦਾ ਸਰਟੀਫ਼ੀਕੇਟ ਕਿਵੇਂ ਬਣਾ ਸਕਦੇ ਹਨ।

ਨਵੇਂ ਬਣੇ ਸਰਪੰਚ ਦੇ ਖਿਲਾਫ ਸ਼ਿਕਾਇਤ ਕੀਤੀ ਜਾਂਦੀ ਹੈ, ਉਸ ਦਾ ਸਕੂਲ ਦੇ ਰਿਕਾਰਡ ਕਢਾਇਆ ਜਾਂਦਾ ਹੈ ਕੁਰਸੀ ਨਾਮ ਕਢਾਇਆ ਜਾਂਦਾ ਹੈ ਅਤੇ ਹੋਰ ਰਿਕਾਰਡ ਲੱਭਿਆ ਜਾਂਦਾ ਹੈ ਜਿਸ ਵਿੱਚ ਉਹ ਰਾਜਪੂਤ ਜਾਤੀ ਨਾਲ ਸਬੰਧਤ ਹੋਣ ਦੇ ਪ੍ਰਮਾਣ ਮਿਲਦੇ ਹਨ।

ਉਸ ਤੋਂ ਬਾਅਦ ਮਾਨਯੋਗ ਭਲਾਈ ਵਿਭਾਗ ਅਤੇ ਉਨ੍ਹਾਂ ਦੀ ਵੱਡੇ ਅਫਸਰਾਂ ਨੂੰ ਸ਼ਿਕਾਇਤਾਂ ਕਰ ਦਿੱਤੀਆਂ ਜਾਂਦੀਆਂ ਹਨ। ਕਿ ਉਸ ਸਮੇਂ ਬਣੇ ਸਰਪੰਚ ਹਰਚੰਦ ਸਿੰਘ ਅਤੇ ਉਸਦੀ ਸਾਰੀ ਪੰਚਾਇਤ ਜਦੋਂ ਮਾਨ ਯੋਗ ਭਲਾਈ ਵਿਭਾਗ ਵੱਲੋਂ ਹਰਚਰਨ ਸਿੰਘ ਦਾ ਸਰਟੀਫ਼ੀਕੇਟਕੈਸਲ ਕਰਕੇ ਉਸ ਨੂੰ ਸੀਟ ਤੋਂ ਡਿਸਮਿਸ ਕਰ ਦਿੱਤਾ ਜਾਂਦਾ ਹੈ। ਤਾਂ ਕੋਝੀਆਂ ਚਾਲਾਂ ਚੱਲਣ ਲੱਗ ਜਾਂਦਾ ਹੈ ਕਾਂਗਰਸ ਸਰਕਾਰ ਵਿੱਚ ਅਸਲ ਰਸੂਖ਼ ਕਰਕੇ ਉਹ ਪੁਲਿਸ ਵੱਲੋਂ ਬਹੁਤ ਵੱਡੇ ਪੱਧਰ ਤੇ ਪ੍ਰੈਸ਼ਰ ਪਾ ਕੇ ਅਤੇ ਨਾਲ ਹੀ ਮਾਰ ਕੁਟਾਈ, ਹੋਰ ਕਈ ਤਰਾਂ ਦੇਦਬਾਓ ਅਤੇ ਤਰਾਂ ਤਰਾਂ ਦੇ ਲਾਲਚ ਦਿੱਤੇ ਜਾਂਦੇ ਹਨ। ਫਿਰ ਜਦੋਂ ਕਿਸੇ ਵੀ ਤਰ੍ਹਾਂ ਦੀ ਗੱਲ ਨਹੀਂ ਬਣਦੀ ਤਾਂ ਹਰਚੰਦ ਸਿੰਘ ਵੱਲੋਂ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਦਾ ਰੁੱਖ ਕੀਤਾ ਜਾਂਦਾ ਹੈ। ਜਿਸਦਾ ਫੈਸਲਾ ਹਰਚੰਦ ਸਿੰਘ ਦੇ ਉਲਟ ਆਉਂਦਾ ਹੈ ਅਤੇ ਹਰਚੰਦ ਸਿੰਘ ਕੇਸ ਹਾਰ ਜਾਂਦਾ ਹੈ।

ਬਲਬੀਰ ਸਿੰਘ ਦਾ ਕਹਿਣਾ ਹੈ ਕਿ ਉਸ ਤੋਂ ਬਾਅਦ ਉਹਨਾਂ ਨੂੰ ਲੱਗਦਾ ਹੈ ਕਿ ਜਾਅਲੀ ਐਸਸੀ ਸਰਟੀਫ਼ੀਕੇਟ ਬਹੁਤ ਵੱਡੇ ਪੱਧਰ ਤੇ ਬਣੇ ਹੋਏ ਹਨ। ਉਹ ਆਪਣੇ ਸਾਥੀਆਂ ਦੀ ਮਦਦ ਦੇ ਨਾਲ ਪੜਤਾਲ ਕਰਦਾ ਹੈ ਤਾਂ ਉਹਨਾ ਨੂੰ ਤਾਂ ਲਗਦਾ ਹੈ ਇਹ ਤਾਂ ਉਸ ਤੋਂ ਬਾਅਦ ਫਿਰ ਪਿੰਡ ਕੌਲੀ, ਪਿੰਡ ਘੜਾਮ ਪਿੰਡ ਸ਼ੰਕਰਪੁਰ ਪਿੰਡ ਸਬਦੁਲ ਪੂਰ ਗੋਪਾਲ ਸ਼ੰਕਰਪੁਰ ਦੇ ਬਹੁਤ ਸਾਰੇ ਪਿੰਡਾਂ ਦੇ ਬਹੁਤ ਸਾਰੇ ਲੋਕਾਂ ਦੇ ਬਣੇ ਹੋਏ ਹਨ ਅਤੇਸ਼ੰਭੂ,ਨ੍ਹੇਰਾ,ਸੂਰੋਂ, ਡਾਰੀਆਂ ਜਲੰਧਰ ਮਿੱਠੂ ਬਸਤੀ ਅਲੱਗ ਅਲੱਗ ਜ਼ਿਲ੍ਹਿਆਂ ਦੇ ਹੋਰ ਵੀ ਬਹੁਤ ਪਿੰਡ ਹਨ।

ਪਿੰਡ ਦੇ ਬਹੁਤ ਸਾਰੇ ਲੋਕਾਂ ਨੇ ਜਿਹਨਾਂ ਨੇ ਕਾਨੂੰਨ ਦੀ ਉਲੰਘਣਾ ਕਰਕੇ ਐਸਸੀ ਜਾਤੀ ਦੇ ਸਰਟੀਫ਼ੀਕੇਟ ਬਣਾਕੇ ਐਸਸੀ ਜਾਤੀ ਦਾ ਹੱਕ ਮਾਰਿਆ ਹੋਇਆ ਹੈ ਬਲਬੀਰ ਸਿੰਘ ਅਤੇ ਉਸ ਦੇ ਹਜਾਰਾਂ ਸਾਥੀਆਂ ਦਾ ਸੰਘਰਸ਼ ਉਹਨਾ ਦੇ ਖਿਲਾਫ ਹੈ ਨਾਂ ਕਿ ਕਿਸੇ ਵੀ ਆਮ ਰਾਜਪੂਤ ਵਰਗ, ਜਾਤੀ ਦੇ ਲੋਕਾਂ ਦੇ ਖਿਲਾਫ ਹੈ।

ਉਸ ਦਾ ਕਹਿਣਾ ਹੈ ਕਿ ਐਸਸੀ ਭਾਈਚਾਰੇ ਦਾਸਰਟੀਫ਼ੀਕੇਟ ਲਗਾ ਕੇ ਬਹੁਤ ਸਾਰੇ ਉਹ ਲੋਕ ਮੌਜਾਂ ਕਰ ਰਹੇ ਹਨ, ਜਿਹੜੇ ਜਨਰਲ ਜਾ ਓਬੀਸੀ ਜਾਤੀ ਵਿੱਚ ਆਉਂਦੇ ਹਨ। ਉਹ ਕਹਿੰਦਾ ਹੈ ਜਾਹਲੀਸਰਟੀਫ਼ੀਕੇਟ ਦੀ ਸ਼ਿਕਾਇਤ ਕਰਨ ਅਤੇ ਉਸ ਨੂੰ ਰੱਦ ਕਰਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਜਿਸ ਵਿੱਚ ਕੀ ਬਹੁਤ ਸਾਰਾ ਰਿਕਾਰਡ ਇਕੱਠਾ ਕਰਨਾ ਪੈਂਦਾ ਹੈ ਅਤੇ ਮਾਨਯੋਗ ਸਕਰੂਟਨੀ ਕਮੇਟੀ ਦੀਆਂ ਤਰੀਕਾ ਵੀ ਭੁਗਤਣੀਆਂ ਪੈਂਦੀਆਂ ਹਨ। ਅਤੇ ਸਟੇਟਸ ਵਿਜੀਲੈਂਸ ਸੈਲ ਦੀਆਂ ਵੱਖ-ਵੱਖ ਸਮਿਆਂ ਤੇ ਪੇਸ਼ੀਆਂ ਭੁਗਤਣੀਆਂ ਪੈਂਦੀਆਂ ਹਨ ਅਤੇ ਆਪਣੇ ਸਮਾਜ ਦੇ ਹੱਕਾਂ ਦੀ ਰਾਖੀ ਲਈ ਲੜਦਿਆਂ ਲੜਦਿਆਂ ਬਹੁਤ ਸਾਰੇ ਦੁਸ਼ਮਣ ਵੀ ਪੈਦਾ ਹੋ ਜਾਂਦੇ ਹਨ। ਹਰ ਕੋਈ ਇਸੇ ਤਾਕ ਵਿੱਚ ਰਹਿੰਦਾ ਹੈ ਕਿ ਇਸ ਨੂੰ ਕਿਤੇ ਨਾ ਕਿਤੇ ਫਸਾਇਆ ਜਾਵੇ, ਦਾਗੀ ਬਣਾਇਆ ਜਾਵੇ। ਜਾਂ ਫਿਰ ਇਸ ਦਾ ਹੋਰ ਕੋਈ ਜਾਨੀ ਮਾਲੀ ਨੁਕਸਾਨ ਕੀਤਾ ਜਾਵੇ। ਇਹ ਇੱਕ ਬਹੁਤ ਵੱਡਾ ਹੀ ਰਿਸਕ ਦਾ ਕੰਮ ਹੈ, ਜਿਸਦੇ ਵਿੱਚ ਕਿ ਮੈਨੂੰ ਬਹੁਤ ਸਾਰਾ ਨਫ਼ਾ ਨੁਕਸਾਨ ਵੀ ਝੱਲਣਾ ਪੈਂਦਾ ਹੈ।




ਅਜਿਹਾ ਨਹੀਂ ਜਾਅਲੀ ਸਰਟੀਫ਼ੀਕੇਟਧਾਰਕ ਹੀ ਦੋਸ਼ ਲਾਉਂਦੇ ਹਨ, ਇਸ ਲੜਾਈ ਦੇ ਚਲਦੇ ਸਨ ਸਾਡੇ ਆਪਣੇ ਸਮਾਜ ਦੇ ਬੇ-ਸਮਝ ਜਾ ਜਾਹਲੀਆਂ ਦੇ ਕੌਲੀ-ਚੱਟ ਦਲਾਲ ਲੋਕਾਂ ਵੱਲੋਂ ਵੱਡੇ ਵੱਡੇ ਭੱਦੇ ਇਨਾਮ ਵੀ ਦਿੱਤੇ ਜਾਂਦੇ ਹਨ ਜਿਵੇਂ ਕਿ ਸਾਡੇ ਨਾਮ ਨਾਲ ਕਰੱਪਸ਼ਨ ਠੱਗ ਚੋਰ ਬਲੈਕ-ਮੇਲਰ ਗੁੰਡਾ ਬਦਮਾਸ਼ ਇਹੋ ਜਿਹੇ ਸਾਡੇ ਨਾਮ ਨਾਲ ਲਫ਼ਜ਼ ਜੋੜੇ ਜਾਂਦੇ ਹਨ ਜਦਕਿ ਸਾਡੇ ਸਮਾਜ ਦੇ ਹੱਕ ਦੂਜੇ ਵਰਗਾਂ ਦੇ ਕੁੱਝ ਲੋਕਾਂ ਨੇ ਹੜੱਪੇ ਹਨ ਖਾਧੇ ਹਨ ਖਾ ਰਹੇ ਹਨ ਅਤੇ ਸਾਡੇ ਸਮਾਜ ਦੇ ਬਹੁਤੇ ਲੋਕ ਉਨ੍ਹਾਂ ਲੋਕਾਂ ਤੋਂ ਡਰਦੇ ਹਨ ਸਾਡਾ ਸਮਾਜ ਫੁੱਲ ਨੂੰ ਫੁੱਲ ਅਤੇ ਕੰਡੇ ਨੂੰ ਕੰਡਾ ਨਹੀ ਆਖਦੇ।

ਪੰਜਾਬ ਦਾ 1 ਕਰੋੜ ਦੇ ਨੇੜੇ ਤੇੜੇ ਐਸਸੀ ਸਮਾਜ ਹੈ, ਉਹਨਾ ਦਾ ਹੱਕ ਖਾਣ ਵਾਲੇ ਦੂਜੇ ਵਰਗਾਂ ਦੇ ਲੋਕ ਬਹੁਤ ਥੋੜੇ ਹਨ, ਦਲਿਤ ਸਮਾਜ ਦੇ ਲੋਕ ਆਪਣੇ ਹੱਕਾਂ ਦੀ ਰਾਖੀ ਨਾਂ ਤਾਂ ਆਪ ਕਰ ਰਹੇ ਹਨ ਨਾਂ ਹੀ ਕਰਨ ਵਾਲੇ ਦੇ ਨਾਲ ਖੜਦੇ ਹਨ, ਹਰ ਸਟੇਜ ਉੱਤੇ ਦਲਿਤਾਂ ਦੇ ਰਾਜ ਕਰਨ ਦੀਆਂ ਗੱਲਾਂ ਕਰਦੇ ਬਾਬਾ ਸਾਹਿਬ ਦੇ 4-4 ਨਾਹਰੇ ਲਾ ਕੇ ਕੁੱਝ ਭਾਸ਼ਨ ਕਰਕੇ ਹਰ ਸਾਲ ਲੱਖਾਂ ਰੁਪਏ ਦਾ ਲੰਗਰ ਖਾ ਹਜਮ ਕਰ ਘਰਾਂ ਨੂੰ ਤੁਰਦੇ ਬਣਦੇ ਹਨ। ਕਿਸੇ ਜਾਅਲੀ ਐਸਸੀ ਸਰਟੀਫ਼ੀਕੇਟ ਧਾਰਕ ਦੀ ਜੇ ਕਹਿ ਦੇਈਏ ਕਿ ਸ਼ਿਕਾਇਤ ਕਰਨੀ ਹੈ ਆਨੀਬਹਾਨੀਪਾਸੇ ਹੋ ਜਾਂਦੇ ਹਨ, ਅੱਗੇ ਬਲਬੀਰ ਕਹਿੰਦਾ ਹੈ ਬਹੁਤ ਸਾਰੇ ਮੈਨੂੰ ਆ ਕੇ ਕਹਿੰਦੇ ਹਨ ਉਹ ਜਾਅਲੀ ਐਸਸੀ ਸਰਟੀਫ਼ੀਕੇਟ ਵਾਲੇ ਨੂੰ ਜਾਣਦੇ ਹਨ ਪਰ ਉਹ ਸ਼ਿਕਾਇਤ ਨਹੀ ਕਰ ਸਕਦੇ, ਲਾਹਣਤ ਹੈ ਅਜਿਹੇ ਲੋਕਾਂ ਉੱਤੇ ਜੋ ਬਾਬਾ ਸਾਹਿਬ ਦਾ ਦਿੱਤਾ ਹੱਕ ਤਾਂ ਆਰਾਮ ਨਾਲ ਖਾ ਸਕਦੇ ਹਨ ਪਰ ਉਹ ਬਾਬਾ ਸਾਹਿਬ ਦੇ ਦਿੱਤੇ ਸੰਵਿਧਾਨਕ ਹੱਕ ਦੀ ਰਾਖੀ ਨਹੀਂ ਕਰ ਸਕਦੇ। ਹੱਕ ਲੈਣ ਲਈ ਸਾਡੇ ਪੂਰਵਜਾਂ ਨੇ ਖੂਨ ਬਹਾਇਆ ਹੈ, ਸਾਨੂੰ ਐਵੇ ਕੁੱਝ ਨਹੀਂ ਮਿਲਿਆ।

ਉਸ ਦਾ ਕਹਿਣਾ ਹੈ ਕਿ ਉਹ ਰਾਜਨੀਤੀ ਤੋਂ ਉੱਪਰ ਉੱਠ ਕੇ ਸਮਾਜ ਦੀ ਲੜਾਈ ਲੜ ਰਿਹਾ ਹੈ, ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਉਸ ਦੀ ਨੇੜਤਾ ਨਹੀਂ ਹੈ। ਹਰ ਪਾਰਟੀ ਦੇ ਐਸਸੀ ਸਮਾਜ ਲਈ ਕੀਤੇ ਕੰਮ ਦੀ ਸ਼ਲਾਘਾ ਕਰਦਾ ਹੈ। ਉਸ ਦਾ ਕਹਿਣਾ ਹੈ ਬਹੁਤ ਸਾਰੇ ਲੋਕ ਜਾਅਲੀ ਸਰਟੀਫ਼ੀਕੇਟ ਰੱਦ ਕਰਾਉਣ ਦੇ ਨਾਮ ਉੱਤੇ ਰਾਜਨੀਤੀ ਕਰ ਰਹੇ ਹਨ, ਪੈਸਾ ਇਕੱਠਾ ਕਰ ਰਹੇ ਹਨ, ਉਹ ਆਮ ਲੋਕਾਂ ਤੋਂ ਅਤੇ ਜਾਅਲੀ ਸਰਟੀਫ਼ੀਕੇਟ ਧਾਰਕਾਂ ਤੋਂ ਮਾਲੀ ਸਹਾਇਤਾ ਵੀ ਲੈਂਦੇ ਹਨ ਗੱਡੀਆਂ ਵਿੱਚ ਤੇਲ ਪਵਾ ਪੰਜਾਬ ਦੇ ਪਿੰਡਾ ਸ਼ਹਿਰਾਂ ਵਿੱਚ ਘੁੰਮਦੇ ਰਾਜਨੀਤਿਕ ਪਾਰਟੀਆਂ ਦੇ ਲੋਕਾਂ ਨੂੰ ਸਮਾਗਮਾਂ ਵਿੱਚ ਨਾਲ ਰੱਖਦੇ ਹਨ। ਜਦੋਂ ਕਿ ਮਿਹਨਤ ਜਾਅਲੀ ਸਰ-ਟੀਫ਼ੀਕੇਟ ਵਾਲੇ ਦਾ ਰਿਕਾਰਡ ਲੈਣ ਲਈ ਕਰਨੀ ਹੁੰਦੀ ਹੈ, ਸਾਰੇ ਸਬੂਤ ਲੈ ਕੇ ਸਮਾਜਿਕ ਨਿਆਂ ਅਤੇ ਭਲਾਈ ਵਿਭਾਗ ਅਤੇ ਮਾਨਯੋਗ ਸਕਰੂਟਨੀ ਦੀਆਂ ਤਰੀਕਾਂ ਭੁਗਤਦੇ ਹੋਏ ਸੱਚੇ ਸਬੂਤ ਦੇ ਕੇ ਸਰਟੀਫ਼ੀਕੇਟ ਕੈਂਸਲ ਕਰਵਾਉਣੇ ਹੁੰਦੇ ਹਨ। ਸਰਕਾਰ ਕੰਮ ਕਰ ਰਹੀ ਹੈ ਕਰਵਾਉਣ ਵਾਲਾ ਚਾਹੀਦਾ ਹੈ, ਰਾਜਨੀਤੀ ਕਰਨ ਵਾਲਾ ਕੁੱਝ ਨਹੀਂ ਕਰ ਸਕਦਾ।

ਉਸ ਨੇ ਦੱਸਿਆ ਕਿ ਦੋ ਕੂ ਦਿਨ ਪਹਿਲ ਇੱਕ ਬੰਦਾ ਚੰਡੀਗੜ ਤੋਂ ਮੇਰੇ ਪਿੰਡ ਦੇ ਬੰਦੇ ਨੂੰ ਨਾਲ ਲੈ ਕੇ 5 ਲੱਖ ਰੁਪਏ ਲੈ ਕੇ ਆਇਆ ਸੀ ਕਹਿੰਦਾ ਸੀ ਕਿ ਤੂੰ ਮੇਰੇ ਜਾਅਲੀ ਸਰਟੀਫ਼ੀਕੇਟ ਦੀ ਸ਼ਿਕਾਇਤ ਕੀਤੀ ਹੈ ਇਥੋਂ ਤੱਕ ਠੀਕ ਹੈ, ਹੁਣ ਤੂੰ ਕਿਸੇ ਤਰੀਕ ਉੱਤੇ ਨਾ ਜਾਵੀਂ ਬਾਕੀ ਮੈਂ ਆਪ ਹੀ ਸਾਂਭ ਲਵਾਂਗਾ, ਮੈਂ ਮੇਰੀ ਆਦਤ ਅਨੁਸਾਰ ਉਸ ਨੂੰ ਕੋਰਾ ਜਵਾਬ ਦੇ ਦਿੱਤਾ ਅਤੇ ਕਿਹਾ ਮੈਂ ਜੋ ਸ਼ਿਕਾਇਤ ਕੀਤੀ ਹੈ, ਪੂਰਾ ਰਿਕਾਰਡ ਲੈ ਕੇ ਸਮਝ ਕੇ ਕੀਤੀ ਹੁੰਦੀ ਹੈ, ਮੈਂ ਕਦੇ ਤਰੀਕ ਮਿਸ ਨਹੀਂ ਕਰਦਾ, ਤੁਹਾਡੇ ਕੇਸ ਵਿੱਚ ਵੀ ਇਹ ਹੀ ਕਰਾਂਗਾ। ਇਹ ਕਾਨੂੰਨ ਦੀ ਲੜਾਈ ਹੈ। ਬਲਬੀਰ ਕਹਿੰਦਾ ਹੈ ਅਗਰ ਮੈਂ ਕਿਸੇ ਇੱਕ ਬੰਦੇ ਕੋਲ ਵੀ ਕਾਣਾ ਹੋ ਗਿਆ ਤਾਂ ਸਾਰੀ ਮਿਹਨਤ ਅਤੇ ਇਮਾਨਦਾਰੀ ਦੀ ਲੜਾਈ ਖੂਹ ਵਿੱਚ ਪੈ ਜਾਵੇਗੀ। ਮੈਂ ਕਦੇ ਵਿਕਿਆ ਨਹੀਂ, ਡਰਿਆ ਨਹੀਂ, ਝੁਕਿਆ ਨਹੀਂ, ਨਾਂ ਹੀ ਕਦੀ ਅਜਿਹਾ ਦਿਨ ਆ ਸਕਦਾ ਹੈ। ਮੈਂ ਆਪਣੇ ਸਮਾਜ ਦੇ ਲੋਕਾਂ ਤੋਂ ਹੀ ਮਦਦ ਲੈ ਲੈਂਦਾ ਹਾਂ ਜੋ ਖੁਸ਼ੀ ਨਾਲ ਕਰ ਸਕਦੇ ਹਨ।

### ਜਾਹਲੀ ਸਰਟੀਫ਼ੀਕੇਟ ਧਾਰਕਾਂ ਦੇ ਦੋਸ਼

ਜਾਹਲੀ ਸਰਟੀਫ਼ੀਕੇਟ ਧਾਰਕਾਂ ਨੇ ਬਹੁਤ ਵਾਰ ਸਕਰੂਟਨੀ ਕਮੇਟੀ ਨੂੰ ਉਸ ਦੀ ਸ਼ਿਕਾਇਤ ਕੀਤੀ ਹੈ ਕਿ ਬਲਬੀਰ ਸਿੰਘ ਉਹਨਾ ਤੋਂ ਪੈਸੇ ਦੀ ਮੰਗ ਕਰਦਾ ਹੈ। ਲਗਭਗ ਸਾਰੇ ਹੀ ਅਫਸਰ ਜਾਣੂ ਹੁੰਦੇ ਹਨ ਕਿ ਉਹਨਾ ਜਾਹਲੀ ਸਰਟੀਫ਼ੀਕੇਟ ਧਾਰਕਾਂ ਦੇ ਕੋਲ ਹੋਰ ਕੋਈ ਮੁੱਦਾ ਤਾਂ ਬਲਬੀਰ ਦੇ ਖਿਲਾਫ ਨਹੀਂ ਹੁੰਦਾ ਇਕੋ ਹੁੰਦਾ ਹੈ ਕਿ ਉਸ ਉੱਤੇ ਦੋਸ਼ ਲਾ ਦੇਵੋ ਕਿ ਉਹ ਬਲੈਕ-ਮੇਲਰ ਹੈ, ਲੋਕਾਂ ਤੋਂ ਪੈਸੇ ਦੀ ਮੰਗ ਕਰਦਾ ਹੈ। ਉਹ ਉਹਨਾ ਦੀ ਨਹੀਂ ਸੁਣਦੇ ਸਗੋਂ ਅਗੋਂ ਕਹਿੰਦੇ ਹਨ ਅਗਰ ਤੋਂ ਸਰਟੀਫ਼ੀਕੇਟ ਸਹੀ ਹੈ ਤਾਂ ਇਸ ਦਾ ਸਬੂਤ ਦੇਣ, ਇਧਰ ਉਧਰ ਦੇ ਇਲਜ਼ਾਮ ਲਾਉਣ ਦਾ ਕੋਈ ਫਾਇਦਾ ਨਹੀਂ, ਜਦੋਂ ਦੋਸ਼ ਨੂੰ ਨਕਾਰਨ ਦਾ ਕੋਈ ਹੱਲ ਨਹੀਂ ਲੱਭਦਾ ਤਾਂ ਸਾਰੇ ਇਹੋ ਜਿਹੇ ਇਲਜ਼ਾਮ ਹੀ ਲਾਉਂਦੇ ਹੁੰਦੇ ਹਨ।

ਉਹ ਦੱਸਦਾ ਹੈ ਕਿ ਕਿਸੇ ਜਾਹਲੀ ਸਰਟੀਫ਼ੀਕੇਟ ਧਾਰਕ ਨੇ ਉਸ ਦੀ ਸ਼ਿਕਾਇਤ ਵਿਜੀਲੈਂਸ ਨੂੰ ਕਰ ਦਿੱਤੀ ਸੀ ਕਿ ਉਸ ਨੇ ਕਰੋੜਾਂ ਰੁਪਏ ਲਗਾ ਕੇ ਕੋਠੀ ਬਣਾਈ ਹੈ, ਕਾਰ ਸਈ ਹੈ ਰਿਵਾਲਵਰ ਰਖਿਆ ਹੋਇਆ ਹੈ, ਵਿਜੀ-ਲੈਂਸ ਨੇ ਮੇਰੇ ਅਤੇ ਮੇਰੇ ਪ੍ਰਿਵਾਰ ਦੇ ਖਾਤਿਆਂ ਦੀ ਅਤੇ ਹੋਰ ਸ਼ਿਕਾਇਤ ਵਿੱਚ ਦਿੱਤੇ ਵੇਰਵੇ ਦੀ ਪੂਰੀ ਜਾਂਚ ਕੀਤੀ ਹੈ, ਉਹਨਾ ਨੇ ਜਾਂਚ ਕਰਕੇ ਮੈਨੂੰ ਕਲੀਨ ਚਿਟ ਦਿੱਤੀ ਹੈ। ਅੱਗੇ ਗੱਲ ਕਰੇ ਉਹ ਕਹਿੰਦਾ ਹੈ ਜਿਸ ਅਫਸਰ ਨੇ ਮੇਰੀ ਸ਼ਿਕਾਇਤ ਕੀਤੀ ਸੀ ਉਹ ਆਪ ਰਾਜਪੁਰਾ 10 ਲੱਖ ਰੁਪਏ ਲੈ ਕੇ ਬੈਠਾ ਸੀ, ਮੈਨੂੰ ਬਾਰ ਬਾਰ ਸੁਨੇਹੇ ਭੇਜ ਰਿਹਾ ਸੀ। ਜਿਸ ਦੇ ਰਾਹੀਂ ਉਹ ਸੁਨੇਹਾ ਭੇਜ ਰਿਹਾ ਸੀ ਮੈਂ ਉਸ ਨੂੰ ਕਹਿ ਦਿੱਤਾ ਸੀ ਮੇਰਾ ਇਹ ਰਾਹ ਹੀ ਨਹੀਂ ਹੈ, ਮੈਂ ਕਦੇ ਕੋਈ ਝੂਠੀ ਸ਼ਿਕਾਇਤ ਨਹੀਂ ਕਰਦਾ, ਨਾਂ ਕਦੇ ਕਿਸੇ ਜਾਹਲੀ ਸਰਟੀਫ਼ੀਕੇਟ ਧਾਰਕ ਤੋਂ ਕਦੇ ਪੈਸੇ ਲੈਂਦਾ ਹਾਂ, ਜਿਸ ਦੀ ਸ਼ਿਕਾਇਤ ਕਰਦਾ ਹਾਂ, ਉਸ ਨੂੰ ਕੈਂਸਲ ਕਰਵਾ ਕੇ ਹੀ ਰੁਕਦਾ ਹਾਂ। ਉਹ ਕਹਿੰਦਾ ਹੈ ਮੈਂ ਨਿੱਜੀ ਤੌਰ ਤੇ ਲਗਭਗ 35-40 ਜਾਹਲੀ ਸਰਟੀਫ਼ੀਕੇਟ ਰੱਦ ਕਰਵਾ ਚੁੱਕਾ ਹਾਂ , ਲਗਭਗ 200 ਦੇ ਨੇੜੇ ਤੇੜੇ ਜਾਹਲੀ ਸਰਟੀਫ਼ੀਕੇਟ ਧਾਰਕ ਉਸ ਦੇ ਸ਼ਿਕੰਜੇ ਵਿੱਚ ਹਨ। ਜਾਹਲੀ ਸਰਟੀਫ਼ੀਕੇਟ ਧਾਰਕ ਛੋਟੇ ਮੁਲਾਜ਼ਮ ਤੋਂ ਲੈ ਕੇ ਵੱਡੇ ਅਧਿਕਾਰੀ ਆਈਏਐਸ, ਆਈਆਰਐਸ, ਜੱਜ, ਪੁਲੀਸ ਅਫ਼ਸਰ ਅਤੇ ਹੋਰ ਲੋਕ ਸ਼ਾਮਿਲ ਹਨ।

### ਅਸਾਨ ਨਹੀਂ ਜਾਹਲੀ ਸਰਟੀਫ਼ੀਕੇਟ ਧਾਰਕ ਦੀ ਸ਼ਿਕਾਇਤ ਕਰਨੀ

ਸਰਟੀਫ਼ੀਕੇਟ ਧਾਰਕ ਦਾ ਜਾਹਲੀ ਸਰਟੀਫ਼ੀਕੇਟ ਦਾ ਪਤਾ ਹੋਣ ਤੇ ਕੋਈ ਕਿਸੇ ਦੀ ਇੱਕ ਸ਼ਿਕਾਇਤ ਕਰਕੇ ਤਾਂ ਦੇਖੇ ਦੁਸ਼ਮਣੀ ਪੈ ਜਾਂਦੀ ਹੈ, ਲੋਕ ਕਿਉਂ ਲਹੀਂ ਕਰਦੇ ? ਮੈਂ ਸੈਂਕੜੇ ਸ਼ਿਕਾਇਤਾਂ ਕਰ ਰੱਖੀਆਂ ਹਨ। ਮਰਨਾ ਤਾਂ ਇੱਕ ਵਾਰੀ ਹੀ ਹੈ। ਮੈਂ ਜਾਹਲੀ ਸਰਟੀਫ਼ੀਕੇਟ ਧਾਰਕਾਂ ਦੀ ਸ਼ਿਕਾਇਤ ਕਰਦਾ ਹਾਂ, ਉਹਨਾ ਨੇ ਮੇਰੇ ਸਮਾਜ ਦਾ ਹੱਕ ਮਾਰਿਆ ਹੋਇਆ ਹੈ, ਅੱਗੇ ਉਹ ਆਪਣੇ ਬੱਚਿਆਂ ਨੂੰ ਡਾਕਟਰ ਅਫ਼ਸਰ ਬਣਾ ਰਹੇ ਹਨ, ਪੀਹੜੀ ਦਰ ਪੀਹੜੀ ਸਾਡਾ ਹੱਕ ਮਾਰ ਰਹੇ ਹਨ, ਮੈਨੂੰ ਮੇਰੇ ਸਮਾਜ ਦਾ ਦਰਦ ਹੈ ਇਸ ਲਈ ਮੈਂ ਲੜ ਰਿਹਾ ਹਾਂ, ਨਾਲੇ ਮੈਂ ਕਿਹੜਾ ਕੋਈ, ਮੈਂ ਕੋਈ ਬਹੁਤਾ ਪੜ੍ਹਿਆ ਲਿਖਿਆ ਨਹੀਂ। ਉਹ ਲੋਕ ਜਿਹਨਾਂ ਨੇ ਆਪ ਜਾ ਉਹਨਾਂ ਦੇ ਬੱਚਿਆਂ ਨੇ ਨੌਕਰੀਆਂ ਲੈਣੀਆਂ ਹਨ, ਉਹ ਕਦੇ ਧਿਆਨ ਨਹੀਂ ਦਿੰਦੇ। ਹਜਾਰਾਂ ਦੀ ਗਿਣਤੀ ਵਿੱਚ ਪਿੰਡਾਂ ਦੇ ਪਿੰਡ ਸਾਡੇ ਸਮਾਜ ਦਾ ਹੱਕ ਮਾਰ ਕੇ ਆਪ ਜਾਹਲੀ ਸਰਟੀਫ਼ੀਕੇਟ ਬਣਾਕੇ ਲੋਕ ਮੌਜਾਂ ਕਰ ਰਹੇ ਹਨ, ਮੈਂ ਦੇਖ ਨਹੀਂ ਸਕਦਾ, ਜਿਸ ਦਾ ਵੀ ਮੈਨੂੰ ਰਿਕਾਰਡ ਮਿਲ ਜਾਂਦਾ ਹੈ ਮਾਂ ਉਸ ਦੀ ਜਰੂਰ ਸ਼ਿਕਾਇਤ ਕਰ ਦਿੰਦਾ ਹਾਂ। ਫੇਰ ਪੀ ਹਜਾਰਾਂ ਦੀ ਗਿਣਤੀ ਵਿੱਚ ਜਾਹਲੀ ਸਰਟੀਫ਼ੀਕੇਟ ਬਣਾ ਕੇ ਲੋਕ ਹੱਕ ਮਾਰ ਰਹੇ ਹਨ ਸਾਡੇ ਪੜ੍ਹੇ ਲਿਖੇ ਲੋਕ ਜਿਹਨਾਂ ਦਾ ਹੱਕ ਮਰਦਾ ਹੈ ਉਹ ਦਿਹਾੜੀ ਮਜ਼ਦੂਰੀ ਕਰ ਰਹੇ ਹਨ, ਮੈਂ ਇਹ ਦੇਖ ਨਹੀਂ ਸਕਦਾ।

### ਜਾਹਲੀ ਸਰਟੀਫ਼ੀਕੇਟ ਧਾਰਕਾਂ ਖਿਲਾਫ਼ ਮੋਰਚਾ

ਧਰਨੇ ਦੇ ਬਾਰੇ ਗੱਲ ਕਰਦਾ ਉਹ ਕਹਿੰਦਾ ਹੈ, ਇਹ ਧਰਨਾ ਉਸ ਨੇ ਹੀ ਸੁਰੂ ਕੀਤਾ ਸੀ, ਪਹਿਲੇ 15 ਦਿਨ ਉਹ ਉਸ ਦੇ 2 ਰਿਸ਼ਤੇਦਾਰ ਅਤੇ ਉਸੇ ਦੇ ਪਿੰਡ ਦੇ ਮੁੰਡੇ ਕੁੱਲ 5 ਜਾਣੇ ਦਿਨ ਰਾਤ ਉੱਥੇ ਧਰਨੇ ਉੱਤੇ ਰਹਿੰਦੇ ਰਹੇ ਹਾਂ। ਮੈਂ ਆਪਣੇ ਘਰੋਂ ਗੈਸ ਦਾ ਸਲੰਡਰ, ਸਾਉਂਡ ਸਿਸਟਮ, ਦਰੀ ਅਤੇ ਹੋਰ ਜਰੂਰੀ ਸਮਾਨ ਲੈ ਕੇ ਗਿਆ ਸੀ, ਜਿਹੜਾ ਅੱਜ ਵੀ ਓਥੇ ਹੀ ਹੈ। ਪ੍ਰੋਫੈਸਰ ਸਾਹਬ ਮੇਰੇ ਤੋਂ 7 ਦੂਨ ਬਾਅਦ ਧਰਨੇ ਉੱਤੇ ਪਹੁੰਚੇ ਸਨ।



ਹਰਦੀਪ ਸਿੰਘ ਚੁੰਬਰ
91-94636-01616

ਉਹ ਕਿਹੜੇ ਸਾਥੀਆਂ ਨਾਲ ਕਿਸ ਤਰਾਂ ਦੀ ਸਲਾਹ ਕਰਕੇ ਧਰਨੇ ਉੱਤੇ ਬੈਠੇ ਸਨ ਉਹ ਹੀ ਜਾਣਦੇ ਹੋਣਗੇ। ਧਰਨੇ ਵਿਚ ਲੋਕਾਂ ਦਾ ਆਉਣਾ ਜਾਣਾ ਸੁਰੂ ਹੋਇਆ, ਹਰ ਕਿਸਮ ਦੇ ਲੋਕ ਆਉਣ ਲਗੇ, ਜਾਹਲੀ ਲੋਕ ਵੀ ਆ ਕੇ ਪ੍ਰੋਫੈਸਰ ਸਾਹਬ ਨੂੰ ਮਿਲਣ ਲਗੇ। ਮੈਂ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਰੁਕੇ। ਅਸੀਂ 5 ਜਾਣੇ ਦਿਨ ਰਾਤ ਧਰਨੇ ਦੇ ਸਥਾਨ ਉੱਤੇ ਹੀ ਰਹਿੰਦੇ ਸੀ। ਬਾਕੀ ਲੋਕ ਘਰਾਂ ਨੂੰ ਚਲੇ ਜਾਂਦੇ ਜਾ ਸਾਹਮਣੇ ਮੰਦਰ ਵਿੱਚ ਲਏ ਕਮਰੇ ਵਿੱਚ ਜਾ ਕੇ ਅਰਾਮ ਕਰਦੇ ਸਨ। ਮੇਰੇ ਵਿਰੋਧ ਕਰਨ ਦੇ ਬਾਵਜੂਦ ਜਦੋਂ ਜਾਹਲੀ ਸਰਟੀਫ਼ੀਕੇਟ ਧਾਰਕ ਲੋਕਾਂ ਦਾ ਆਉਣਾ ਬੰਦ ਨਾ ਹੋਇਆ ਬੰਦ ਕਮਰੇ ਵਿੱਚ ਮੀਟਿੰਗਾਂ ਹੋਣ ਲਗੀਆਂ।

ਜਦੋਂ ਕਿਸੇ ਦੀ ਸ਼ਿਕਾਇਤ ਕਰਦੇ ਹਾਂ ਉਸ ਨਾਲ ਦੁਸ਼ਮਣੀ ਮੁੱਲ ਲੈ ਲੈਂਦੇ ਹਾਂ। ਲੱਖਾਂ ਲੋਕ ਇਸ ਗਲ ਤੋਂ ਡਰਦੇ ਹੀ ਜਾਹਲੀ ਸਰਟੀਫ਼ੀਕੇਟ ਧਾਰਕਾਂ ਦੀ ਸ਼ਿਕਾਇਤ ਨਹੀ ਕਰਦੇ, ਮੈਂ ਲਗਭਗ 200 ਜਾਹਲੀ ਸਰਟੀਫ਼ੀਕੇਟ ਧਾਰਕਾਂ ਦੀ ਸ਼ਿਕ-ਾਇਤ ਕੀਤੀ ਹੋਈ ਹੈ, ਮੇਰੇ ਹਜਾਰਾਂ ਦੁਸ਼ਮਣ ਹਨ। ਮੋਰਚੇ ਦੇ ਮੋਹਰੀ ਬਣੇ ਲੋਕ ਜਾਹਲੀ ਸਰਟੀਫ਼ੀਕੇਟ ਧਾਰਕਾਂ ਤੋਂ ਪਰਚੀਆਂ ਕੱਟ ਕੇ ਚੰਦਾ ਲੈਣ ਲਗੇ, ਉਹਨਾ ਨਾਲ ਮਿਲਣ ਲਗੇ, ਮੈਨੂੰ ਮੇਰੇ ਸਾਥੀਆਂ ਨੇ ਸਲਾਹ ਦਿੱਤੀ ਕਿ ਤੁਸੀਂ ਦਿਨ ਰਾਤ ਧਰਨੇ ਉੱਤੇ ਰਹਿੰਦੇ ਹੋ, ਰਾਤ-ਬਰਾਤੇ ਕੋਈ ਵੀ ਤੁਹਾਡਾ ਜਾਨੀ ਨੁਕਸਾਨ ਕਰ ਸਕਦਾ ਹੈ, ਤੁਹਾਨੂੰ ਧਰਨੇ ਉੱਤੇ ਨਹੀਂ ਰਹਿਣਾ ਚਾਹੀਦਾ। ਇੱਥੇ ਜਾਹਲੀ ਸਰਟੀਫ਼ੀਕੇਟ ਧਾਰਕਾਂ ਦਾ ਆਉਣਾ ਜਾਣਾ ਬਣ ਗਿਆ ਰਿਹਾ, ਉਹ ਧਰਨਾਕਾਰੀਆਂ ਦੀ ਹੁਣ ਸੇਵਾ ਵੀ ਕਰ ਰਹੇ ਹਨ ਸਾਡੇ ਕੁੱਝ ਧਰਨਾਕਾਰੀ ਲੋਕ ਉਹਨਾ ਨਾਲ ਮਿਲੇ ਹੋਏ ਹਨ ਉਹਨਾ ਨੂੰ ਧਰਨੇ ਉੱਤੇ ਬਿਠਾਉਂਦੇ ਹਨ। ਧਰਨੇ ਦਾ ਮਾਹੌਲ ਗਲਤ ਹੋਣ ਕਾਰਨ 15 ਦਿਨਾਂ ਬਾਅਦ ਉਹਨਾ ਦੇ ਕਹਿਣ ਉੱਤੇ ਮੈਨੂੰ ਧਰਨੇ ਤੋਂ ਬਾਹਰ ਆਉਣਾ ਪਿਆ। ਧਰਨੇ ਦਾ 15 ਦਿਨ ਦਾ ਖਾਣ ਪੀਣ ਜਾ ਹੋਰ ਖਰਚਾ ਮੇਰਾ ਨਿਜੀ ਕੋਈ ਸਾਢੇ 12 ਹਜ਼ਾਰ ਹੋਇਆ ਸੀ, ਮੈਂ ਕਦੇ ਮੰਗਿਆ ਵੀ ਨਹੀਂ, ਫੰਡ ਇਕੱਠਾ ਕਰਨ ਵਾਲੇ ਨੇ ਨਾਂ ਹੀ ਕਦੇ ਕਿਸੇ ਨੇ ਪੁੱਛਿਆ ਹੈ।

ਧਰਨੇ ਉੱਤੇ ਫੰਡ ਇਕੱਠੇ ਹੋਣਾ ਵਾਲੇ ਵਿੱਚੋਂ ਕਦੇ ਮੈਂ ਇੱਕ ਪੈਸਾ ਵੀ ਨਹੀਂ ਲਿਆ। ਇਕ ਵਾਰ ਜਾਹਲੀ ਸਰ-ਟੀਫ਼ੀਕੇਟ ਧਾਰਕ ਦੇ ਖਿਲਾਫ ਹਾਈਕੋਰਟ ਵਿੱਚ ਕੇਸ ਲਾਉਣਾ ਸੀ ਮੈਂ ਵਕੀਲ ਅਤੇ ਇੱਕ ਹੋਰ ਔਰਤ ਨੂੰ ਨਾਲ ਲੈ ਕੇ ਧਰਨਾ ਕਾਰੀਆਂ ਦੇ ਕੋਲ ਗਏ ਕਿ ਇਸ ਕੇਸ ਲਈ ਵਕੀਲ ਦੀ ਫ਼ੀਸ ਦੇਣੀ ਹੈ, ਸਭ ਨੇ ਗਲਾਂ ਬਾਤਾਂ ਸੁਣੀਆਂ ਕਿਸੇ ਨੇ ਰਾਹ ਨਹੀਂ ਦਿੱਤਾ ਆਖਰ ਇੱਕ ਘੰਟਾ ਰੁਕ ਕੇ ਵਾਪਸ ਆ ਗਏ। ਮੈਂ ਮੁੜਕੇ ਕਦੇ ਧਰਨੇ ਉੱਤੇ ਨਹੀਂ ਗਿਆ। ਕਰਨ ਵੀ ਕੀ ਜਾਣਾ ਸੀ ਜਦੋਂ ਮੇਰੇ ਦੁਸ਼ਮਣ ਧਰਨੇ ਉੱਤੇ ਬੈਠੇ ਮੀਟਿੰਗਾਂ ਕਰਦੇ ਹੋਣ, ਧਰਨਾ ਕਾਰੀਆਂ ਨੂੰ ਫੰਡ ਦਿੰਦੇ ਹੋਣ, ਉੱਥੇ ਕਰਨ ਕੀ ਜਾਣਾ ਸੀ। ਅੱਜ ਵੀ ਮੇਰਾ ਸਮਾ ਧਰਨੇ ਉੱਤੇ ਹੀ ਹੈ। ਮੇਰੇ ਨਾਲ ਧਰਨੇ ਉੱਤੇ ਕੋਈ ਰਾਜਨੀਤਿਕ ਲੋਕ ਨਹੀਂ ਸਨ ਨਾਂ ਹੀ ਮੈਂ ਕਿਸੇ ਦੀ ਮਦਦ ਲੈਂਦਾ ਰਿਹਾ ਹਾਂ। ਧਰਨੇ ਵਿੱਚ ਰਾਜਨੀਤਿਕ ਲੋਕ ਸ਼ਾਮਿਲ ਹੋਣ ਲਗ ਪਏ ਹਨ। ਮੈਂ ਜਾਹਲੀ ਸਰਟੀਫ਼ੀਕੇਟ ਧਾਰਕ ਦਾ ਰਿਕਾਰਡ ਲੈ ਕੇ ਹੀ ਸ਼ਿਕਾਇਤ ਕਰਦਾ ਹਾਂ। ਜਿਹਨਾਂ ਦੀ ਮੈਂ ਸ਼ਿਕਾਇਤ ਕੀਤੀ ਹੈ ਮੇਰਾ ਕਦੇ ਕੋਈ ਕੇਸ ਫੇਲ ਨਹੀਂ ਹੋਇਆ। ਮੈਂ ਕਦੇ ਕੋਈ ਤਰੀਕ ਮਿਸ ਨਹੀਂ ਕਰਦਾ। ਮੇਰਾ ਖਰਚਾ ਮੇਰੇ ਹੀ ਸਮਾਜ ਦੇ ਬਾਬਾ ਸਾਹਿਬ ਦੇ ਰਿਣੀ ਕੁੱਝ ਲੋਕ ਚਲਾ ਰਹੇ ਹਨ, ਆਰਥਿਕ ਤੰਗੀ ਬਣੀ ਰਹਿੰਦੀ ਹੈ, ਫੇਰ ਵੀ ਚਲਾ ਰਿਹਾ ਹਾਂ ਮਰਦੇ ਦਮ ਤੱਕ ਚਲਦਾ ਰਹੇਗਾ।

### ਜਾਹਲੀ ਸਰਟੀਫ਼ੀਕੇਟਾਂ ਦਾ ਅਦਾਲਤਾਂ ਵੱਲ ਰੁੱਖ

ਸੁਪਰੀਮ ਕੋਰਟ ਦੀਆਂ ਗਾਈਡ ਲਾਈਨਾਂ ਦੇ ਅਨੁਸਾਰ ਪੰਜਾਬ ਸਰਕਾਰ ਦੁਆਰਾ ਬਣਾਈ ਸਕਰੂਟਨੀ ਕਮੇਟੀ ਅਤੇ ਵਿਜੀਲੈਂਸ ਵਿਭਾਗ ਦੇ ਕੋਲ ਹੀ ਐਸਸੀ ਸਰਟੀਫ਼ੀਕੇਟ ਨੂੰ ਚੈੱਕ ਕਰਨ ਅਤੇ ਦਾ ਕਰਨ ਦੀ ਅਧਿਕਾਰ ਹੈ। ਇਸ ਦਾ ਇੱਕ ਸੈਟ ਪ੍ਰੋਸੀਜਰ ਬਣਿਆ ਹੋਇਆ ਹੈ। ਉਹ ਕਹਿੰਦਾ ਹੈ, ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਬਣੀ ਕਮੇਟੀ ਦੁਆਰਾ ਸਰਟੀਫ਼ੀਕੇਟ ਰੱਦ ਹੋਣ ਦੇ ਬਾਅਦ ਵੀ ਹਾਈਕੋਰਟ ਸਟੇ ਲੈਣ ਪਹੁੰਚ ਜਾਂਦੇ ਹਨ, ਸਾਨੂੰ ਵੀ ਵਕੀਲ ਕਰਕੇ ਉਸ ਨੂੰ ਸਟੇਅ ਲੈਣ ਤੋਂ ਰੋਕਣਾ ਪੈਂਦਾ ਹੈ। ਹੁਣ ਵੀ ਅਜਿਹੇ 7-8 ਕੇਸ ਅਦਾਲਤ ਵਿੱਚ ਹਨ। ਉਹ ਬਹੁਤ ਮਿਹਨਤ ਅਤੇ ਜੋਖਮ ਦਾ ਕੰਮ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਬਹੁਤ ਸਾਰੇ ਲੋਕ ਆਉਂਦੇ ਰਹਿੰਦੇ ਹਨ, ਮਦਦ ਦੀਆਂ ਗੱਲਾਂ ਕਰਦੇ ਰਹਿੰਦਾ ਹਨ ਪਰ ਕੁੱਝ ਖਾਸ ਬਾਬਾ ਸਾਹਿਬ ਦੇ ਸੱਚੇ ਪੈਰੋਕਾਰਾਂ ਦੇ ਸਿਰ ਉੱਤੇ ਉਹ ਇਹ ਕੰਮ ਰਿਹਾ ਹੈ। ਉਹ ਕਹਿੰਦਾ ਹੈ ਕੁੱਝ ਵੀ ਹੋਵੇ ਉਹ ਇਮਾਨਦਾਰੀ ਨਾਲ ਆਪਣੀ ਲੜਾਈ ਜਾਰੀ ਰੱਖੇਗਾ।

## ਭੋਗ ਤੇ ਵਿਸ਼ੇਸ਼

# ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ ਸੱਚੇ ਸਾਥੀ ਸਨ ਸ. "ਚਰਨ ਸਿੰਘ ਸੰਘਾ"

ਸਾਹਿਤ ਤੇ ਸਿੱਖਿਆ ਨੂੰ ਵਿਚਾਰਨ ਵਾਲਾ ਮਨੁੱਖ ਹੀ ਸੰਸਾਰ ਅੰਦਰ ਆਪਣੇ ਘੇਰੇ ਵਿੱਚ ਵਿਚਰਦੇ ਲੋਕਾਂ ਅਤੇ ਦੇਸ਼ ਵਿਦੇਸ਼ ਵਿੱਚ ਸਤਿਕਾਰਿਆ ਜਾਂਦਾ ਹੈ। ਜਿਸ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਉਹ ਹਰ ਟੌਪਿਕ ਨੂੰ ਸਾਹਿਤਕ ਰੰਗਤ ਦੇ ਕੇ ਰੌਚਕ ਬਣਾ ਕੇ ਪੇਸ਼ ਕਰਦਾ ਹੈ ।ਇਹ ਰੌਚਕ ਢੰਗ ਨਾਲ ਕੀਤੀਆਂ ਗੱਲਾਂ ਹਰ ਕਿਸੇ ਦੇ ਮਨ ਵਿੱਚ ਵੱਸ ਜਾਂਦੀਆਂ ਹਨ ।ਕੁਝ ਇਸੇ ਤਰਾਂ ਦੀ ਸਖਸ਼ੀਅਤ ਦੇ ਮਾਲਿਕ ਸਨ ਪਿੰਡ ਲੰਗੇਰੀ ਤਹਿਸੀਲ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਮਿਤੀ 1 ਫਰਵਰੀ 1937 ਨੂੰ ਪਿਤਾ ਸ ਹੁਕਮ ਸਿੰਘ ਅਤੇ ਮਾਤਾ ਸ੍ਰੀਮਤੀ ਈਸ਼ਰ ਕੌਰ ਦੇ ਘਰ ਪੈਦਾ ਹੋਏ ਸ ਚਰਨ ਸਿੰਘ ਸੰਘਾ॥ ਉਨ੍ਹਾਂ ਮੁੱਢਲੀ ਸਿੱਖਿਆ ਪਿੰਡ ਦੇ ਹੀ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਸੈਕੰਡਰੀ ਸਿੱਖਿਆ ਸੈਕੰਡਰੀ ਸਕੂਲ ਮਾਹਿਲਪੁਰ ਅਤੇ ਉੱਚ ਸਿੱਖਿਆ ਖਾਲਸਾ ਕਾਲਜ ਮਾਹਿਲਪੁਰ ਤੋਂ ਪ੍ਰਾਪਤ ਕੀਤੀ। ਕਾਲਜ਼ ਸਮੇ ਤੋਂ ਹੀ ਉਨ੍ਹਾਂ ਦੀ ਕਾਰੁਜ਼ਗਾਰੀ ਨੂੰ ਦੇਖਦਿਆਂ ਇਹ ਸੋਚਿਆ ਜਾ ਸਕਦਾ ਸੀ ਕਿ ਉਹ ਸੱਚਮੁੱਚ ਹੀ ਜ਼ਿੰਦਗੀ ਦਾ ਇੱਕ ਵੱਡਾ ਹਿੱਸਾ ਸਮਾਜਿਕ ਕਦਰਾਂ ਕੀਮਤਾਂ ਨੂੰ ਬਚਾਉਣ ਅਤੇ ਲੋਕ ਹਿੱਤਾਂ ਨੂੰ ਸਮਰਪਿਤ ਕਰਨਗੇ। ਉਹ ਕਾਲਜ਼ ਦੀ ਪੜ੍ਹਾਈ ਦੇ ਦੌਰਾਨ ਹੀ ਮਨੁੱਖਤਾ ਦੀ ਭਲਾਈ ਲਈ ਚੱਲ ਰਹੇ ਹਰ ਇੱਕ ਕੰਮ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣ ਲੱਗੇ। ਖੇਤਰ ਭਾਵੇਂ ਖੇਡਾਂ ਦਾ ਹੋਵੇ ਜਾਂ ਆਰਥਿਕ ਨਾਬਰਾਬਰੀ ਲਈ ਚੱਲ ਰਹੇ ਘੋਲਾਂ ਦਾ ਹੋਵੇ, ਉਸ ਵਿੱਚ ਚਰਨ ਸਿੰਘ ਦੀ ਹਾਜ਼ਰੀ ਲਾਜ਼ਮੀ ਹੋਇਆ ਕਰਦੀ ਸੀ। ਦੇਸ਼ ਭਗਤੀ ਦਾ ਜ਼ਜ਼ਬਾ ਉਨ੍ਹਾਂ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਕਿਉਂਕਿ ਪਿੰਡ ਲੰਗੇਰੀ ਵਿੱਚ ਜਨਮ ਹੋਣ ਕਰਕੇ ਉਨ੍ਹਾਂ ਦੇ ਚਰਿੱਤਰ ਦੀ ਉਸਾਰੀ ਉੱਘੇ ਗਦਰੀ ਯੋਧੇ ਭਾਈ ਪਿਆਰਾ ਸਿੰਘ ,ਧਾਰਮਿਕ ਸ਼ਖਸ਼ੀਅਤ ਭਾਈ ਮਾਹਨ ਸਿੰਘ, ਆਜ਼ਾਦੀ ਘੁਲਾਟੀਏ ਗਿਆਨੀ ਮੇਹਰ ਸਿੰਘ, ਬਾਬੂ ਦਇਆ ਸਿੰਘ, ਗਿਆਨੀ ਹਰੀ ਸਿੰਘ, ਜਥੇਦਾਰ ਹੁਸ਼ਨਾਕ ਸਿੰਘ ਅਤੇ ਦਰਬਾਰਾ ਸਿੰਘ ਵਰਗੀਆਂ ਮਹਾਨ ਸ਼ਖਸ਼ੀਅਤਾਂ ਦਾ ਪ੍ਰਭਾਵ ਸੀ। ਪਰਿਵਾਰਕ ਰਿਸ਼ਤੇਦਾਰੀ ਵਿੱਚ ਉਨ੍ਹਾਂ ਦੇ ਬਹਿਨੋਈ ਉੱਘੇ ਵਿਦਵਾਨ ਸ ਹਰਦਿਆਲ ਸਿੰਘ ਜੋ ਕਿ ਕੈਨੇਡਾ ਦੀ ਧਰਤੀ ਤੇ ਜਨਮੇ ਪਹਿਲੇ ਪੰਜਾਬੀ ਭਾਰਤੀ ਸਨ। ਸ ਹਰਦਿਆਲ ਸਿੰਘ ਦੇ ਪਿਤਾ ਜੀ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜਿਨ੍ਹਾਂ ਨੂੰ ਭਾਰਤ ਦੀ ਅਜ਼ਾਦੀ ਖਾਤਰ ਜੂਝਦਿਆਂ ਅੰਗਰੇਜ਼ ਸਰਕਾਰ ਵੱਲੋਂ 16 ਮਾਰਚ 1917 ਨੂੰ ਸੈਂਟਰਲ ਜੇਲ੍ਹ ਲਹੌਰ ਵਿਖੇ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ ।ਸੋ ਨੇੜਲੇ ਰਿਸ਼ਤੇਦਾਰਾਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੁ-ਦਿਆਂ ਉਹ ਹਮੇਸ਼ਾ ਸਿੱਖ ਇਤਿਹਾਸ ਅਤੇ ਲੋਕ ਪੱਖੀ ਸਰਗਰਮੀਆਂ ਨਾਲ ਜੁੜੇ ਰਹੇ। ਉਹ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਜੀ ਵੱਲੋਂ ਕੀਤੀ ਹਰ ਸਰਗਰਮੀ ਵਿੱਚ ਮੋਹਰੀ ਰੋਲ ਅਦਾ ਕਰਦੇ ।ਜਿਸ ਸਦਕਾ ਪਿੰਡ ਅਤੇ ਇਲਾਕੇ ਵਿੱਚ ਉਨ੍ਹਾਂ ਦੀ ਚੰਗੀ ਪਹਿਚਾਣ ਬਣ ਚੁੱਕੀ ਸੀ। ਇਨ੍ਹਾਂ ਦੇ ਕੰਮ ਨੂੰ ਦੇਖਦਿਆਂ ਪਿੰਡ ਵਾਸੀਆਂ ਵੱਲੋਂ ਆਪ ਜੀ ਨੂੰ ਪਿੰਡ ਦੇ ਸਰਪੰਚ ਬਣਨ ਦੀ ਵੀ ਪੇਸ਼ਕਸ਼ ਕੀਤੀ ਗਈ ਪ੍ਰੰਤੂ ਉਨ੍ਹਾਂ ਵੱਲੋਂ ਵੋਟ ਸਿਆਸਤ ਤੋਂ ਇਨਕਾਰ ਕਰਦਿਆਂ ਪਿੰਡ ਦੀਆਂ ਸ਼ੋਸ਼ਲ ਸਰਗਰਮੀਆਂ ਨੂੰ ਨਿਰੰਤਰ ਜਾਰੀ ਰੱਖਿਆ। ਸਾਥੀ ਕੈਨੇਡੀਅਨ ਵੱਲੋਂ ਸਿੱਖਿਆ ਸੁਧਾਰ ਲਈ ਸ਼ੁਰੂ ਕੀਤੀ ਵਿੱਦਿਆ ਸੰਚਾਰ ਸੰਮਤੀ ,ਸਿਹਤ ਸੇਵਾਵਾਂ ਲਈ ਰੋਗੀ ਸਹਾਇਕ ਸੰਮਤੀ ਅਤੇ ਪਿੰਡ ਦੇ ਬੱਚਿਆਂ ਨੂੰ ਖੇਡਾਂ ਵੱਲ ਤੋਰਨ ਲਈ ਸਪੋਰਟਸ ਕਲੱਬ ਲੰਗੇਰੀ ਦੀ ਸਥਾਪਨਾ ਅਤੇ ਸੰਚਾਲਨ ਵਿੱਚ ਆਪ ਜੀ ਨੇ ਬਿਹਤਰ ਸਹਿਯੋਗ ਦਿੱਤਾ

ਉਸ ਸਮੇ ਜਾਤੀ ਕੋਹੜ ਨੂੰ ਵਗਾਹ ਮਾਰਨਾ ਉਨ੍ਹਾਂ ਦੀ ਸ਼ਖਸ਼ੀਅਤ ਦਾ ਇੱਕ ਸ਼ਾਨਦਾਰ ਪੱਖ ਸੀ। ਉਹ ਆਮ ਵਰਗ ਵਿਚੋਂ ਹੁੰਦੇ ਹੋਏ ਆਪਣੀ ਹੀ ਜਾਤੀ ਦੇ ਉਨ੍ਹਾਂ ਲੋਕਾਂ ਦਾ ਡਟ ਕੇ ਵਿਰੋਧ ਕਰਦੇ ਰਹੇ ਜੋ ਜਾਤੀ ਨਫਰਤ ਵਿੱਚ ਗੜੁੱਚ ਹੁੰਦਿਆਂ ਦਲਿਤ ਬਰਾਦਰੀ ਨਾਲ ਭੈੜਾ ਵਰਤਾਉ ਕਰਦੇ ਸਨ। ਉਨਾਂ ਦੇ ਮੂੰਹੋਂ ਜਬਾਨੀ ਸੁਣੀ ਘਟਨਾ ਅਨੁਸਾਰ ਪਿੰਡ ਦੇ ਇੱਕ ਦਲਿਤ ਬਰਾਦਰੀ ਨਾਲ ਸਬੰਧਤ ਇੱਕ ਵਿਅਕਤੀ ਵੱਲੋਂ ਜਦੋਂ ਆਪਣੇ ਮਕਾਨ ਉਪਰ ਚੁਬਾਰਾ ਪਾ ਲਿਆ ਤਾਂ ਪਿੰਡ ਦੇ ਹੀ ਕੁਝ ਲੋਕ ਜਾਤੀ ਹੰਕਾਰ ਦੇ ਚਲਦਿਆਂ ਡਾਂਗਾਂ ਲੈ ਕੇ ਉਸ ਦੇ ਘਰ ਆ ਧਮਕੇ ਕਿ ਤੂੰ "ਦਲਿਤ" ਹੁੰਦਿਆਂ ਚੁਬਾਰਾ ਕਿਵੇਂ ਛੱਤ ਲਿਆ ਤਾਂ ਇਸ ਤੇ ਜਵਾਬੀ ਕਾਰਵਾਈ ਕਰਦਿਆਂ ਆਪ ਖੁਦ ਅਤੇ ਉਨ੍ਹਾਂ ਦੇ ਸਾਥੀ ਵੀ ਡਾਂਗਾਂ ਲੈ ਕੇ ਘਟਨਾ ਸਥਾਨ ਤੇ ਆਣ ਪਹੁੰਚੇ ਅਤੇ ਦਲੀਲ ਨਾਲ ਗੱਲ ਕਰਦਿਆਂ ਕਿਹਾ ਕਿ ਤੁਸੀਂ ਗਰੀਬ ਦਾ ਚੁਬਾਰਾ ਨਹੀਂ ਢਾਹ ਸਕਦੇ ਕਿਉਂਕਿ ਉਹ ਵੀ ਇਸ ਦੇਸ਼ ਅੰਦਰ ਬਰਾਬਰ ਦੇ ਨਾਗਰਿਕ ਹਨ। ਆਪ ਜੀ ਦੀਆਂ ਦਲੀਲਾਂ ਅਤੇ ਗੁੱਸੇ ਨੂੰ ਭਾਪਦਿਆਂ ਜਾਤੀ ਹੰਕਾਰ ਵਿੱਚ ਅੰਨ੍ਹੇ ਹੋਏ ਲੋਕਾਂ ਨੂੰ ਪਿਛਾਂਹ ਵੱਲ ਮੁੜਨਾ ਪਿਆ ।ਉਸ ਸਮੇ ਅਜਿਹੀ ਸੂਰਮਗਤੀ ਕਰਨਾ ਕਿਸੇ ਯੋਧੇ ਦਾ ਹੀ ਕੰਮ ਹੁੰਦਾ ਸੀ ਕਿਉਂਕਿ ਉਸ ਸਮੇ ਸਮਾਜ ਪੂਰੀ ਤਰਾਂ ਜਾਤ ਪਾਤ ਵਿੱਚ ਵੰਡਿਆ ਪਿਆ ਸੀ। ਇਸੇ ਤਰਾਂ ਉਹ ਹਰ ਸੰਗਰਾਂਦ, ਮੱਸਿਆ, ਪੁੱਨਿਆ ਸਮੇ ਉਹ ਆਪਣੇ ਸਾਥੀਆਂ ਸਮੇਤ ਦਲਿਤ ਭਾਈਚਾਰੇ ਦੇ ਗੁਰਦੁਆਰਾ ਸਾਹਿਬ ਤੋਂ ਲੰਗਰ ਪਾਣੀ ਛਕਦੇ ਅਤੇ ਪ੍ਰਸ਼ਾਦਿ ਲੈਂਦੇ ਜਦੋਂਕਿ ਆਪ ਜੀ ਦੀ ਜੱਟ ਸਿੱਖ ਬਰਾਦਰੀ ਦਾ ਵੱਡਾ ਹਿੱਸਾ ਇਨਾ ਦੇ ਘਰਾਂ ਤੋਂ ਖਾਣਾ ਖਾਣ ਨਾਲ ਆਪਣੇ ਆਪ ਨੂੰ ਭ੍ਰਿਸ਼ਟ ਹੋਇਆ ਸਮਝਦਾ ਸੀ।



ਤਕਰੀਬਨ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਸਤੰਬਰ 1958 ਈਸਵੀ ਵਿੱਚ ਆਪ ਵੈਨਕੂਵਰ ਆਈਲੈਂਡ ਦੇ ਕਸਬਾ ਨਨਾਇਮੋ ਵਿੱਚ ਆਣ ਵੱਸੇ। ਇਥੇ ਆਉਣ ਉਪਰੰਤ ਆਪ ਜੀ ਨੇ ਸਖਤ ਮਿਹਨਤ ਕੀਤੀ ਅਤੇ ਖਾਲਸਾ ਦੀਵਾਨ ਸੁਸਾਇਟੀ ਨਾਲ ਡੂੰਘੀ ਨੇੜਤਾ ਬਣਾ ਲਈ। ਖਾਲਸਾ ਦੀਵਾਨ ਸੁਸਾਇਟੀ ਜੋ ਕਿ ਧਾਰਮਿਕ ਕੰਮਾਂ ਦੇ ਨਾਲ ਨਾਲ ਇਨਕਲਾਬੀ ਨਾਲ ਦੇਸ਼ ਭਗਤਾਂ, ਸਿੱਖ ਜਰਨੈਲਾਂ , ਸੂਰਬੀਰਾਂ ਅਤੇ ਅਜ਼ਾਦੀ ਘੁਲਾਟੀਆਂ ਦਾ ਸਨਮਾਨ ਕਰਦੀ ਅਤੇ ਉਨ੍ਹਾਂ ਦੇ ਦਿਨ ਮਨਾ ਕੇ ਕੈਨੇਡਾ ਪਹੁੰਚ ਰਹੇ ਪੰਜਾਬੀਆਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਦੀ। ਸਖਤ ਘਾਲਣਾ ਨਾਲ ਉਨ੍ਹਾਂ ਕੈਨੇਡਾ ਦੀ ਧਰਤੀ ਤੇ ਬੀ. ਸੀ. ਦੇ ਵੈਨਕੂਵਰ ਆਈਲੈਂਡ ਦੇ ਸ਼ਹਿਰ ਕੈਂਪਬੈੱਲ ਰਿਵਰ ਵਿਖੇ ਆਪਣੇ ਆਪ ਨੂੰ ਸਥਾਪਿਤ ਕੀਤਾ ਅਤੇ ਇਥੇ ਹੀ ਉਨ੍ਹਾਂ ਆਪਣੇ ਤਿੰਨ ਪੁੱਤਰਾਂ ਅਤੇ ਪਤਨੀ ਸ੍ਰੀਮਤੀ ਰਾਜਿੰਦਰ ਕੌਰ ਢੁਡੀਕੇ ਨਾਲ ਆਪਣੇ ਜੀਵਨ ਦਾ ਸਫ਼ਰ ਤੈਅ ਕੀਤਾ। ਕੈਨੇਡਾ ਰਹਿੰਦਿਆਂ ਵੀ ਉਨ੍ਹਾਂ ਨੇ ਲੰਬਾ ਸਮਾ ਪਿੰਡ ਦੇ ਸਰਪੰਚ ਅਤੇ ਸਪੋਰਟਸ ਕਲੱਬ ਲੰਗੇਰੀ ਦੇ ਪ੍ਰਧਾਨ ਰਹੇ ਕਾਮਰੇਡ ਮਨਜੀਤ ਸਿੰਘ ਲਾਲੀ ਨਾਲ ਸੰਪਰਕ ਬਣਾਈ ਰੱਖਿਆ। ਉਹ ਪਿੰਡ ਦੀ ਬਿਹਤਰੀ ਲਈ ਕੀਤੇ ਜਾਣ ਵਾਲੇ ਹਰ ਇੱਕ ਕੰਮ ਵਿੱਚ ਸਹਿਯੋਗੀ ਅਤੇ ਨੇਕ ਸਲਾਹਕਾਰ ਵਾਂਗ ਵਿਚਰਦੇ ਰਹੇ। ਸਪੋਰਟਸ ਕਲੱਬ ਦੇ ਸ਼ੁਰੂਆਤੀ ਦੌਰ ਵਿੱਚ ਉਨ੍ਹਾਂ ਮਾਸਟਰ ਬਚਿੱਤਰ ਸਿੰਘ ਸੰਘਾ ਦੀ ਸਲਾਹ ਨਾਲ ਕਲੱਬ ਵੱਲੋਂ ਲਗਾਤਾਰ ਦੋ ਵਾਰ ਸਲਾਨਾ ਫੁੱਟਬਾਲ ਟੂਰਨਾਮੈਂਟ ਵੀ ਕਰਵਾਏ ਗਏ ਜਿਨ੍ਹਾਂ ਦੀ ਲਗਾਤਾਰਤਾ ਅੱਜ ਵੀ ਉੱਘੇ ਖੇਡ ਪ੍ਰਮੋਟਰ ਅਤੇ ਕਲੱਬ ਦੇ ਮੌਜੂਦਾ ਪ੍ਰਧਾਨ ਸ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਵਿੱਚ ਬਣੀ ਹੋਈ ਹੈ। 25 ਸਤੰਬਰ 1986 ਨੂੰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੋਂ ਬਾਅਦ ਜਦੋਂ ਉਨ੍ਹਾਂ ਦੀ ਯਾਦਗਾਰ ਦੀ ਉਸਾਰੀ ਲਈ ਕੈਨੇਡਾ ਤੋਂ ਫੰਡ ਇਕੱਤਰ ਕਰਨ ਲਈ ਸਰਪੰਚ ਮਨਜੀਤ ਸਿੰਘ ਲਾਲੀ ਭਾਰਤ ਤੋਂ ਕੈਨੇਡਾ ਆਏ ਤਾਂ ਉਸ ਸਮੇਂ ਦਹਿਸ਼ਤ ਦੇ ਦੌਰ ਦੌਰਾਨ ਉਨ੍ਹਾਂ ਵੱਲੋਂ ਕੈਨੇਡਾ ਰਹਿੰਦੇ ਦੋਸਤ ਸਾਥੀ ਮੱਖਣ ਟੁੱਟ ਨਾਲ ਮਿਲ ਕੇ ਕੈਨੇਡਾ ਵਿਚਲੇ ਸਾਥੀਆਂ ਤੋਂ ਉਗਰਾਹੀ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਤਾਂ ਜੋ ਕੈਨੇਡੀਅਨ ਸਾਹਿਬ ਦੀ ਯਾਦ ਵਿੱਚ ਉਸਾਰੇ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਯਾਦਗਾਰੀ ਸਟੇਡੀਅਮ ਦੀ ਉਸਾਰੀ ਨੂੰ ਕੰਪਲੀਟ ਕੀਤਾ ਜਾ ਸਕੇ

ਕੈਨੇਡਾ ਦੀ ਧਰਤੀ ਤੇ ਰਹਿੰਦਿਆਂ ਉਹ ਵੈਨਕੂਵਰ ਤੋਂ ਛਪਦੇ ਨਾਮਵਰ ਹਫ਼ਤਾਵਾਰੀ ਪੰਜਾਬੀ ਅਖਬਾਰ ਇੰਡੋ ਕੈਨੇਡੀਅਨ ਨਾਲ ਜੁੜੇ ਰਹੇ। ਇਸ ਅਖਬਾਰ ਵਿੱਚ ਉਨ੍ਹਾਂ ਦੇ ਸਮਾਜਿਕ ਸਰੋਕਾਰਾਂ ਅਤੇ ਸਿੱਖੀ ਫਲਸਫੇ ਨਾਲ ਸਬੰਧਤ ਲੇਖ ਅਕਸਰ ਹੀ ਛਪਦੇ ਰਹੇ। ਸਾਲ 2007 ਦੇ ਮਾਰਚ ਮਹੀਨੇ ਦੇ 15 ਤੋਂ 21 ਮਾਰਚ ਵਾਲੇ ਇੰਡੋ ਕੈਨੇਡੀਅਨ ਵਿੱਚ ਉਨ੍ਹਾਂ ਦਾ ਲੇਖ ਸਾਂਭਣ ਯੋਗ ਸੀ ਜੋ ਕਿ ਕੈਨੇਡਾ ਵਿਚਲੇ ਪਹਿਲੇ ਗੁਰਦੁਆਰਾ ਸਾਹਿਬ ਦੇ ਗਰੰਥੀ ਅਤੇ ਦੇਸ਼ ਦੀ ਖਾਤਰ ਫਾਂਸੀ ਦਾ ਰੱਸਾ ਚੁੰਮਣ ਵਾਲੇ ਮਹਾਨ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ 90ਵੀਂ ਬਰਸੀ ਨੂੰ ਸਮਰਪਿਤ ਸੀ ।ਉਮਰ ਦੇ ਆਖਰੀ ਦੌਰ ਵਿਚੋਂ ਗੁਜ਼ਰਦਿਆਂ ਵੀ ਉਨ੍ਹਾਂ ਦੀ ਯਾਦ ਸ਼ਕਤੀ ਬੇਮਿਸਾਲ ਸੀ ਇਸ ਸਮੇਂ ਵੀ ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ 22 ਜੁਲਾਈ 1907 ਵਿੱਚ ਅਤੇ ਕੈਨੇਡਾ ਵਿੱਚ ਪਹਿਲਾ ਗੁਰਦੁਆਰਾ 19 ਜਨਵਰੀ 1908 ਵਿੱਚ ਸ਼ੁਰੂ ਹੋਇਆ ਜਿੱਥੇ ਪਹਿਲੇ ਗ੍ਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਉਨ੍ਹਾਂ ਤੋਂ ਬਾਅਦ ਦੀ ਸੇਵਾ ਭਾਈ ਮਾਹਨ ਸਿੰਘ ਲੰਗੇਰੀ ਵੱਲੋਂ ਨਿਭਾਈ। ਉਨ੍ਹਾਂ ਆਪਣੇ ਚੇਤੇ ਦੀ ਚੰਗੇਰ ਫਰੋਲਦਿਆਂ ਦੱਸਿਆ ਕਿ ਭਾਈ ਸਾਹਿਬ ਭਾਈ ਮਾਹਨ ਸਿੰਘ ਰਮਦਾਸੀਆ ਸਿੱਖ ਦਲਿਤ ਬਰਾਦਰੀ ਵਿਚੋਂ ਸਨ। ਗੁਰਦੁਆਰਾ ਸਾਹਿਬ ਅੰਦਰ ਗ੍ਰੰਥੀ ਦੀ ਸੇਵਾ ਨਿਭਾਉਣ ਦੇ ਨਾਲ ਨਾਲ ਉਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਅੰਦਰ ਗੁਰਮੁਖੀ ਸਿਖਾਉਣ ਦਾ ਇੱਕ ਕੇਂਦਰ ਵੀ ਖੋਲਿਆ ਹੋਇਆ ਸੀ ਜਿਸ ਵਿਚੋਂ ਗੁਰਮੁਖੀ ਸਿੱਖ ਕੇ ਸਿੱਖ ਸੰਗਤ ਪਾਠ ਕਰਦੀ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਹੋਰ ਪੁਸਤਕਾਂ ਪੜ੍ਹਦੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਤੋਂ ਪੜ੍ਹੀ ਹੋਈ ਇੱਕ ਸਿੱਖ ਬੀਬੀ ਗੁਰਦੇਵ ਕੌਰ ਪੁੱਤਰੀ ਸ ਹਰੀ ਸਿੰਘ ਅਜੇ ਵੀ ਆਈਲੈਂਡ ਫੇ ਸ਼ਹਿਰ ਨਨਾਇਮੋ ਵਿਖੇ ਰਹਿ ਰਹੀ ਹੈ। ਇੰਨੀ ਯਾਦਾਸ਼ਤ ਅਤੇ ਇਤਿਹਾਸ ਦੀ ਜਾਣਕਾਰੀ ਰੱਖਣ ਵਾਲੀ ਸ਼ਖਸ਼ੀਅਤ ਨੂੰ ਅਸੀਂ ਸੱਚਮੁੱਚ ਹੀ ਇੱਕ ਚਲਦੀ ਫਿਰਦੀ ਯੂਨੀਵਰਸਿਟੀ ਕਹਿ ਸਕਦੇ ਹਾਂ। ਅਜਿਹੇ ਸਮਝਦਾਰ ਇਨਕਲਾਬੀ ਸੂਝਵਾਨ ਇਨਸਾਨ , ਸਿੱਖ ਵਿਦਵਾਨ , ਮਜ਼ਦੂਰਾਂ ਕਿਸਾਨਾਂ ਦੇ ਹਮਦਰਦ ,ਖੇਡ ਪ੍ਰਮੋਟਰ ਅਤੇ ਕੈਨੇਡੀਅਨ ਦੀ ਸੋਚ ਤੇ ਪਹਿਰਾ ਦੇਣ ਵਾਲੇ ਰੌਸ਼ਨ ਦਿਮਾਗ ਚਿਹਰੇ ਦਾ ਦੁਨੀਆਂ ਤੋਂ ਰੁਕਸਤ ਹੋ ਜਾਣਾ ਸੱਚਮੁੱਚ ਹੀ ਪਿੰਡ ਪਰਿਵਾਰ ਅਤੇ ਕੈਨੇਡਾ ਰਹਿੰਦੇ ਅਗਾਂਹਵਧੂ ਸੋਚ ਦੇ ਧਾਰਨੀ ਲੋਕਾਂ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਕੁਝ ਸਮਾ ਬੀਮਾਰ ਰਹਿਣ ਉਪਰੰਤ ਉਨ੍ਹਾਂ ਮਿਤੀ 17 ਅਗਸਤ 2023 ਨੂੰ ਕੈਨੇਡਾ ਦੇ ਸ਼ਹਿਰ ਕੈਂਪਬੈੱਲ ਰਿਵਰ ਦੇ ਇੱਕ ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਸਸਕਾਰ ਮਿਤੀ 26 ਅਗਸਤ ਦਿਨ ਸ਼ਨੀਵਾਰ ਨੂੰ ਕੈਨੇਡਾ ਦੇ ਸ਼ਹਿਰ ਸਰੀ ਵਿਚਲੇ ਰਿਵਰ ਸਾਈਡ ਫਿਊਨਰਲ ਹੋਮ 7140 ਹਾਪਕੋਡ ਰੋਡ ਡੈਲਟਾ ਬੀ. ਸੀ. ਵਿਖੇ ਸਾਢੇ ਬਾਰਾਂ (12.30) ਵਜੇ ਹੋਵੇਗਾ।

ਇਸੇ ਹੀ ਦਿਨ ਗੁਰਦੁਆਰਾ ਸ਼ੇਰੇ ਪੰਜਾਬ ਬੀਅਰ ਕਰੀਕ 8580 132 ਸਟਰੀਟ ਸਰੀ ਬੀ. ਸੀ. ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਉਪਰੰਤ ਬਾਅਦ ਦੁਪਹਿਰ 2.30 ਵਜੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਵੇਗਾ। ਅੱਜ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਸਮੇਂ ਇਹ ਅਹਿਦ ਕਰਨਾ ਹੋਵੇਗਾ ਕਿ ਅਸੀਂ ਹਮੇਸ਼ਾ ਉਨ੍ਹਾਂ ਦੀ ਸੋਚ ਤੇ ਪਹਿਰਾ ਦਿੰਦੇ ਹੋਏ ਉਨ੍ਹਾਂ ਦੇ ਅਧੂਰੇ ਰਹਿ ਗਏ ਕੰਮਾਂ ਨੂੰ ਪੂਰਾ ਕਰਨ ਤੇ ਪੂਰਾ ਤਾਣ ਲਗਾ ਦੇਈਏ ਇਹੀ ਉਨ੍ਹਾਂ ਲਈ ਸੱਚੀ ਸ਼ਰਧਾਂਜਲੀ ਹੋਵੇਗੀ।

**ਅਵਤਾਰ ਲੰਗੇਰੀ**
**+91-94632-60181**

# ਸਰਕਾਰੀ ਸਕੂਲਾਂ 'ਚ ਵਿਜ਼ਿਟਿੰਗ ਫੈਕਲਟੀ ਰੱਖਣ ਦਾ ਫ਼ੈਸਲਾ ਪੱਕੀ ਭਰਤੀ ਦਾ ਰਾਹ ਬੰਦ ਕਰਨ ਦੀ ਸਾਜ਼ਿਸ਼: ਡੀਟੀਐੱਫ ਪੰਜਾਬ

## ਡੀਟੀਐੱਫ ਵੱਲੋਂ ਸਰਕਾਰੀ ਸਕੂਲਾਂ ਵਿੱਚ ਵਿਜ਼ਿਟਿੰਗ ਫੈਕਲਟੀ ਰੱਖਣ ਦੇ ਫ਼ੈਸਲੇ ਦੀ ਸਖ਼ਤ ਨਿਖੇਧੀ

**ਚੰਡੀਗੜ੍ਹ, (ਦਲਜੀਤ ਕੌਰ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਪੰਜਾਬ ਮੰਤਰੀ ਮੰਡਲ ਵੱਲੋਂ 12ਵੀਂ ਜਮਾਤ ਵਾਲੇ ਸਕੂਲਾਂ ਵਿੱਚ ਵਿਜ਼ਿਟਿੰਗ ਫੈਕਲਟੀ ਰੱਖਣ ਦੀ ਪ੍ਰਵਾਨਗੀ ਦੇਣ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਮੰਤਰੀ ਮੰਡਲ ਦਾ ਇਹ ਫੈਸਲਾ ਪੱਕੀ ਭਰਤੀ ਦਾ ਰਾਹ ਬੰਦ ਕਰਨ ਦੀ ਸਾਜ਼ਿਸ਼ ਹੈ। ਆਗੂਆਂ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਲੈਕਚਰਾਰਾਂ ਦੀ ਭਰਤੀ ਦੀ ਪ੍ਰੀਖਿਆ ਨੂੰ ਕਈ ਵਾਰ ਮੁਲਤਵੀ ਕਰਨਾ ਪਹਿਲਾਂ ਹੀ ਸਰਕਾਰ ਦੀ ਨੀਤ ਵਿੱਚ ਖੋਟ ਨੂੰ ਦਰਸਾਉਂਦਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਮੰਤਰੀ ਮੰਡਲ ਦੇ ਇਸ ਫੈਸਲੇ ਤੋਂ ਪਹਿਲਾਂ ਸਕੂਲਾਂ ਵਿੱਚ ਕੈਂਪਸ ਮੈਨੇਜਰ, ਚੌਂਕੀਦਾਰ ਅਤੇ ਸਫ਼ਾਈ ਸੇਵਕਾਂ ਦੀ ਪੱਕੀ ਭਰਤੀ ਤੋਂ ਕਿਨਾਰਾ ਵੱਟ ਲਿਆ ਗਿਆ ਹੈ ਅਤੇ ਹੁਣ ਅਧਿਆਪਕਾਂ ਦੀ ਪੱਕੀ ਭਰਤੀ ਕਰਨ ਦੀ ਥਾਂ ਡੰਗ ਟਪਾਊ ਨੀਤੀ ਲਿਆ ਕੇ ਸਕੂਲੀ ਜਨਤਕ ਸਿੱਖਿਆ ਦੇ ਢਾਂਚੇ ਨੂੰ ਤਹਿਸ ਨਹਿਸ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰਕਾਰੀ ਕਾਲਜਾਂ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਦੀ ਥਾਂ ਗੈਸਟ ਫੈਕਲਟੀ ਲੈਕਚਰਾਰਾਂ ਰਾਹੀਂ ਡੰਗ ਟਪਾਵੇ ਦੀ ਨੀਤੀ ਅਪਨਾਉਂਦਿਆਂ ਉਚੇਰੀ ਸਿੱਖਿਆ ਵਿੱਚ ਨਿਘਾਰ ਲਿਆਂਦਾ ਗਿਆ ਹੈ ਅਤੇ ਇੰਨ੍ਹਾਂ ਗੈਸਟ ਫੈਕਲਟੀ ਲੈਕਚਰਾਰਾਂ ਦਾ ਆਰਥਿਕ ਸ਼ੋਸਣ ਕੀਤਾ ਜਾ ਰਿਹਾ ਹੈ ਹੁਣ ਇਹੋ ਨੀਤੀ ਸਕੂਲਾਂ ਵਿੱਚ ਲਿਆ ਕੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਉੱਚ ਯੋਗਤਾ ਪ੍ਰਾਪਤ ਬੇਰੁਜ਼ਗਾਰ ਅਧਿਆਪਕ ਆਪਣੇ ਰੁਜ਼ਗਾਰ ਲਈ ਸੰਘਰਸ਼ ਕਰ ਰਹੇ ਹਨ,ਪਰ ਸਰਕਾਰ ਉਨ੍ਹਾਂ ਨੂੰ ਰੁਜ਼ਗਾਰ ਦੇਣ ਦੀ ਬਿਜਾਏ ਸੇਵਾ ਮੁਕਤ ਮੁਲਾਜ਼ਮਾਂ ਭਰਤੀ ਕਰਨ ਦੇ ਰਾਹ ਪੈ ਗਈ ਹੈ।



ਜ਼ਿਕਰਯੋਗ ਹੈ ਕਿ ਅੱਜ ਮੰਤਰੀ ਮੰਡਲ ਨੇ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਵਿਜ਼ਟਿੰਗ ਫੈਕਲਟੀ ਦੀ ਨਿਯੁਕਤੀ ਕਰਨ ਦੇ ਫ਼ੈਸਲੇ ਨੂੰ ਮਨਜ਼ੂਰੀ ਦਿੱਤੀ ਹੈ। ਇਹ ਨਿਯੁਕਤੀ ਕਿਸੇ ਨਵੇਂ ਭਰਤੀ ਹੋਣ ਵਾਲੇ ਬੇਰੁਜ਼ਗਾਰ ਨੌਜਵਾਨ ਦੀ ਨਹੀਂ, ਸਗੋਂ ਕਿਸੇ ਵੀ ਸਰਕਾਰੀ/ਪ੍ਰਾਈਵੇਟ ਸਕੂਲ/ਕਾਲਜ ਜਾਂ ਯੂਨੀਵਰਸਿਟੀ ਤੋਂ ਟੀਚਿੰਗ ਫੈਕਲਟੀ ਵਜੋਂ ਸੇਵਾ-ਮੁਕਤ ਹੋਇਆ ਵਿਅਕਤੀ ਤਜਵੀਜ਼ਤ 'ਵਿਜ਼ਟਿੰਗ ਰਿਸੋਰਸ ਫੈਕਲਟੀ ਸਕੀਮ' ਲਈ ਯੋਗ ਹੋਵੇਗਾ, ਦੀ ਕੀਤੀ ਜਾਵੇਗੀ ਪਹਿਲੇ ਪੜਾਅ ਵਿਚ ਸੂਬੇ ਦੇ 117 ਸਰਕਾਰੀ ਸਕੂਲਾਂ 'ਚ ਵਿਜ਼ਟਿੰਗ ਫੈਕਲਟੀ ਨਿਯੁਕਤ ਕੀਤੇ ਜਾਣਗੇ ਅਤੇ ਉਸ ਤੋਂ ਬਾਅਦ ਬਾਕੀ ਸਕੂਲਾਂ ਵਿੱਚ ਇਹ ਨਿਯੁਕਤੀਆਂ ਕੀਤੀਆਂ ਜਾਣੀਆਂ ਹਨ।

ਡੀਟੀਐੱਫ ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਕਿਹਾ ਕਿ ਜੱਥੇਬੰਦੀ ਵੱਲੋਂ ਸਰਕਾਰ ਦੀ ਇਸ ਸਾਜ਼ਿਸ਼ ਦਾ ਲੋਕਾਂ ਵਿੱਚ ਪਰਦਾ ਫਾਸ਼ ਕਰਦੇ ਹੋਏ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਪਹਿਲਾਂ ਸ਼ੁਰੂ ਕੀਤੀ ਲੈਕਚਰਾਰਾਂ ਦੀ ਭਰਤੀ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਜਾਵੇ ਅਤੇ ਵਿਜ਼ਟਿੰਗ ਫੈਕਲਟੀ ਦੀ ਥਾਂ ਸਕੂਲਾਂ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੇ ਇਸ਼ਤਿਹਾਰ ਜਾਰੀ ਕਰਕੇ ਬੇਰੁਜ਼ਗਾਰ ਅਧਿਆਪਕਾਂ ਨੂੰ ਭਰਤੀ ਦਾ ਮੌਕਾ ਦਿੱਤਾ ਜਾਵੇ।

# ਨੌਜਵਾਨ ਯੂਥ ਆਗੂ ਕਰਨਵੀਰ ਕਟਾਰੀਆ ਨੇ ਸੀਵਰ ਟ੍ਰੀਟਮੈਂਟ ਪਲਾਂਟ ਦਾ ਨਿਰੀਖਣ ਕੀਤਾ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੰਜਾਬ ਦੇ ਹਰੇਕ ਸ਼ਹਿਰ ਨੂੰ ਸੀਵਰ ਟ੍ਰੀਟਮੈਂਟ ਪਲਾਂਟ ਮੁਹਇਆ ਕਰਵਾਏ ਜਾ ਰਹੇ ਹਨ ਤਾਂ ਜੋ ਸ਼ਹਿਰ ਦਾ ਗੰਦਾ ਪਾਣੀ ਸਾਫ ਕਰਕੇ ਉਸਨੂੰ




ਖੇਤਾਂ ਵਿੱਚ ਉਪਯੋਗੀ ਬਣਾਇਆ ਜਾ ਸਕੇ ਤੇ ਗੰਦੇ ਪਾਣੀ ਦੀ ਰਹਿੰਦ ਖੂੰਹਦ ਨੂੰ ਖੇਤਾਂ ਲਈ ਖਾਦ ਦੇ ਤੌਰ ਤੇ ਵਰਤਿਆ ਜਾ ਸਕੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਨਵੀਰ ਕਟਾਰੀਆ ਨੌਜਵਾਨ ਯੂਥ ਆਗੂ ਆਮ ਆਦਮੀ ਪਾਰਟੀ ਨੇ ਬਲਾਚੌਰ ਆਮ ਆਦਮੀ ਪਾਰਟੀ ਦੇ ਨੇਤਾਵਾਂ ਨਾਲ ਸੀਵਰ ਟ੍ਰੀਟਮੈਂਟ ਪਲਾਂਟ ਚੰਡੀਗੜ੍ਹ ਰੋਡ ਬਲਾਚੌਰ ਵਿਖੇ ਕੀਤਾ। ਕਰਨਵੀਰ ਕਟਾਰੀਆ ਨੇ ਕਿਹਾ ਕਿ ਵਿਧਾਇਕ ਸੰਤੋਸ਼ ਕਟਾਰੀਆ ਦੇ ਯਤਨਾਂ ਸਦਕਾ ਬਲਾਚੌਰ ਸ਼ਹਿਰ ਵਿੱਚ ਜੋ ਵਾਰ ਵਾਰ ਸੀਵਰ ਦੀ ਪਾਈਪ ਲਾਈਨ ਬੰਦ ਹੁੰਦੀ ਹੈ ਉਸਤੋਂ ਜਲਦ ਹੀ ਸ਼ਹਿਰ ਵਾਸੀਆਂ ਨੂੰ ਨਿਜਾਤ ਮਿਲਣ ਜਾ ਰਹੀ ਹੈ। ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਹਲਕਾ ਬਲਾਚੌਰ ਤੇ ਜਿਲ੍ਹਾ ਮੀਡੀਆ ਇੰਚਾਰਜ ਨੇ ਕਿਹਾ ਕਿ ਪਿਛਲੀ ਸਮੇਂ ਦੀ ਕਾਂਗਰਸ ਸਰਕਾਰ ਦੇ ਦਬਾਅ ਕਾਰਨ ਬਿਨਾਂ ਸੀਵਰ ਟ੍ਰੀਟਮੈਂਟ ਪਲਾਂਟ ਚਲਾਏ ਹੀ ਸੀਵਰ ਲਾਈਨ ਚਾਲੂ ਕਰ ਦਿੱਤੀ ਗਈ ਸੀ ਜਿਸ ਕਰਨ ਸ਼ਹਿਰ ਵਿੱਚ ਥਾਂ ਥਾਂ ਗੰਦੇ ਪਾਣੀ ਦੀ ਨਿਕਾਸੀ ਹੋਣੀ ਰੁਕ ਗਈ ਸੀ। ਇਸ ਮੌਕੇ ਹਨੀ ਡੱਬ ਪ੍ਰਧਾਨ ਸ਼ਹਿਰ ਬਲਾਚੌਰ, ਪ੍ਰਵੀਨ ਪੱਪਾ ਪੁਰੀ, ਕੁਲਦੀਪ ਸਿੰਘ, ਜੌਲੀ ਬੈਂਸ ਆਦਿ ਹਾਜ਼ਰ ਸਨ।

# ਸਿਰਮੌਰ ਗਦਰੀ ਕ੍ਰਾਂਤੀਕਾਰੀ ਸ਼ਹੀਦ ਬੰਤਾ ਸਿੰਘ ਸੰਘਵਾਲ

ਸੀਤਾ ਰਾਮ ਬਾਂਸਲ

ਮੇਰੀ ਰਾਮ ਕਹਾਣੀ ਵਿੱਚ ਬਾਬਾ ਸੋਹਣ ਸਿੰਘ ਭਕਨਾ ਨੇ ਅਮਰੀਕਾ ਵਿੱਚ ਹੋਈ ਪਹਿਲ ਪਲੱਕੜੀ ਮੀਟਿੰਗ ਬਾਰੇ ਲਿਖਿਆ ਹੈ – 'ਐਤਵਾਰ ਨੂੰ ਹਿੰਦੀਆਂ ਦਾ ਇੱਕ ਆਮ ਇਜਲਾਸ ਕੀਤਾ ਗਿਆ ਜਿਸ ਵਿੱਚ ਕੌਮੀ ਬੇਇਜਤੀ ਤੇ ਉਸਦੇ ਕਾਰਨਾ ਪੁਰ ਖੁੱਲ੍ਹੀ ਵਿਚਾਰ ਤੇ ਚਰਚਾਵਾਦ ਹੁੰਦੀ ਰਹੀ। ਆਖਰ ਸਾਰਿਆਂ ਇਸ ਗੱਲ ਨੂੰ ਮੰਨਿਆਂ ਕਿ ਸਾਡੀਆਂ ਸਾਰੀਆਂ ਬੇਪੱਤੀਆਂ ਦੀ ਜੜ੍ਹ ਸਾਡੀ ਗੁਲਾਮੀ ਹੀ ਹੈ। ਜਦੋਂ ਤਕ ਆਜ਼ਾਦੀ ਪ੍ਰਾਪਤ ਨਾ ਹੋਵੇਗੀ ਉਦੋਂ ਤੱਕ ਦੁਨੀਆਂ ਵਿੱਚ ਸਾਡੀ ਇਹ ਦੁਰਦਸ਼ਾ ਹੁੰਦੀ ਹੀ ਰਹੇਗੀ। ਉਪਰੰਤ ਇਸ ਰੋਗ ਦੇ ਇਲਾਜ ਦਾ ਸਵਾਲ ਪੇਸ਼ ਹੋਇਆ ਤੇ ਆਮ ਰਾਇ ਦੇ ਅਧਾਰ ਪੁਰ ਫੈਸਲਾ ਹੋਇਆ ਕਿ ਖਾਲਸ ਹਿੰਦੀਆਂ ਦੀ ਸਭਾ ਕਾਇਮ ਕੀਤੀ ਜਾਵੇ ਜੋ ਮਜ੍ਹਬੀ ਝਗੜੇ ਝਾਂਝੇ ਤੋਂ ਨਿਰਲੇਪ ਹੋਵੇ। ਇਸ ਪੁਰ ਕਈ ਦੇਸ਼ ਭਗਤਾਂ ਨੇ ਆਪਣੇ ਨਾਮ ਪੇਸ਼ ਕੀਤੇ ਅਤੇ ਤਨ, ਮਨ ਤੇ ਧਨ ਦਵਾਰਾ ਸੇਵਾ ਕਰਨ ਦਾ ਪ੍ਰਣ ਕੀਤਾ। ਇਹਨਾਂ ਪ੍ਰਣ ਕਰਨ ਵਾਲਿਆਂ ਵਿੱਚੋਂ ਭਾ: ਬਨਤਾ ਸਿੰਘ ( ਭਾਈ ਬੰਤਾ ਸਿੰਘ ਸੰਘਵਾਲ) ਦਾ ਨਾਮ ਖਾਸ ਹੈ ਜਿਹਨਾ ਨੇ ਕਹਿਣੀ ਨੂੰ ਪੂਰਨ ਰੂਪ ਵਿੱਚ ਕਰਨੀ ਦੇ ਸੱਚੇ ਵਿੱਚ ਢਾਲ ਵਿਖਾਯਾ ਤੇ ਜੰਮਣ ਭੂਮੀ ਦੇ ਨਾਮ ਪੁਰ ਆਪਣਾ ਤਨ, ਮਨ, ਧਨ ਸਭ ਕੁਝ ਵਾਰ ਸੁੱਟਿਆ।'

ਸ਼ਹੀਦ ਬੰਤਾ ਸਿੰਘ ਸੰਘਵਾਲ ਨੇ ਸੱਚਮੁੱਚ ਆਪਣਾ ਜੀਵਨ ਗਦਰ ਪਾਰਟੀ ਦੇ ਆਦਰਸ਼ਾਂ ਤੇ ਪਹਿਰਾ ਦਿੰਦੇ ਹੋਏ ਦੇਸ਼ ਦੀ ਖਾਤਰ ਕੁਰਬਾਨ ਕਰ ਦਿੱਤਾ। ਗਦਰ ਲਹਿਰ ਦੇ ਕਈ ਕੰਮਾਂ ਚ ਜਾਂ ਤਾਂ ਆਪ ਨੇ ਪਹਿਲ ਕੀਤੀ ਜਾਂ ਪਹਿਲ ਕਰਨ ਵਾਲਿਆਂ ਚੋਂ ਇੱਕ ਸਨ। ਗਦਰ ਲਹਿਰ ਦੇ ਮੁਕੱਦਮਿਆਂ ਨੂੰ ਘੋਖਦਿਆਂ ਇਹ ਤੱਥ ਪਤਾ ਲੱਗੇ ਹਨ।

ਗਦਰ ਪਾਰਟੀ ਨੇ ਗਦਰ ਦੀ ਨੀਤੀ, ਯੁੱਧ ਨੀਤੀ ਅਤੇ ਦੁਨੀਆਂ ਭਰ ਦੇ ਜੁਝਾਰੂ ਅੰਦੋਲਨਾਂ ਦੇ ਤਜਰਬਿਆਂ ਦੇ ਨਚੋੜ ਤੋਂ ਜੋ ਕਾਰਜ ਵਿਧੀ ਤਿਆਰ ਕੀਤੀ ਉਸ ਵਿੱਚ ਅੱਠ ਗੱਲਾਂ ਪ੍ਰਮੁੱਖ ਸਨ – ਖੁਫੀਆ ਸਭਾ ਸੁਸਾਇਟੀਆਂ ਬਣਾਓ ਤੇ ਖੁਫੀਆ ਕੰਮ ਕਰੋ, ਪਹਿਲੇ ਸੰਸਾਰ ਯੁੱਧ ਦੇ ਮੌਕੇ ਤੋਂ ਲਾਭ ਉਠਾਓ, ਹਿੰਦੀ ਫੌਜੀਆਂ ਨੂੰ ਨਾਬਰੀ ਲਈ ਪ੍ਰੇਰਕੇ ਫੌਜਾਂ ਵਿੱਚ ਬਗਾਵਤ ਫੈਲਾਓ, ਦੁਸ਼ਮਣ ਦਾ ਦੁਸ਼ਮਣ ਦੋਸਤ ਦੇ ਦਾਅ-ਪੇਚ ਅਨੁਸਾਰ ਬਰਤਾਨਵੀ ਸਾਮਰਾਜ ਦੇ ਦੁਸ਼ਮਣਾ (ਜਰਮਨੀ ਆਦਿ) ਤੇ ਆਪਣੀ ਕੌਮੀ ਆਜ਼ਾਦੀ ਲਈ ਲੜ ਰਹੇ ਸਾਰੇ ਸੰਗਠਨਾਂ ਨਾਲ ਗਠਜੋੜ ਕਰੋ, ਗੁਰੀਲਾ ਯੁੱਧ ਦੀ ਵਿਧੀ ਨਾਲ ਦੁਸ਼ਮਣ ਉੱਤੇ ਸਿੱਧਾ ਹਮਲਾ ਕਰੋ, ਸਰਕਾਰ ਨੂੰ ਲਗਾਨ / ਮਾਮਲਾ ਦੇਣਾ ਬੰਦ ਕਰੋ, ਸਰਕਾਰੀ ਏਜੰਟਾਂ (ਗੱਦਾਰਾਂ) ਤੇ ਮੁਖਬਰਾਂ ਨੂੰ ਸੋਧੋ, ਸੰਗਠਨ ਤੇ ਹਥਿਆਰਾਂ ਲਈ ਮਾਇਆ ਇਕੱਤਰ ਕਰਨ ਲਈ ਡਾਕੇ ਮਾਰੋ।

ਗਦਰ ਅਖਬਾਰ ਵਿੱਚ ਸਿੱਖ ਇਤਿਹਾਸ ਵਿੱਚੋਂ ਉਦਾਹਰਨਾਂ ਦੇ ਕੇ ਪਾਠਕਾਂ ਨੂੰ ਗੁਲਾਮੀ ਦੇ ਵਿਰੁੱਧ ਹਥਿਆਰ ਚੱਕ ਕੇ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਸੀ। ਦੁਨੀਆਂ ਭਰ ਵਿੱਚ ਗੁਲਾਮੀ ਦਾ ਜੂਲ਼ਾ ਲਾਹੁਣ ਲਈ ਲੜ ਰਹੇ ਲੋਕਾਂ ਦੇ ਸੰਘਰਸ਼ ਬਾਰੇ ਲੇਖ ਖਬਰਾਂ ਛਾਪੀਆਂ ਜਾਂਦੀਆਂ ਸਨ।

ਰੱਜੇ-ਪੁਜੇ ਘਰ ਚ ਜੰਮੇ-ਪਲ਼ੇ, ਕਨੇਡਾ ਅਤੇ ਅਮਰੀਕਾ ਚ ਰਹਿੰਦਿਆਂ ਗਦਰ ਪਾਰਟੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਖਾਤਰ ਤਨ, ਮਨ, ਧਨ ਸਭ ਕੁਝ ਦੇਸ਼ ਦੀ ਆਜ਼ਾਦੀ ਲਈ ਵਾਰਨ ਦਾ ਪ੍ਰਣ ਕਰਨ ਵਾਲੇ ਪਹਿਲੇ ਸੂਰਮਿਆਂ ਚ ਬੰਤਾ ਸਿੰਘ ਦਾ ਖਾਸ ਸਥਾਨ ਹੈ।



ਪਾਰਟੀ ਫੈਸਲੇ ਅਨੁਸਾਰ ਕੁਝ ਗਦਰੀਆਂ ਨੂੰ ਦੇਸ਼ ਪਰਤ ਕੇ ਹੋਣ ਵਾਲੇ ਗਦਰ ਲਈ ਅਧਾਰ ਤਿਆਰ ਕਰਨ ਲਈ ਕਿਹਾ ਗਿਆ ਤਾਂ ਆਪ ਨੇ ਪਹਿਲ ਕੀਤੀ ਤੇ ਦੇਸ਼ ਪਰਤ ਆਏ। ਗਦਰੀ ਦੇਸ਼ ਭਗਤ ਦੇਸ਼ ਨੂੰ ਆਜ਼ਾਦ ਕਰਾ ਕੇ ਸਭ ਲਈ ਆਜ਼ਾਦੀ ਅਤੇ ਬਰਾਬਰੀ ਤੇ ਅਧਾਰਿਤ ਇਸਨੂੰ ਜਮਹੂਰੀ ਪੰਚਾਇਤੀ ਗਣਰਾਜ ਬਣਾਉਣਾ ਚਾਹੁੰਦੇ ਸਨ। ਆਪ ਨੇ ਸਭ ਤੋਂ ਪਹਿਲਾਂ ਪੰਚਾਇਤ ਬਣਾਈ ਜਿਸ ਵਿੱਚ ਸਰਵਸੰਮਤੀ ਨਾਲ ਫੈਸਲੇ ਹੁੰਦੇ ਸਨ। ਪਹਿਲੀ ਸੰਸਾਰ ਜੰਗ ਲਗਦਿਆਂ ਅਗਸਤ 1914 ਚ ਗਦਰੀ ਨੇਤਾਵਾਂ ਨੇ ਐਲਾਨ-ਏ-ਜੰਗ ਛਾਪ ਕੇ ਵੱਖ-ਵੱਖ ਦੇਸ਼ਾਂ ਚ ਵਸਦੇ ਭਾਰਤੀਆਂ ਨੂੰ ਦੇਸ਼ ਜਾ ਕੇ ਅੰਗਰੇਜੀ ਰਾਜ ਦਾ ਜੂਲਾ ਲਾਹੁਣ ਲਈ ਗਦਰ ਕਰਨ ਦਾ ਸੱਦਾ ਦਿੱਤਾ। ਹਜਾਰਾਂ ਗਦਰੀ ਦੇਸ਼ ਭਗਤ ਦੇਸ਼ ਪਰਤ ਆਏ। ਪ੍ਰਮੱਖ ਗਦਰੀ ਨੇਤਾ ਜਹਾਜਾਂ ਤੋਂ ਹੀ ਗ੍ਰਿਫਤਾਰ ਕਰ ਲਏ। ਬਚਕੇ ਆਏ ਗਦਰੀਆਂ ਨੇ ਸਿਰ ਤਲੀ ਤੇ ਧਰਕੇ ਗਦਰ ਲਈ ਕੰਮ ਕਰਨਾ ਸ਼ੁਰੂ ਕੀਤਾ। ਬੰਤਾ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਨੇ ਸੰਘਵਾਲ ਦੇ ਆਲੇ-ਦੁਆਲੇ ਦੇ ਪਿੰਡਾਂ ਚ ਗਦਰ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ।

ਸੰਘਵਾਲ ਦੁਆਬੇ ਚ ਗਦਰ ਦਾ ਸਬ ਸੈਂਟਰ ਬਣ ਗਿਆ। ਗਦਰੀ ਲਿਖਤਾਂ ਛਾਪਕੇ ਆਮ ਲੋਕਾਂ ਅਤੇ ਫੌਜੀਆਂ ਵਿੱਚ ਵੰਡਣ ਲਈ ਬੰਤਾ ਸਿੰਘ ਨੇ ਸੰਘਵਾਲ 'ਚ ਪ੍ਰਿੰਟਿੰਗ ਪ੍ਰੈਸ ਲਾਉਣ ਦੀ ਪਹਿਲ ਕੀਤੀ ਜਿੱਥੇ ਗਦਰ ਅਖਬਾਰ ਤੇ ਹੋਰ ਲਿਖਤਾਂ ਨੂੰ ਦੁਬਾਰਾ ਛਾਪ ਕੇ ਖੁਦ ਲੋਕਾਂ ਵਿੱਚ ਵੰਡਿਆ। ਵਿਸ਼ਨੂੰ ਗਣੇਸ਼ ਪਿੰਗਲੇ ਦੇ ਕਹਿਣ ਤੇ ਰੂੜ ਸਿੰਘ ਸੰਘਵਾਲ ਨੇ ਇਹ ਪ੍ਰਿੰਟਿੰਗ ਪ੍ਰੈਸ ਸੰਘਵਾਲ ਤੋਂ ਅੰਮ੍ਰਿਤਸਰ ਲੈਜਾਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਵਾਅਦਾ ਮੁਆਫ ਗਵਾਹ ਮੂਲਾ ਸਿੰਘ ਨੇ ਆਪਣੇ ਬਿਆਨ ਚ ਇਸ ਪ੍ਰਿੰਟਿੰਗ ਪ੍ਰੈਸ ਬਾਰੇ ਜਿਕਰ ਕੀਤਾ ਸੀ।

ਸਪੈਸ਼ਲ ਟ੍ਰਿਬਿਊਨਲ ਦੇ ਜੱਜਾਂ ਨੇ ਗਦਰੀਆਂ ਦੇ ਮੁਕੱਦਮੇ ਦੇ ਫੈਸਲੇ ਚ ਲਿਖਿਆ ਹੈ ਕਿ ਸੰਘਵਾਲ ਦੇ ਗਦਰੀ ਗਦਰ ਲਹਿਰ ਦੀ ਅਗਵਾਈ ਕਰ ਰਹੇ ਸਨ। ਸਾਰੇ ਸਬੂਤਾਂ ਅਤੇ ਗਵਾਹਾਂ ਤੋਂ ਇਹ ਸਾਬਤ ਹੋ ਗਿਆ ਸੀ ਕਿ ਬੰਤਾ ਸਿੰਘ ਨੇ ਹੀ ਆਪਣੇ ਪਿੰਡ ਵਾਸੀ ਡਾਕਟਰ ਰੂੜ ਸਿੰਘ ਨੂੰ ਦੇਸ਼ ਭਗਤੀ ਦੀ ਪਾਣ ਚਾੜ੍ਹਕੇ ਗਦਰ ਲਈ ਤਿਆਰ ਕੀਤਾ ਸੀ। ਸਰਕਾਰੀ ਰਿਕਾਰਡ ਘੋਖਦਿਆਂ ਪਤਾ ਲੱਗਾ ਕਿ ਸ਼ਹੀਦ ਰੂੜ ਸਿੰਘ ਸੰਘਵਾਲ ਨੇ ਜਿਹੜਾ ਲਿਖਤੀ ਬਿਆਨ ਮੈਜਿਸਟ੍ਰੇਟ ਨੂੰ ਦਿੱਤਾ ਸੀ ਤੇ ਫਿਰ ਉਸ ਤੋਂ ਉਹ ਮੁਕਰਿਆ ਨਹੀਂ, ਉਸ ਵਿੱਚ ਬੰਤਾ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਬਾਰੇ ਲਿਖਿਆ ਸੀ ਕਿ ਉਹ ਤਾਂ ਇਕੱਠਾਂ ਵਿੱਚ ਸਰੋਤੇ ਹੁੰਦੇ ਸਨ। ਇਹ ਦੋਹਾਂ ਨੂੰ ਸਜ਼ਾ ਤੋਂ ਬਚਾਉਣ ਲਈ ਲਿਖਿਆ ਸੀ। ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡ ਵਿੱਚ ਸਕੂਲ ਅਤੇ ਲਾਇਬਰੇਰੀ ਖੋਲਣਾ ਦੱਸਦਾ ਹੈ ਕਿ ਬੰਤਾ ਸਿੰਘ ਦੀ ਸੋਚ ਲੋਕਾਂ ਨੂੰ ਇਨਕਲਾਬੀ ਰੰਗ ਵਿੱਚ ਰੰਗ ਕੇ ਗ਼ਦਰ ਲਈ ਤਿਆਰ ਕਰਨ ਦੀ ਸੀ।

ਜ਼ੈਲਦਾਰ ਚੰਦਾ ਸਿੰਘ ਨੰਗਲ ਕਲਾਂ (ਹੁਸ਼ਿਆਰਪੁਰ) ਨੇ ਪ੍ਰਮੁੱਖ ਗ਼ਦਰੀ ਲੀਡਰ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫਤਾਰ ਕਰਵਾਇਆ ਸੀ। ਉਹ ਗ਼ਦਰੀ ਜਵੰਦ ਸਿੰਘ ਅਤੇ ਉਜਾਗਰ ਸਿੰਘ ਦੀ ਮੁਖਬਰੀ ਕਰਦਾ ਸੀ। ਬੰਤਾ ਸਿੰਘ ਅਤੇ ਬੂਟਾ ਸਿੰਘ ਬਹਾਨੇ ਨਾਲ ਉਸ ਦੇ ਘਰ ਵਿੱਚ ਗਏ ਅਤੇ ਬੰਤਾ ਸਿੰਘ ਨੇ ਪਿਸਤੌਲ ਦੇ ਦੋ ਫਾਇਰ ਕਰਕੇ 25.4.1915 ਨੂੰ ਇਸ ਮੁਖਬਰ ਨੂੰ ਮਾਰ ਦਿੱਤਾ ਸੀ। ਇਹ ਕਤਲ ਗਦਰੀਆਂ ਨੇ ਬਕਾਇਦਾ ਐਲਾਨ ਕਰਕੇ ਅਤੇ ਜੈਲਦਾਰ ਚੰਦਾ ਸਿੰਘ ਨੂੰ ਲਲਕਾਰ ਕੇ ਕੀਤਾ ਸੀ। ਗਦਰੀ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫਤਾਰ ਕਰਾਉਣ ਬਦਲੇ ਸਰਕਾਰ ਨੇ ਜੈਲਦਾਰ ਚੰਦਾ ਸਿੰਘ ਨੂੰ ਪੰਜ ਮੁਰੱਬੇ (125 ਏਕੜ) ਜਮੀਨ ਮਿੰਟਗੁਮਰੀ ਜਿਲ੍ਹੇ ਵਿੱਚ ਬਤੌਰ ਇਨਾਮ ਦਿੱਤੀ ਸੀ।

ਗ਼ਦਰੀਆਂ ਦੇ ਮਾਲਵੇ ਵਿਚਲੇ ਸਬ ਸੈਂਟਰ ਢੁੱਡੀਕੇ ਵਿੱਚ ਕਪੂਰਥਲਾ ਦੇ ਅਸਲਾਖਾਨੇ ਨੂੰ ਲੁੱਟਣ ਦੀ ਸਕੀਮ ਬਣੀ। ਕਪੂਰਥਲੇ ਦੇ ਹੌਲਦਾਰ ਭਗਵਾਨ ਸਿੰਘ ਦੀ ਅਸਲਖਾਨੇ 'ਤੇ ਹਮਲਾ ਕਰਨ ਵਿੱਚ ਮੱਦਦ ਲੈਣ ਲਈ ਬੰਤਾ ਸਿੰਘ ਨੇ ਸਭ ਤੋਂ ਪਹਿਲਾ ਫਰਵਰੀ 1915 ਵਿੱਚ ਪਹੁੰਚ ਕੀਤੀ ਸੀ। ਬੰਤਾ ਸਿੰਘ ਨੇ ਸਭ ਤੋਂ ਪਹਿਲਾਂ ਜਾ ਕੇ ਕਪੂਰਥਲਾ ਅਸਲਾਖਾਨੇ ਅਤੇ ਨੇੜੇ-ਤੇੜੇ ਦੀਆਂ ਸਾਰੀਆਂ ਜਗ੍ਹਾ ਦਾ ਸਰਵੇ ਕੀਤਾ ਸੀ। 5 ਜੂਨ, 1915 ਨੂੰ ਗ਼ਦਰੀ ਅਸਲਾਖਾਨੇ ਦੇ ਨੇੜੇ ਇਕੱਠੇ ਹੋਏ ਪਰ ਗਿਣਤੀ ਘੱਟ ਹੋਣ ਕਰਕੇ ਕਿਸੇ ਹੋਰ ਦਿਨ ਹਮਲਾ ਕਰਨ ਦੀ ਸਕੀਮ ਬਣਾ ਕੇ ਉਥੋਂ ਚਲੇ ਗਏ ਸਨ।ਬਾਅਦ 'ਚ ਹੌਲਦਾਰ ਭਗਵਾਨ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ।

ਬੰਤਾ ਸਿੰਘ ਤੇ ਸਾਥੀਆਂ ਦੀਆਂ ਇਹਨਾਂ ਗਤੀਵਿਧੀਆਂ ਨੂੰ ਫਰਵਰੀ 1915 ਦੇ ਗ਼ਦਰ ਦੇ ਅਸਫਲ ਹੋਣ ਪਿਛੋਂ ਗ਼ਦਰ ਲਹਿਰ ਦੀ ਪੁਨਰ ਸੁਰਜੀਤੀ ਮੰਨਿਆ ਸੀ। ਮੰਡੀ ਰਿਆਸਤ ਹਿਮਾਚਲ ਪ੍ਰਦੇਸ ਵਿੱਚ ਗ਼ਦਰੀਆਂ ਨੇ ਬਗ਼ਾਵਤ ਕਰਾਉਣ ਲਈ ਰਾਜੇ ਦੇ ਇੱਕ ਭਤੀਜੇ ਅਤੇ ਰਾਣੀ ਨੂੰ ਆਪਣੇ ਨਾਲ ਸਹਿਮਤ ਕਰ ਲਿਆ ਸੀ। ਇਸਦੀ ਅਗਵਾਈ ਕਰ ਰਹੇ ਗ਼ਦਰੀ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਰਾਣੀ ਨੇ ਕਿਹਾ ਸੀ ਕਿ ਉਹ ਪੰਜਾਬ ਤੋਂ ਗ਼ਦਰੀਆਂ ਨੂੰ ਲੈ ਆਵੇ ਤਾਂ ਉਹ ਬਗ਼ਾਵਤ ਕਰਾਉਣ ਵਿੱਚ ਪੂਰਾ ਸਹਿਯੋਗ ਕਰੇਗੀ। ਬੰਤਾ ਸਿੰਘ ਨੇ ਨਿਧਾਨ ਸਿੰਘ ਚੁੱਘਾ ਨਾਲ ਮੰਡੀ ਰਿਆਸਤ ਵਿਚ ਬਗ਼ਾਵਤ ਵਿੱਚ ਹਿੱਸਾ ਲੈਣ ਲਈ ਪੂਰੀ ਤਿਆਰੀ ਕਰ ਲਈ ਸੀ। ਨਿਧਾਨ ਸਿੰਘ ਚੁੱਘਾ ਦੀ ਗ੍ਰਿਫਤਾਰੀ ਤੋਂ ਬਾਅਦ ਇਹ ਯੋਜਨਾ ਅਧੂਰੀ ਰਹਿ ਗਈ ਸੀ।

ਝਾੜ ਸਹਿਬ ਅੰਮ੍ਰਿਤਸਰ ਗੁਰੁਦੁਆਰੇ ਗ਼ਦਰੀਆਂ ਨੇ ਘੋੜ ਸਵਾਰ ਰਸਾਲੇ ਦੇ ਫੌਜੀਆਂ ਨਾਲ ਮੀਟਿੰਗ ਕੀਤੀ ਅਤੇ ਗ਼ਦਰ ਕਰਨ ਦੀ ਯੋਜਨਾ 'ਤੇ ਵਿਚਾਰ ਕੀਤੀ। ਇਥੇ ਹੋਈ ਮੀਟਿੰਗ ਦੀ ਸ਼ਾਹੂਕਾਰ ਕਪੂਰ ਸਿੰਘ ਪੱਧਰੀ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕੋਲ ਮੁਖਬਰੀ ਕਰਕੇ ਗ਼ਦਰੀਆਂ ਦਾ ਬਹੁਤ ਨੁਕਸਾਨ ਕੀਤਾ ਸੀ। ਬੰਤਾ ਸਿੰਘ ਤੇ ਜਵੰਦ ਸਿੰਘ ਦੋਹਾਂ ਨੇ ਪੱਧਰੀ ਜ਼ਿਲਾ ਅੰਮ੍ਰਿਤਸਰ ਜਾ ਕੇ ਸ਼ਾਹੂਕਾਰ ਕਪੂਰ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ ਪਰ ਸਫਲਤਾ ਨਹੀਂ ਮਿਲੀ। ਇਸ ਬਦਨਾਮ ਮੁਖਬਰ ਸ਼ਾਹੂਕਾਰ ਨੂੰ ਗ਼ਦਰੀਆਂ ਨੇ ਬੰਤਾ ਸਿੰਘ ਦੀ ਫਾਂਸੀ ਤੋਂ ਦਸ ਦਿਨ ਪਹਿਲਾਂ 2 ਅਗਸਤ ਨੂੰ ਪੱਧਰੀ ਖੂਹ 'ਤੇ ਨਹਾਉਂਦੇ ਨੂੰ ਮਾਰ ਦਿੱਤਾ ਸੀ।

ਅੰਮ੍ਰਿਤਸਰ ਨੇੜੇ ਵੱਲਾ ਰੇਲਵੇ ਪੁੱਲ 'ਤੇ ਤਾਇਨਾਤ 42ਵੀਂ ਦਿਉਲੀ ਰੈਜਮੈਂਟ ਦੀ ਗਾਰਦ ਕੋਲੋਂ ਹਥਿਆਰ ਖੋਹਣ ਲਈ ਬੰਤਾ ਸਿੰਘ, ਕਾਲਾ ਸਿੰਘ, ਚੰਨਣ ਸਿੰਘ, ਆਤਮਾ ਸਿੰਘ, ਹਰਨਾਮ ਸਿੰਘ ਅਤੇ ਜਵੰਦ ਸਿੰਘ ਨੇ 12 ਜੂਨ, 1915 ਦੀ ਰਾਤ ਨੂੰ ਹਮਲਾ ਕੀਤਾ। ਪੁੱਲ ਤੋਂ ਲੰਘਦੀ ਰੇਲ ਗੱਡੀ ਦੀ ਆਵਾਜ਼ ਵਿੱਚ ਰਾਤੀਂ ਇੱਕ ਵਜੇ ਸਾਰੇ ਗ਼ਦਰੀ ਗਾਰਦ ਵੱਲ ਵਧੇ। ਬੰਤਾ ਸਿੰਘ ਨੇ ਸਭ ਤੋਂ ਪਹਿਲਾਂ ਸਿਪਾਹੀ ਫੂਲ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਦੌਰਾਨ ਨਾਇਕ ਚਤਰ ਸਿੰਘ ਵੀ ਮਾਰਿਆ ਗਿਆ। ਗਦਰੀ 6 ਰਾਈਫਲਾਂ ਅਤੇ ਗੋਲੀਆਂ ਖੋਹ ਕੇ ਉਥੋਂ ਗੋਇੰਦਵਾਲ ਵੱਲ ਆ ਰਹੇ ਸੀ ਕਿ ਗੁਲਾਬ ਨਾਂ ਦੇ ਰਾਹਗੀਰ ਕੋਲੋਂ ਘੋੜਾ ਮੰਗਿਆ, ਉਹਦੇ ਇਨਕਾਰ ਕਰਨ 'ਤੇ ਉਸਨੂੰ ਗੋਲੀ ਮਾਰ ਕੇ ਘੋੜਾ ਖੋਹ ਲਿਆ। ਗੋਇੰਦਵਾਲ ਦੇ ਪੱਤਣ 'ਤੇ ਗ਼ਦਰੀ ਇੱਕ ਬੇੜੀ ਵਿੱਚ ਸਵਾਰ ਹੋਏ ਤਾਂ ਪੱਤਣ 'ਤੇ ਖੜੇ ਮਲੰਗ ਨਾਂ ਦੇ ਬੰਦੇ ਨੇ ਉਸ ਬੇੜੀ ਦੇ ਮਲਾਹ ਨੂੰ ਇਹਨਾਂ ਗ਼ਦਰੀਆਂ ਨੂੰ ਦਰਿਆਉਂ ਪਾਰ ਲਿਜਾਣ ਤੋਂ ਮਨਾ ਕੀਤਾ। ਗ਼ਦਰੀਆਂ ਨੇ ਮਲੰਗ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਪੁਲਿਸ ਦੀਆਂ ਅੰਨੇਵਾਹ ਗੋ-ਲੀਆਂ ਦਾ ਮੁਕਾਬਲਾ ਕਰਦੇ ਹੋਏ ਗ਼ਦਰੀ ਦਰਿਆ ਪਾਰ ਕਰਕੇ ਕਪੂਰਥਲਾ ਰਿਆਸਤ ਵਿੱਚ ਆ ਗਏ ਸਨ।

ਲਾਹੌਰ ਸਾਜ਼ਿਸ਼ ਕੇਸ ਦੇ ਸਪੈਸ਼ਲ ਟ੍ਰਿਬਿਊਨਲ ਸਾਹਮਣੇ ਸੰਘਵਾਲ ਪਿੰਡ ਦਾ ਰਲਾ ਲੰਬੜਦਾਰ ਆਪਣੇ ਬਿਆਨ ਵਿੱਚ ਬੰਤਾ ਸਿੰਘ ਦੀ ਬਹੁਪੱਖੀ ਇਨਕਲਾਬੀ ਸਖਸ਼ੀਅਤ ਦਾ ਖੁਲਾਸਾ ਕਰਦਾ ਹੈ- ਬੰਤਾ ਸਿੰਘ ਅਤੇ ਹਰਨਾਮ ਸਿੰਘ (ਟੁੰਡੀਲਾਟ) ਮੈਨੂੰ ਮਾਘ ਮਹੀਨੇ ਵਿੱਚ ਕਹਿੰਦੇ ਸਨ ਕਿ ਮੈਂ ਸਰਕਾਰ ਨੂੰ ਲਗਾਨ ਨਾ ਦੇਵਾਂ ਅਤੇ ਲਗਾਨ ਇਕੱਠਾ ਕਰਕੇ ਸਰਕਾਰੀ ਖਜ਼ਾਨੇ ਵਿੱਚ ਜਮਾਂ ਨਾ ਕਰਵਾਵਾਂ। ਬੰਤਾ ਸਿੰਘ ਲੋਕਾਂ ਨੂੰ ਸੁਸਾਇਟੀਆਂ ਬਣਾਉਣ, ਲੰਬੜਦਾਰਾਂ ਕੋਲ ਲਗਾਨ ਜਮਾਂ ਨਾ ਕਰਾਉਣ ਅਤੇ ਜਦੋਂ ਲੰਬੜਦਾਰ ਲਗਾਨ ਖਜ਼ਾਨੇ ਵਿੱਚ ਜਮਾਂ ਕਰਵਾਉਣ ਜਾਣ ਲੰਬੜਦਾਰਾਂ ਤੋਂ ਲਗਾਨ ਦੀ ਰਕਮ ਖੋਹਣ ਲਈ ਕਹਿੰਦਾ ਸੀ, ਅਦਾਲਤਾਂ ਦਾ ਬਾਈਕਾਟ ਕਰਨ ਲਈ ਪ੍ਰੇਰਿਤ ਕਰਦਾ ਸੀ, ਪਿੰਡ ਪਿੰਡ ਜਾ ਕੇ ਧਰਮਸ਼ਾਲਾ ਵਿੱਚ ਭਾਸ਼ਣ ਦੇ ਕੇ ਲੋਕਾਂ ਨੂੰ ਸਰਕਾਰ ਦਾ ਵਿਰੋਧ ਕਰਨ ਲਈ ਕਹਿੰਦਾ ਸੀ। ਪਿੰਡ ਦੇ ਪੈਨਸ਼ਨਰ ਇੰਦਰ ਸਿੰਘ ਨੇ ਅਦਾਲਤ ਨੂੰ ਇਹ ਗੱਲਾਂ ਵੀ ਦੱਸੀਆਂ ਤੇ ਕਿਹਾ ਕਿ ਬੰਤਾ ਸਿੰਘ ਲੋਕਾਂ ਨੂੰ ਆਪਣੀ ਸਰਕਾਰ ਬਣਾਉਣ ਲਈ ਕਹਿੰਦਾ ਸੀ। ਖਾਸ ਕਰਕੇ ਲੋਕਾਂ ਨੂੰ ਫੌਜ ਲਈ ਰਿਜ਼ਰਵੀਏ ਬਣਨ ਤੋਂ ਰੋਕਦਾ ਸੀ ਅਤੇ ਛੁੱਟੀ ਆਏ ਫੌਜੀਆਂ ਨੂੰ ਕਹਿੰਦਾ ਸੀ ਕਿ ਉਹ ਆਪਣੀਆਂ ਰੈਜਮੈਂਟਾਂ ਵਿੱਚ ਵਾਪਸ ਨਾ ਜਾਣ।

ਗ਼ਦਰ ਲਹਿਰ ਬਾਰੇ ਲਿਖਣ ਲੱਗਿਆਂ ਇਤਿਹਾਸਕਰ ਇਸਦੇ ਫੇਲ ਹੋਣ ਦੇ ਕਾਰਣਾਂ ਦਾ ਵਿਸ਼ਲੇਸ਼ਣ ਕਰਦੇ ਵਕਤ ਗ਼ਦਰੀਆਂ ਦੀ ਏਡੀ ਵੱਡੀ ਜੱਦੋਜਹਿਦ ਨੂੰ ਰੱਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਕ੍ਰਾਂਤੀਕਾਰੀ ਲਹਿਰਾਂ ਦੇ ਖੋਜੀ ਅਤੇ ਗ਼ਦਰੀਆਂ ਬਾਬਿਆਂ ਦੇ ਮੁਨਸ਼ੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਤੱਤ ਕੱਢਿਆ ਹੈ ਕਿ ਗ਼ਦਰੀਆਂ ਨੂੰ ਜੱਜਾਂ ਨੇ ਰੈਵੋਲਿਊਸ਼ਨਿਸਟ (ਕ੍ਰਾਂਤੀਕਾਰੀ) ਦਰਸਾਇਆ ਹੈ। ਇਥੋਂ ਤੱਕ ਕਿ ਉਹਨਾਂ ਨੂੰ ਅਨਾਰਕਿਸਟ ਜਾਂ ਅਰਾਜਕਤਾਵਾਦੀ ਕਹਿਣ ਤੋਂ ਵੀ ਸੌ ਫੀਸਦੀ ਗੁਰੇਜ਼ ਕੀਤਾ।

ਲੰਮੇ ਚੌੜੇ ਫੈਸਲੇ ਵਿੱਚ ਥਾਂ ਪੁਰ ਥਾਂ ਗ਼ਦਰੀਆਂ ਨੂੰ ਇਨਕਲਾਬੀ ਹੀ ਦਰਸਾਇਆ ਗਿਆ ਹੈ। ਦੇਖਿਆ ਜਾਏ ਤਾਂ ਉਸ ਅਦਾਲਤ ਜਿਸ ਨੇ ਗ਼ਦਰੀਆਂ ਦੇ ਕਤਲ, ਡਾਕੇ ਤੇ 'ਮਾਰੋ ਫਰੰਗੀ ਕੋ' ਜਿਹੇ ਜੈਕਾਰਿਆਂ ਆਦਿ ਸਭ ਕੁਝ ਨੂੰ ਪੂਰੇ ਵਿਸਥਾਰ ਨਾਲ ਵਾਚਿਆ ਸੀ, ਉਸ ਨੇ ਵੀ ਉਹਨਾਂ ਨੂੰ ਇਨਕਲਾਬੀ ਹੀ ਮਿਥਿਆ।

ਪ੍ਰਚਲਤ ਧਾਰਣਾ ਅਨੁਸਾਰ ਅੰਗਰੇਜ਼ਾਂ ਨੇ ਗ਼ਦਰੀਆਂ ਨੂੰ ਡਾਕੂ ਜਾਂ ਕਾਤਲ ਕਹਿ ਕੇ ਭੰਡਿਆ ਪਰ ਅਦਾਲਤੀ ਫੈਸਲਾ ਇਸ ਪੱਖੋਂ ਇਸਦੇ ਬਿਲਕੁਲ ਉਲਟ ਹੈ।

ਅਦਾਲਤਾਂ ਦੀ ਨਜ਼ਰ ਵਿੱਚ ਉਹ ਸਟੀਕ ਇਨਕਲਾਬੀ ਸਨ। ਉਹਨਾਂ 'ਤੇ ਡਾਕੂ- ਕਾਤਲ ਆਦਿ ਹੋਣ ਦੀਆਂ ਜਿਹੜੀਆਂ ਊਂਝਾਂ ਲਾਈਆਂ ਗਈਆਂ ਸਨ, ਉਹ ਗ਼ਦਰੀਆਂ ਦੇ ਆਪਣੇ ਹੀ ਹਮਵਤਨਾਂ ਵਲੋਂ ਲਾਈਆਂ ਗਈਆਂ ਸਨ, ਇਹਨਾਂ ਦੇ ਮੋਹਰੀ ਚੀਫ ਖਾਲਸਾ ਦੀਵਾਨ ਦੇ ਕੁਝ ਕਾਰਕੁੰਨ ਤੇ ਨਾਰੰਗਵਾਲ (ਜ਼ਿਲਾ ਲੁਧਿਆਣਾ) ਦਾ ਗੱਜਣ ਸਿੰਘ ਸੀ। ਸਮਕਾਲੀ ਅੰਗਰੇਜ਼ੀ ਹਫਤਾਵਾਰੀ ਅਖਬਾਰ ਖਾਲਸਾ ਐਡਵੋਕੇਟ (ਮਿਤੀ 18 ਸਤੰਬਰ, 1915) ਦੇ ਸੰਪਾਦਕੀ ਵਿੱਚ 13 ਸਤੰਬਰ, 1915 ਵਾਲੇ ਗਦਰੀਆਂ ਦੇ ਉਕਤ ਫੈਸਲੇ ਦਾ ਭਰਪੂਰ ਸਵਾਗਤ ਕੀਤਾ ਗਿਆ ਸੀ ਤੇ ਸਰਕਾਰ ਨੂੰ ਬੇਨਤੀ ਕੀਤੀ ਗਈ ਸੀ ਕਿ "ਇਹਨਾਂ ਸ਼ੈਤਾਨਾਂ ਦੀਆਂ ਸਜ਼ਾਵਾਂ ਵਿੱਚ ਕੋਈ ਛੋਟ ਜਾਂ ਰਿਆਇਤ ਨਾ ਦਿੱਤੀ ਜਾਵੇ"। ਜੱਜਾਂ ਅਨੁਸਾਰ, "19 ਫਰਵਰੀ, 1915 ਦੇ ਗ਼ਦਰੀ ਹਮਲੇ ਤੋਂ ਅਸੀਂ ਸਾਰੇ ਚੰਗੇ ਭਾਗੀਂ ਹੀ ਬਚੇ ਹਾਂ। ਜੇ ਕਿਤੇ ਕਿਰਪਾਲ ਸਿੰਘ (ਜਾਸੂਸ) ਵਕਤ ਸਿਰ ਸਾਨੂੰ ਨਾ ਦੱਸਦਾ ਤਾਂ 'ਹੇਠਲੀ ਉੱਤੇ' ਹੋ ਜਾਂਦੀ"। ਆਮ ਲੋਕਾਂ ਅਤੇ ਫੌਜਾਂ ਦੀ ਗ਼ਦਰ ਵਿੱਚ ਸ਼ਮੂਲੀਅਤ ਦੇ ਜੋ ਵੇਰਵੇ ਦਰਸਾਏ ਗਏ ਹਨ ਉਹ ਘੱਟੋ-ਘੱਟ ਇਸ "ਹੂੰਝਾ ਫੇਰੂ" ਧਾਰਣਾ ਨੂੰ ਤਾਂ ਨਕਾਰਦੇ ਹੀ ਹਨ ਕਿ ਗ਼ਦਰੀਆਂ ਨੂੰ ਭਾਰਤ ਆ ਕੇ ਕਿਤੋਂ ਹੁੰਗਾਰਾ ਮਿਲਿਆ ਹੀ ਨਹੀਂ ਸੀ।

ਗ਼ਦਰੀ ਸਿਰ ਫਿਰੇ ਤਾਂ ਸਨ ਹੀ, ਪਰ 'ਅਕਲੋਂ ਖਾਲੀ' ਬਿਲਕੁਲ ਨਹੀਂ ਸਨ। ਜਿਸ ਵਿਸਥਾਰ ਤੇ ਬਰੀਕੀ ਨਾਲ ਗ਼ਦਰ ਦੀ ਸਕੀਮ ਉਲੀਕੀ ਗਈ ਸੀ ਉਹ 'ਸਰਬ ਕਲਾ ਨਿਪੁੰਨ' ਸੀ। ਫੌਜੀਆਂ, ਪੇਂਡੂਆਂ ਤੇ ਵਿਦਿਆਰਥੀਆਂ ਨੂੰ ਇੱਕ ਲੜੀ ਵਿੱਚ ਪਰੋਣਾ, ਹਥਿਆਰ ਆਦਿ ਜਟਾਉਣੇ, ਬੰਬਸਾਜ਼ੀ ਵਿੱਚ ਮੁਹਾਰਤ, ਇਹ ਸਭ ਗ਼ਦਰੀਆਂ ਕੋਲ ਸੀ। ਤਾਲਮੇਲ ਸਿਸਟਮ ਦੀ ਵੱਡੀ ਮਿਸਾਲ ਸੀ।

ਅਖੀਰਲੀ ਘੜੀ ਗ਼ਦਰ ਦੀ ਤਰੀਕ 21 ਤੋਂ 19 ਕਰਵਾਕੇ ਪੇਸ਼ਗੀ ਤਾਰੀਕ ਦੀ ਥਾਂਓ-ਥਾਂਈਂ ਸੂਚਨਾ ਪਹੁੰਚਾਉਣਾ, ਇਹ ਸਭ ਨਿਰੋਲ ਸਿਰਫਿਰੇ ਤਾਂ ਨਹੀਂ ਕਰ ਸਕਦੇ ਸੀ। ਗ਼ਦਰ ਲਹਿਰ ਦਾ ਫੈਲਾਅ ਤੇ ਵਿਸਥਾਰ ਅੰਤਰ ਰਾਸ਼ਟਰੀ ਪੱਧਰ ਦਾ ਸੀ ਇਸਦਾ ਖੁਲਾਸਾ ਮੁਕੱਦਮਿਆਂ ਦੌਰਾਨ ਵਾਅਦਾ ਮੁਆਫ ਗਵਾਹਾਂ ਨੇ ਕੀਤਾ ਸੀ।

ਆਪਣੇ ਸਾਥੀਆਂ ਨੂੰ ਬੰਤਾ ਸਿੰਘ ਨੇ ਲੋੜ ਪੈਣ ਤੇ ਰੇਲਵੇ ਲਾਈਨਾ ਤੋੜਨ, ਟੈਲੀਗ੍ਰਾਫ ਲਾਈਨਾਂ ਕੱਟਣ ਦੀ ਟਰੇਨਿੰਗ ਦਿੱਤੀ ਸੀ ।

ਸ਼ਹੀਦ ਬੰਤਾ ਸਿੰਘ ਸੰਘਵਾਲ਼ ਲ਼ੋਕ ਸੇਵਕ, ਤਿਆਗੀ, ਇਨਕਲਾਬੀ ਲੀਡਰ, ਇਨਕਲਾਬੀ ਕਾਮਾ, ਸਿਰਲੱਥ ਸੂਰਮਾ, ਰਣਨੀਤੀਕਾਰ, ਨੀਤੀਘਾੜਾ, ਬੁਲਾਰਾ, ਵਧੀਆ ਟੀਮ ਲੀਡਰ ਸੀ। ਸੰਘਵਾਲ਼ ਪਿੰਡ ਦੇ ਸ਼ਹੀਦ ਰੂੜ ਸਿੰਘ ਨੇ ਬੰਤਾ ਸਿੰਘ ਤੋਂ ਇਨਕਲਾਬੀ ਗੁੜ੍ਹਤੀ ਲਈ ਤੇ ਦੇਸ਼ ਤੋਂ ਆਪਣਾ ਆਪ ਨਿਛਾਵਰ ਕਰ ਦਿੱਤਾ।

ਜਿਵੇਂ ਗਦਰ ਪਾਰਟੀ ਦੇ ਆਦਰਸ਼ਾਂ ਤੇ ਪਹਿਰਾ ਦੇਣ ਲਈ ਖੁਸ਼ੀ-ਖੁਸ਼ੀ ਪਹਿਲ ਕਦਮੀ ਕੀਤੀ ਉਂਵੇਂ ਹੀ ਦੇਸ਼ ਚੋਂ ਜੋਰਾਵਰ ਬਰਤਾਨਵੀ ਹਕੂਮਤ ਨੂੰ ਖਤਮ ਕਰਨ ਲਈ ਇਨਕਲਾਬੀ ਹਥਿਆਰਬੰਦ ਸੰਘਰਸ਼ ਕਰਕੇ 12 ਅਗਸਤ 1915 ਨੂੰ ਆਪਣੇ ਇਨਕਲਾਬੀ ਸੰਗੀਆਂ ਨਾਲ ਹੱਸਦੇ-ਹੱਸਦੇ ਫਾਂਸੀ ਦੇ ਤਖਤੇ ਵੱਲ ਅਡੋਲ ਤੁਰਿਆ ਤੇ ਹੱਸਦਿਆਂ ਗਦਰ ਪਾਰਟੀ ਦੇ ਆਦਰਸ਼ਾਂ 'ਤੇ ਪਹਿਰਾ ਦਿੰਦਿਆਂ ਫਾਂਸੀ ਚੜ੍ਹ ਗਿਆ।

## ਵਿਅੰਗ

## ਇਉਂ ਚਾੜ੍ਹਦੇ ਆ ਚੰਦ

ਸਾਧੂਆਂ ਦਾ ਟੋਲਾ ਭ੍ਰਮਣ ਕਰਦਾ ਇੱਕ ਜੰਗ਼ਲ ਵਿੱਚ ਰੁਕਿਆ। ਉਨ੍ਹਾਂ ਆਪਣੇ ਇੱਕ ਚੇਲੇ ਬਾਲਕੇ ਨੂੰ ਲਾਗਲੇ ਖੂਹ ਤੋਂ ਪਾਣੀ ਲਿਆਉਣ ਲਈ ਲੱਜ ਡੋਲ ਦੇ ਕੇ ਭੇਜਿਆ। ਚੇਲੇ ਨੇ ਸਹਿਵਨ ਖੂਹ 'ਚ ਨੂੰ ਝਾਕਿਆ ਤਾਂ ਅਸਮਾਨ ਵਿੱਚੇ ਚੜ੍ਹੇ ਚੰਦ ਦਾ ਪ੍ਰਛਾਵਾਂ ਖੂਹ ਦੇ ਪਾਣੀ 'ਚ ਦੇਖ ਕੇ ਉਹ ਬੜਾ ਹੈਰਾਨ ਹੋਇਆ।




ਉਸਨੇ ਸੋਚਿਆ ਕਿ ਚੰਦ ਖੂਹ ਵਿੱਚ ਡਿੱਗ ਪਿਆ ਐ ਸੋ ਪਾਣੀ ਤਾਂ ਮਗਰੋਂ ਹੀ ਲਿਜਾਊਂ ਪਹਿਲਾਂ ਚੰਦ ਨੂੰ ਬਾਹਰ ਕੱਢਾਂ!

ਲਾਗਿਉਂ ਕੋਈ ਕੀਲ-ਕੁੰਡਾ ਜਿਹਾ ਲੱਭ ਕੇ ਉਸਨੇ ਲੱਜ ਨਾ਼ਲ ਬੰਨ੍ਹਿਆਂ ਤੇ ਹੇਠਾਂ ਨੂੰ ਫਰ੍ਹਾਇਆ। ਨਿੱਕੀ ਇਟ ਨਾਲ ਚਿਣੇ ਹੋਏ ਪੁਰਾਣੇ ਖੂਹ ਦੀਆਂ ਕਿਤੋਂ ਕਿਤੋਂ ਇੱਟਾਂ ਉੱਖੜੀਆਂ ਹੋਈਆਂ ਸਨ। ਹੇਠਾਂ ਫਰ੍ਹਾਇਆ ਕੁੰਡਾ ਕਿਸੇ ਖੋੜ 'ਚ ਫਸ ਗਿਆ ਤੇ ਚੇਲੇ ਨੇ ਸਮਝਿਆ ਕਿ ਚੰਦ ਨੂੰ ਕੁੰਡੀ ਪੈ ਗਈ ਐ!

ਜਿਉਂ ਲੱਗਾ ਲੱਜ ਨੂੰ ਕਿੱਲ੍ਹ ਕਿੱਲ੍ਹ ਕੇ ਖਿੱਚਣ! ਜੋਰ ਲਾਉਂਦੇ ਨੇ ਇੱਕੋ ਦਮ ਧੜੱਕਾ ਜਿਹਾ ਮਾਰਿਆ ਤਾਂ ਕੁੰਡੀ ਇੱਟ 'ਚੋਂ ਨਿਕਲ ਗਈ ਤੇ ਉਹ ਧੜੰਮ ਕਰਦਾ ਪਿੱਛੇ ਨੂੰ ਡਿੱਗ ਪਿਆ !ਏਨੇ ਨੂੰ ਉਹਨੂੰ ਲੱਭਦੇ ਕੁੱਝ ਸਾਥੀ ਉੱਥੇ ਆ ਪਹੁੰਚੇ! ਉਨ੍ਹਾਂ ਨੇ ਭੱਜ ਕੇ ਡਿੱਗੇ ਪਏ ਨੂੰ ਚੁੱਕਿਆ। ਉਸਨੇ 'ਤਾਂਹ ਨੂੰ ਦੇਖਿਆ ਤਾਂ ਅਸਮਾਨ ਵਿੱਚ ਚੰਦ ਦੇਖ ਕੇ ਸਾਥੀਆਂ ਨੂੰ ਕਹਿੰਦਾ- 'ਭਾਵੇਂ ਮੈਂ ਆਪਣਾ ਟੋਟਰ ਭਨਾ ਲਿਆ ਐ ਪਰ ਚੰਦ ਚਾੜ੍ਹਤਾ ਮੁੜ ਅਸਮਾਨ ਵਿੱਚ !'



-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

# ਅਜਾਦੀ ਦੇ 76 ਸਾਲਾਂ ਬਾਦ ਵੀ ਕਈ ਧੰਦੇ ਜਾਤ ਨਾਲ ਹੀ ਜੁੜ੍ਹੇ ਹੋਏ ਹਨ



ਕੁਲਦੀਪ ਚੰਦ
91-9417563054

ਕੇਂਦਰ ਸਰਕਾਰ ਦੇ ਅਦਾਰੇ ਨੈਸ਼ਨਲ ਫਰਟੀਲਾਇਜ਼ਰ ਲਿਮਟਿਡ (ਐਨ ਐਫ ਐਲ) ਦੀ ਦੇਸ਼ ਨੂੰ ਅਜ਼ਾਦ ਹੋਇਆਂ 76 ਸਾਲ ਬੀਤ ਚੁੱਕੇ ਹਨ ਅਤੇ ਹਰ ਸਰਕਾਰ ਵਲੋਂ ਦੇਸ਼ ਵਿੱਚ ਹੋਏ ਵਿਕਾਸ ਦੇ ਸੋਹਲੇ ਗਾਏ ਜਾ ਰਹੇ ਹਨ। ਦੇਸ਼ ਦੇ ਆਗੂਆਂ ਦੇ ਭਾਸ਼ਣਾਂ ਵਿੱਚ ਅਕਸਰ ਸੁਣਨ ਨੂੰ ਮਿਲਦਾ ਹੈ ਕਿ ਦੇਸ਼ ਵਿੱਚ ਜਾਤ ਪ੍ਰਥਾ ਖਤਮ ਹੋ ਰਹੀ ਹੈ। ਸਰਕਾਰਾਂ ਵਲੋਂ ਦੇਸ਼ ਵਿੱਚ ਫੈਲੀ ਸਦੀਆਂ ਤੋਂ ਜਾਤ ਪ੍ਰਥਾ ਨੂੰ ਖਤਮ ਕਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਪਰ ਸਰਕਾਰ ਦੇ ਇਨ੍ਹਾਂ ਦਾਅਵਿਆਂ ਵਿੱਚ ਬਹੁਤੀ ਸਚਾਈ ਨਹੀਂ ਹੈ। ਦੇਸ਼ ਵਿੱਚ ਅੱਜ ਵੀ ਜਾਤ ਪ੍ਰਥਾ ਕਾਇਮ ਹੈ ਸਿਰਫ ਕਾਇਮ ਹੀ ਨਹੀਂ ਸਗੋਂ ਕੋੜੀ ਵੇਲ ਵਾਂਗ ਵੱਧ ਰਹੀ ਹੈ। ਜਾਤ ਦਾ ਤੱਤ ਭਾਰਤ ਵਿੱਚ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜੀਵਨ ਦਾ ਮਹੱਤਵਪੂਰਨ ਪਹਿਲੂ ਰਿਹਾ ਹੈ। ਇਸ ਦੀ ਹੋਂਦ ਬਹੁਤ ਹੀ ਪ੍ਰਾਚੀਨ ਹੈ ਅਤੇ ਇਸ ਦੀਆਂ ਜੜ੍ਹਾਂ ਭਾਰਤੀ ਸਮਾਜਿਕ ਵਿਵਸਥਾ ਵਿੱਚ ਬਹੁਤ ਗਹਿਰੀਆਂ ਹਨ। ਇਸ ਦੇਸ਼ ਵਿੱਚ ਸਦੀਆਂ ਤੋਂ ਕੁੱਝ ਵਰਗਾਂ ਨੂੰ ਲਤਾੜ੍ਹਿਆ ਗਿਆ ਹੈ ਅਤੇ ਮੁਢਲੇ ਹੱਕਾਂ ਤੋਂ ਬਾਂਝੇ ਰੱਖਿਆ ਗਿਆ ਹੈ। ਵਰਣ ਵਿਵਸਥਾ ਦੇ ਢਾਂਚੇ ਅਨੁਸਾਰ ਚਾਰ ਵਰਗਾਂ ਦਾ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਸ਼ੂਦਰਾਂ ਨੂੰ ਸਭਤੋਂ ਹੇਠਾਂ ਰੱਖਿਆ ਗਿਆ ਹੈ। ਇਸ ਵਿਵਸਥਾ ਅਨੁਸਾਰ ਸ਼ੂਦਰ ਵਰਗ ਨਾਲ ਸਬੰਧਿਤ ਲੋਕਾਂ ਨੂੰ ਹਰ ਤਰਾਂ ਦੇ ਹੱਕਾਂ ਤੋਂ ਬਾਂਝੇ ਰੱਖਿਆ ਗਿਆ ਅਤੇ ਇਨ੍ਹਾਂ ਲਈ ਸਿਰਫ ਬਾਕੀ ਤਿੰਨ ਵਰਗਾਂ ਦੀ ਸੇਵਾ ਕਰਨ ਦਾ ਹੀ ਕੰਮ ਨਿਸ਼ਚਿਤ ਕੀਤਾ ਗਿਆ। ਇਸ ਸਮਾਜਿਕ ਵਿਵਸਥਾ ਅਨੁਸਾਰ ਕੁੱਝ ਕੰਮ ਸਿਰਫ ਸ਼ੂਦਰ ਵਰਗ ਵਿੱਚ ਮੰਨੇ ਜਾਂਦੇ ਅਛੂਤ ਵਰਗਾਂ ਦੇ ਲੋਕਾਂ ਲਈ ਹੀ ਰਾਖਵੇਂ ਸਨ ਅਤੇ ਹੋਰ ਕੋਈ ਵੀ ਵਿਅਕਤੀ ਉਹ ਕੰਮ ਨਹੀਂ ਕਰਦਾ ਸੀ। ਸਮੇਂ ਸਮੇਂ ਤੇ ਇਸ ਗੈਰ ਬਰਾਬਰੀ ਵਾਲੇ ਢਾਂਚੇ ਨੂੰ ਤੋੜਣ ਲਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਮੁਹਿੰਮ ਚਲਾਈ। ਸਮਾਜਿਕ ਰਹਿਵਰਾਂ ਦੀਆਂ ਕੋਸ਼ਿਸ਼ਾਂ ਸਦਕਾ ਸਦੀਆਂ ਤੋਂ ਲਿਤਾੜੇ ਗਏ ਵਰਗਾਂ ਲਈ ਅਜ਼ਾਦੀ ਤੋਂ ਪਹਿਲਾਂ ਜਾਤ ਦੇ ਅਧਾਰ ਤੇ ਵੱਖ ਵੱਖ ਤਰਾਂ ਦੇ ਰਾਖਵਾਂਕਰਣ ਦੀ ਵਿਵਸਥਾ ਕੀਤੀ ਗਈ ਹੈ। ਬ੍ਰਿਟਿਸ਼ ਭਾਰਤ ਦੇ ਕਈ ਖੇਤਰਾਂ ਵਿੱਚ ਆਜ਼ਾਦੀ ਤੋਂ ਪਹਿਲਾਂ ਕੁਝ ਜਾਤਾਂ ਅਤੇ ਹੋਰ ਭਾਈਚਾਰਿਆਂ ਦੇ ਪੱਖ ਵਿੱਚ ਕੋਟਾ ਪ੍ਰਣਾਲੀ ਮੌਜੂਦ ਸੀ। ਕੋਲਹਾਪੁਰ ਰਿਆਸਤ ਦੇ ਮਹਾਰਾਜਾ ਛਤਰਪਤੀ ਸ਼ਾਹੂ ਨੇ ਸ਼ੂਦਰਾਂ ਦੇ ਹੱਕ ਵਿੱਚ ਰਾਖਵਾਂਕਰਨ ਪੇਸ਼ ਕੀਤਾ ਜਿਸ ਵਿੱਚੋਂ ਬਹੁਤਾ 1902 ਵਿੱਚ ਲਾਗੂ ਹੋਇਆ। ਉਸਨੇ ਹਰ ਕਿਸੇ ਨੂੰ ਮੁੱਫਤ ਸਿੱਖਿਆ ਪ੍ਰਦਾਨ ਕੀਤੀ ਅਤੇ ਉਹਨਾਂ ਲਈ ਇਸ ਨੂੰ ਅਸਾਨ ਬਣਾਉਣ ਲਈ ਹੋਸਟਲ ਖੋਲ੍ਹੇ। ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਪੜ੍ਹੇ-ਲਿਖੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਉਸਨੇ ਵਰਗ ਮੁੱਕਤ ਭਾਰਤ ਬਣਾਉਣ ਅਤੇ ਛੂਤ-ਛਾਤ ਦੇ ਖਾਤਮੇ ਲਈ ਅਪੀਲ ਕੀਤੀ। ਉਸਦੇ 1902 ਦੇ ਉਪਾਵਾਂ ਨੇ ਪੱਛੜੇ ਭਾਈਚਾਰਿਆਂ ਲਈ 50 ਪ੍ਰਤੀਸ਼ਤ ਰਾਖਵਾਂਕਰਨ ਬਣਾਇਆ। ਸਾਲ 1918 ਵਿੱਚ ਮੈਸੂਰ ਦੇ ਰਾਜਾ ਨਲਵਾੜੀ ਕ੍ਰਿਸ਼ਣਰਾਜਾ ਵਡਿਆਰ ਨੇ ਆਪਣੇ ਦੀਵਾਨ ਐਮ. ਵਿਸ਼ਵੇਸ਼ਵਰਿਆ ਦੇ ਵਿਰੋਧ ਦੇ ਬਾਬਜੂਦ ਸ਼ੂਦਰਾਂ ਲਈ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਵਿੱਚ ਰਾਖਵਾਂਕਰਨ ਲਾਗੂ ਕਰਨ ਲਈ ਇੱਕ ਕਮੇਟੀ ਬਣਾਈ। 16 ਸਤੰਬਰ 1921 ਨੂੰ ਸਰਕਾਰ ਨੇ ਪਹਿਲਾ ਕਮਿਊਨਲ ਗਵਰਨਮੈਂਟ ਆਰਡਰ ਪਾਸ ਕੀਤਾ ਅਤੇ ਰਾਖਵਾਂਕਰਨ ਕਾਨੂੰਨ ਬਣਾਉਣ ਲਈ ਭਾਰਤੀ ਵਿਧਾਨਿਕ ਇਤਿਹਾਸ ਵਿੱਚ ਪਹਿਲੀ ਚੁਣੀ ਹੋਈ ਸੰਸਥਾ ਬਣ ਗਈ ਜੋ ਉਦੋਂ ਤੋਂ ਦੇਸ਼ ਭਰ ਵਿੱਚ ਮਿਆਰੀ ਬਣ ਗਈ ਹੈ। ਅਜ਼ਾਦੀ ਤੋ ਬਾਦ ਵੀ ਇਨ੍ਹਾਂ ਵਰਗਾਂ ਨਾਲ ਸਬੰਧਿਤ ਵਿਅਕਤੀਆਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਕਈ ਤਰਾਂ ਦੀਆਂ ਭਲਾਈ ਯੋਜਨਾਵਾਂ ਚਲਾਈਆਂ ਗਈਆਂ ਜਿਨ੍ਹਾਂ ਵਿੱਚ ਵੱਖ ਵੱਖ ਕਿੱਤਿਆਂ ਵਿੱਚ ਜਾਤ ਅਧਾਰਿਤ ਰਾਖਵਾਂਕਰਣ ਵੀ ਸ਼ਾਮਿਲ ਹੈ।

ਰਾਖਵਾਂਕਰਨ ਭਾਰਤ ਸਰਕਾਰ ਦੀ ਉਹ ਵਿਧੀ ਹੈ ਜਿਸ ਰਾਹੀ ਨੋਕਰੀਆਂ ਜਾਂ ਦਾਖਲੇ ਸਮੇਂ ਭਾਰਤ ਦੇ ਪੱਛੜੇ ਵਰਗ ਨੂੰ ਕੁਝ ਸੀਟਾ ਰਾਖਵੀਆਂ ਕੀਤੀ ਹਨ। ਇਹ ਸੀਟਾਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਹੋਰ ਪੱਛੜੀਆਂ ਸ਼੍ਰੇਣੀਆ ਲਈ ਰਾਖਵੀਆਂ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਵਰਗਾਂ ਲਈ ਰਾਖਵਾਂਕਰਨ ਰੱਖਿਆ ਗਿਆ ਹੈ। ਭਾਰਤ ਵਿੱਚ ਰਿਜ਼ਰਵੇਸ਼ਨ ਸਕਾਰਾਤਮਕ ਕਾਰਵਾਈ ਦਾ ਇੱਕ ਰੂਪ ਹੈ ਜਿਸ ਵਿੱਚ ਜਨਤਕ ਖੇਤਰ, ਕੇਂਦਰ ਅਤੇ ਰਾਜ ਸਿਵਲ ਸੇਵਾਵਾਂ, ਸਰਕਾਰ ਦੇ ਵਿਭਾਗਾਂ ਅਤੇ ਸਾਰੇ ਜਨਤਕ ਅਤੇ ਨਿੱਜੀ ਵਿਦਿਅਕ ਅਦਾਰਿਆਂ ਵਿੱਚ ਕੁਝ ਸੀਟਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਨੂੰ ਰਾਖਵਾਂਕਰਨ ਪ੍ਰਦਾਨ ਕਰਨ ਦਾ ਉਦੇਸ਼ ਸਿਰਫ ਇਹਨਾਂ ਭਾਈਚਾਰਿਆਂ ਨਾਲ ਸਬੰਧਤ ਕੁਝ ਵਿਅਕਤੀਆਂ ਨੂੰ ਨੌਕਰੀਆਂ ਦੇਣਾ ਨਹੀਂ ਹੈ। ਇਹ ਮੂਲ ਰੂਪ ਵਿੱਚ ਉਹਨਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਅਤੇ ਰਾਜ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਉਹਨਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਅਨੁਸੂਚਿਤ ਜਾਤੀਆਂ (ਐਸ.ਸੀ.) ਨੂੰ ਨੌਕਰੀਆਂ/ਉੱਚ ਵਿਦਿਅਕ ਸੰਸਥਾਵਾਂ ਵਿੱਚ 15% ਕੋਟਾ ਦਿੱਤਾ ਜਾਂਦਾ ਹੈ ਜਦੋਂ ਕਿ ਅਨੁਸੂਚਿਤ ਜਨਜਾਤੀਆਂ (ਐਸਟੀ) ਨੂੰ ਨੌਕਰੀਆਂ/ਉੱਚ ਵਿਦਿਅਕ ਸੰਸਥਾਵਾਂ ਵਿੱਚ 7.5ਗ ਕੋਟਾ ਦਿੱਤਾ ਜਾਂਦਾ ਹੈ। ਰਾਖਵਾਂਕਰਨ ਸਿਰਫ਼ ਸਿੱਧੀ ਭਰਤੀ ਦੇ ਸਬੰਧ ਵਿੱਚ ਹੀ ਨਹੀਂ ਸਗੋਂ ਤਰੱਕੀਆਂ ਦੇ ਸਬੰਧ ਵਿੱਚ ਵੀ ਪ੍ਰਦਾਨ ਕੀਤਾ ਜਾਂਦਾ ਹੈ।

ਪਿਛਲੇ ਕਈ ਸਾਲਾਂ ਤੋਂ ਜਨਰਲ ਵਰਗ ਦੇ ਕੁੱਝ ਲੋਕਾਂ ਨੇ ਵੱਖ ਵੱਖ ਸੰਗਠਨਾਂ ਰਹੀਂ ਸਰਕਾਰ ਵਲੋਂ ਕੀਤੀ ਗਈ ਜਾਤ ਅਧਾਰਤ ਰਾਖਵਾਂਕਰਣ ਦਾ ਵਿਰੋਧ ਸ਼ੁਰੂ ਕੀਤਾ ਹੋਇਆ ਹੈ। ਇਨ੍ਹਾਂ ਜਨਰਲ ਵਰਗ ਦੇ ਲੋਕਾਂ ਦਾ ਇੱਕ ਤਰਕ ਇਹ ਹੈ ਕਿ ਦੇਸ਼ ਵਿੱਚ ਹੁਣ ਜਾਤ ਪ੍ਰਥਾ ਖਤਮ ਹੋ ਚੁੱਕੀ ਹੈ ਅਤੇ ਜਾਤਿ ਅਧਾਰਤ ਰਾਖਵਾਂਕਰਣ ਜਾਤ ਪ੍ਰਥਾ ਨੂੰ ਵੜਾਵਾ ਹੀ ਦੇਵੇਗਾ।

ਅੱਜ ਜਿੱਥੇ ਦੇਸ਼ ਵਿੱਚ ਨਵੀਆਂ ਨਵੀਆਂ ਸਮਾਜਿਕ ਕੁਰਿਤੀਆਂ ਅਤੇ ਸਮਸਿਆਵਾਂ ਪੈਦਾ ਹੋ ਗਈਆਂ ਹਨ ਉਥੇ ਜਾਤ ਪ੍ਰਥਾ ਦੇ ਅਧਾਰ ਤੇ ਸਦੀਆਂ ਤੋਂ ਚਲਦੇ ਧੰਦਿਆਂ ਵਾਲੀਆਂ ਨੌਕਰੀਆਂ ਵਿੱਚ ਜਨਰਲ ਵਰਗ ਦਾ ਕੰਮ ਨਾਂ ਕਰਨਾ ਜਾਤ ਪ੍ਰਥਾ ਨੂੰ ਹੋਰ ਪੱਕਾ ਕਰਦਾ ਹੈ। ਕੇਂਦਰ ਸਰਕਾਰ ਦੇ ਅਦਾਰੇ ਨੈਸ਼ਨਲ ਫਰਟੀਲਾਇਜ਼ਰ ਲਿਮਟਿਡ (ਐਨ ਐਫ ਐਲ) ਦੇ ਚਾਰ ਪਲਾਂਟ ਨੰਗਲ, ਬਠਿੰਡਾ, ਵਿਜੈਪੁਰ ਅਤੇ ਪਾਨੀਪਤ ਵਿੱਚ ਹਨ। ਇਹਨਾਂ ਚਾਰੇ ਪਲਾਂਟਾ ਵਿੱਚ 31 ਮਾਰਚ 2022 ਤੱਕ ਕੁੱਲ 3003 ਕਰਮਚਾਰੀ ਕੰਮ ਕਰਦੇ ਸਨ ਜਿਨ੍ਹਾਂ ਵਿੱਚੋਂ 670 ਅਨੁਸੂਚਿਤ ਜਾਤੀਆਂ (ਐਸ.ਸੀ.) ਵਰਗ ਨਾਲ ਅਤੇ 151 ਅਨੁਸੂਚਿਤ ਜਨਜਾਤੀਆਂ (ਐਸਟੀ) ਵਰਗ ਨਾਲ ਸਬੰਧਿਤ ਸਨ। ਇਸਤੋਂ ਇਲਾਵਾ 435 ਓਬੀਸੀ ਅਤੇ 44 ਦਿਵਿਆਂਗਜਨ ਸ਼ਾਮਿਲ ਹਨ। ਇਹਨਾਂ ਚਾਰੇ ਪਲਾਂਟਾ ਵਿੱਚ 33 ਸਫਾਈ ਕਰਮਚਾਰੀ ਕੰਮ ਕਰਦੇ ਹਨ ਜੋ ਕਿ ਸਾਰੇ ਦੇ ਸਾਰੇ ਹੀ ਅਨੁਸੂਚਿਤ ਜਾਤੀਆਂ (ਐਸ.ਸੀ.) ਵਰਗ ਨਾਲ ਸਬੰਧਿਤ ਹਨ। ਇਸਤੋਂ ਪਤਾ ਲੱਗਦਾ ਹੈ ਕਿ ਉੱਚ ਜਾਤ ਵਾਲਿਆਂ ਵਿੱਚ ਹਾਲੇ ਵੀ ਹੀਣ ਭਾਵਨਾ ਹੈ ਕਿਉਂਕਿ ਕੋਈ ਵੀ ਉੱਚ ਜਾਤ ਵਾਲਾ ਸਫਾਈ ਸੇਵਕ ਦਾ ਕੰਮ ਨਹੀਂ ਕਰਦਾ ਹੈ। ਇਸ ਸਾਲ 2021-2022 ਦੌਰਾਨ ਕੁੱਲ 76 ਕਰਮਚਾਰੀਆਂ ਦੀ ਭਰਤੀ ਕੀਤੀ ਗਈ ਜਿਸ ਵਿੱਚੋਂ 06 ਐਸਸੀ, 14 ਓਬੀਸੀ ਸਨ ਜਦਕਿ ਐਸ ਟੀ ਵਰਗ ਵਿੱਚੋਂ ਕੋਈ ਵੀ ਵਿਅਕਤੀ ਭਰਤੀ ਨਹੀਂ ਹੋਇਆ ਹੈ। ਇਹ ਵੀ ਵਰਣਨਯੋਗ ਹੈ ਕਿ ਇਹਨਾਂ ਭਰਤੀ ਕੀਤੇ ਗਏ 76 ਕਰਮਚਾਰੀਆਂ ਵਿੱਚੋਂ 56 ਏ ਸ਼੍ਰੇਣੀ ਦੇ ਅਫਸਰ ਭਰਤੀ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ ਸਿਰਫ 05 ਹੀ ਐਸਸੀ ਵਰਗ ਨਾਲ ਸਬੰਧਿਤ ਹਨ ਜਦਕਿ ਐਸ ਟੀ ਵਰਗ ਦਾ ਕੋਈ ਵੀ ਕਰਮਚਾਰੀ ਭਰਤੀ ਨਹੀਂ ਕੀਤਾ ਗਿਆ ਹੈ ਅਤੇ 20 ਬੀ ਸ਼੍ਰੇਣੀ ਦੇ ਅਫਸਰ ਭਰਤੀ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ ਸਿਰਫ 01 ਹੀ ਐਸਸੀ ਵਰਗ ਨਾਲ ਸਬੰਧਿਤ ਹੈ ਜਦਕਿ ਐਸਟੀ ਵਰਗ ਦਾ ਕੋਈ ਵੀ ਕਰਮਚਾਰੀ ਭਰਤੀ ਨਹੀਂ ਕੀਤਾ ਗਿਆ ਹੈ।

ਇਸ ਸਾਲ ਦੌਰਾਨ ਕੁੱਲ 438 ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਤਰੱਕੀ ਦਿੱਤੀ ਗਈ ਹੈ ਜਿਨ੍ਹਾਂ ਵਿੱਚ 80 ਐਸਸੀ ਵਰਗ ਅਤੇ 32 ਐਸਟੀ ਵਰਗ ਨਾਲ ਸਬੰਧਿਤ ਹਨ। ਇਸ ਸਾਲ ਵਿੱਚ ਕੁੱਲ 07 ਸਫਾਈ ਕਰਮਚਾਰੀਆਂ ਨੂੰ ਤਰੱਕੀ ਦਿਤੀ ਗਈ ਹੈ ਅਤੇ ਇਹ ਸਾਰੇ ਹੀ ਅਨੁਸੂਚਿਤ ਜਾਤੀਆਂ (ਐਸ.ਸੀ.) ਵਰਗ ਨਾਲ ਸਬੰਧਿਤ ਹਨ। ਕੇਂਦਰ ਸਰਕਾਰ ਅਧੀਨ ਚੱਲ ਰਹੇ ਐਨ ਐਫ ਐਲ ਵਿੱਚ 31 ਮਾਰਚ 2022 ਤੱਕ ਕੰਮ ਕਰਦੇ ਕਰਮਚਾਰੀਆਂ, ਸਾਲ 2021-22 ਦੌਰਾਨ ਹੋਈ ਭਰਤੀ ਅਤੇ ਕੀਤੀ ਗਈ ਤਰੱਕੀ ਦੀ ਸਥਿਤੀ ਸਬੰਧਿਤ ਜਾਣਕਾਰੀ ਸਾਰਨੀ ਵਿਚ ਦਿੱਤੀ ਗਈ ਹੈ।

ਇਹ ਜਾਣਕਾਰੀ ਜੋ ਨੈਸ਼ਨਲ ਫਰਟੀਲਾਇਜ਼ਰ ਲਿਮਿਟਡ ਦੀ ਸਾਲ 2021-22 ਦੀ ਰਿਪੋਰਟ ਤੋਂ ਮਿਲੀ ਹੈ। ਇਸ ਰਿਪੋਰਟ ਅਨੁਸਾਰ ਇਸ ਅਦਾਰੇ ਵਿੱਚ ਜਨਰਲ ਸ਼੍ਰੇਣੀ ਨਾਲ ਸਬੰਧਿਤ ਇੱਕ ਵੀ ਵਿਅਕਤੀ ਸਫਾਈ ਕਰਮਚਾਰੀ ਵਜੋਂ ਕੰਮ ਨਹੀਂ ਕਰ ਰਿਹਾ ਹੈ ਜਿਸ ਤੋਂ ਸਪਸ਼ਟ ਹੈ ਕਿ ਅੱਜ ਵੀ ਇਸ ਧੰਦੇ ਨੂੰ ਜਾਤ ਅਧਾਰਤ ਧੰਦਾ ਹੀ ਮੰਨਿਆ ਜਾ ਰਿਹਾ ਹੈ। ਵਰਣਨਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਜਾਤ ਦੀ ਥਾਂ ਆਰਥਿਕ ਅਧਾਰ ਤੇ ਰਾਖਵਾਂਕਰਣ ਦੀ ਮੰਗ ਹੋ ਰਹੀ ਹੈ ਜਿਸ ਅਨੁਸਾਰ ਅਨੁਸੂਚਿਤ ਜਾਤ ਦੇ ਲੋਕਾਂ ਦੇ ਨਾਲ ਨਾਲ ਉੱਚ ਜਾਤੀਆਂ ਦੇ ਗਰੀਬ ਵਿਅਕਤੀਆਂ ਨੂੰ ਵੀ ਰਿਜਰਵੇਸ਼ਨ ਦਿਤੀ ਜਾਵੇ। ਐਨ ਐਫ ਐਲ ਦੀ ਇਸ ਰਿਪੋਰਟ ਨੇ ਸਰਕਾਰ ਅਤੇ ਅਜਿਹੇ ਸੰਗਠਨਾ ਦੇ ਮੂਹੰ ਤੇ ਕਰਾਰੀ ਚਪੇੜ ਮਾਰੀ ਹੈ। ਜਾਤ ਅਧਾਰਤ ਰਾਖਵਾਂਕਰਣ ਦਾ ਵਿਰੋਧ ਕਰਨ ਵਾਲੇ ਵਿਅਕਤੀਆਂ ਅਤੇ ਸੰਗਠਨਾ ਨੂੰ ਇਸ ਸਬੰਧੀ ਵੀ ਪਹਿਲ ਕਦਮੀ ਕਰਨੀ ਪਵੇਗੀ ਤਾਂ ਜੋ ਜਾਤ ਪ੍ਰਥਾ ਦੀ ਬੁਰਾਈ ਰੋਕੀ ਜਾ ਸਕੇ।

| ਸ਼੍ਰੇਣੀ | ਕੁੱਲ ਕਰਮਚਾਰੀ | ਐਸਸੀ | % | ਐਸਟੀ | % | ਓਬੀਸੀ | % | ਦਿਵਿਯਾਂਗਜਨ | % |
|---|---|---|---|---|---|---|---|---|---|
| ਏ | 1421 | 271 | 19.07 | 67 | 4.71 | 188 | 13.23 | 06 | 0.42 |
| ਬੀ | 1051 | 284 | 27.02 | 55 | 5.23 | 100 | 9.51 | 11 | 1.04 |
| ਸੀ | 469 | 71 | 15.13 | 29 | 6.18 | 139 | 29.63 | 27 | 5.75 |
| ਡੀ (ਗੈਰ-ਸਫਾਈਕਰਮਚਾਰੀ) | 29 | 11 | 37.93 | 0 | 0 | 08 | 27.58 | 0 | 0 |
| ਡੀ (ਸਫਾਈਕਰਮਚਾਰੀ) | 33 | 33 | 100 | 0 | 0 | 0 | 0 | 0 | 0 |
| ਕੁੱਲ | 3003 | 670 | 22.31 | 151 | 5.03 | 435 | 14.49 | 44 | 1.47 |

ਸਾਲ 2021-22 ਦੌਰਾਨ ਕਰਮਚਾਰੀਆਂ ਦੀ ਭਰਤੀ ਦਾ ਵੇਰਵਾ:

| ਸ਼੍ਰੇਣੀ | ਕੁੱਲ ਕਰਮਚਾਰੀ | ਐਸਸੀ | % | ਐਸਟੀ | % | ਓਬੀਸੀ | % | ਦਿਵਿਯਾਂਗਜਨ | % |
|---|---|---|---|---|---|---|---|---|---|
| ਏ | 56 | 05 | 8.92 | 0 | 0 | 09 | 16.07 | 1 | 1.78 |
| ਬੀ | 0 | 0 | 0 | 0 | 0 | 0 | 0 | 0 | 0 |
| ਸੀ | 20 | 01 | 5.00 | 0 | 0 | 05 | 25.00 | 0 | 0 |
| ਡੀ (ਗੈਰ-ਸਫਾਈਕਰਮਚਾਰੀ) | 0 | 0 | 0 | 0 | 0 | 0 | 0 | 0 | 0 |
| ਡੀ (ਸਫਾਈਕਰਮਚਾਰੀ) | 0 | 0 | 0 | 0 | 0 | 0 | 0 | 0 | 0 |
| ਕੁੱਲ | 76 | 06 | 7.89 | 0 | 0 | 14 | 18.42 | 0 | 0 |

ਸਾਲ 2021-22 ਦੌਰਾਨ ਕਰਮਚਾਰੀਆਂ ਦੀਆਂ ਹੋਈਆ ਤਰੱਕੀਆਂ ਦਾਵੇਰਵਾ

| ਸ਼੍ਰੇਣੀ | ਕੁੱਲ ਕਰਮਚਾਰੀ | ਐਸਸੀ | % | ਐਸਟੀ | % | ਓਬੀਸੀ | % | ਦਿਵਿਯਾਂਗਜਨ | % |
|---|---|---|---|---|---|---|---|---|---|
| ਏ | 292 | 45 | 15.41 | 25 | 8.56 | 36 | 12.33 | 0 | 0 |
| ਬੀ (ਓ) | 29 | 06 | 20.69 | 03 | 10.34 | 01 | 3.45 | 0 | 0 |
| ਬੀ (ਡਵਲਿਊ) | 24 | 06 | 25.00 | 0 | 0 | 05 | 20.83 | 0 | 0 |
| ਸੀ | 85 | 16 | 18.82 | 04 | 4.71 | 16 | 18.82 | 01 | 1.18 |
| ਡੀ (ਗੈਰ-ਸਫਾਈਕਰਮਚਾਰੀ) | 01 | 0 | 0 | 0 | 0 | 01 | 100 | 0 | 0 |
| ਡੀ (ਸਫਾਈਕਰਮਚਾਰੀ) | 07 | 07 | 100 | 0 | 0 | 0 | 0 | 0 | 0 |
| ਕੁੱਲ | 438 | 80 | 18.26 | 32 | 7.31 | 59 | 13.47 | 01 | 0.23 |

(ਸੇਵਾ ਮੁਕਤੀ 'ਤੇ ਵਿਸ਼ੇਸ਼)

# ਨਿਮਰਤਾ ਅਤੇ ਸਹਿਜਤਾ ਨੂੰ ਪ੍ਰਣਾਏ ਲੈਕਚਰਾਰ ਸ੍ਰੀ ਸ਼ਿਵ ਕੁਮਾਰ



ਮੇਜਰ ਸਿੰਘ ਨਾਭਾ
91-94635-53962

ਰਾਸ਼ਟਰ ਨਿਰਮਾਤਾ ਕਹਾਉਣ ਵਾਲੇ ਅਧਿਆਪਕ ਦਾ ਸਨਮਾਨ ਸਮਾਜ ਅੰਦਰ ਭਾਵੇਂ ਘੱਟਿਆ ਹੈ ਪਰ ਫਿਰ ਵੀ ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ। ਇਹੋ ਜਿਹਾ ਹੀ ਇਮਾਨਦਾਰ ਅਤੇ ਦ੍ਰਿੜ ਇਰਾਦੇ ਵਾਲਾ ਇਨਸਾਨ ਹੈ ਸ੍ਰੀ ਸ਼ਿਵ ਕੁਮਾਰ ਲੈਕਚਰਾਰ ਜੌਗਰਫੀ ਜਿਨ੍ਹਾਂ ਦਾ ਜਨਮ ਸਵ: ਸ੍ਰੀ ਜਗਨ ਨਾਥ ਦੇ ਘਰ ਮਾਤਾ ਸ੍ਰੀਮਤੀ ਬਿਮਲਾ ਰਾਣੀ ਦੀ ਕੁੱਖੋਂ 27 ਅਗਸਤ 1965 ਨੂੰ ਹੋਇਆ ।ਉਨ੍ਹਾਂ ਦੀਆਂ ਤਿੰਨ ਭੈਣਾਂ ਅਤੇ ਇੱਕ ਭਰਾ ਹਨ ।ਮਾਪਿਆਂ ਨੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਚੰਗੇ ਸੰਸ਼ਕਾਰ ਦੇ ਕੇ ਕੀਤਾ। ਉਨ੍ਹਾਂ ਦੇ ਪਿਤਾ ਪਟਵਾਰੀ ਸਨ। ਸ਼ਿਵ ਕੁਮਾਰ ਨੇ ਮੈਟ੍ਰਿਕ ਆਰੀਆ ਹਾਈ ਸਕੂਲ ਨਾਭਾ ਤੋਂ ਕੀਤੀ ਅਤੇ ਹਾਇਰ ਸੈਕੰਡਰੀ ਨਾਭਾ ਦੇ ਹੀ ਸੀਨੀ : ਸੈਕੰ: ਸਕੂਲ (ਲੜਕੇ) ਤੋਂ ਕੀਤੀ ।ਬੀ.ਏ. ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ 1986 'ਚ ਕਰ ਲਈ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਐਸ.ਸੀ. (ਜੌਗਰਫੀ) ਦੀ ਪੜ੍ਹਾਈ ਪ੍ਰਾਪਤ ਕਰ ਲਈ। ਅਧਿਆਪਕ ਬਣਨ ਦਾ ਸੁਪਨਾ ਲੈ ਕੇ ਬੀ.ਐਡ. ਪੰਜਾਬੀ ਯੂਨੀਵਰਸਿਟੀ ਤੋਂ ਪੱਤਰ-ਵਿਹਾਰ ਰਾਹੀਂ ਕਰਕੇ ਨੌਕਰੀ ਦੀ ਭਾਲ ਕਰਨ ਲੱਗੇ। ਉਨ੍ਹਾਂ ਨੇ 1991 ਵਿੱਚ ਸਰਵਹਿਤਕਾਰੀ ਵਿਦਿਆ ਮੰਦਰ ਸਕੂਲ ਧੂਰੀ ਵਿਖੇ ਬਤੌਰ ਸ.ਸ. ਮਾਸਟਰ ਤਕਰੀਬਨ ਛੇ ਮਹੀਨੇ ਸੇਵਾ ਨਿਭਾਈ। ਦਸੰਬਰ 1991 ਵਿੱਚ ਉਨ੍ਹਾਂ ਦੀ ਸਿਲੈਕਸ਼ਨ ਬਤੌਰ ਜੇ.ਬੀ.ਟੀ. ਟੀਚਰ ਸਿੱਖਿਆ ਵਿਭਾਗ ਵਿੱਚ ਹੋ ਗਈ। ਉਸ ਸਮੇਂ ਬੀ.ਐਡ ਵਾਲੇ ਜੇ.ਬੀ.ਟੀ. ਦੀ ਪੋਸਟ ਲਈ ਅਪਲਾਈ ਕਰ ਸਕਦੇ ਸੀ ਸੋ ਉਨ੍ਹਾਂ ਨੇ ਇਸ ਪੋਸਟ ਲਈ ਅਪਲਾਈ ਕਰ ਦਿੱਤਾ ਸੀ। ਉਨ੍ਹਾਂ ਦੀ ਨਿਯੁਕਤੀ ਬਤੌਰ ਜੇ.ਬੀ.ਟੀ. ਟੀਚਰ ਹੋਣ ਕਾਰਨ ਉਹ ਸ.ਪ੍ਰ.ਸ. ਘੁੰਡਰ ਵਿਖੇ 1 ਜਨਵਰੀ 1992 ਨੂੰ ਹਾਜ਼ਰ ਹੋ ਕੇ ਸੇਵਾ ਨਿਭਾਉਣ ਲੱਗੇ ।ਉਸ ਸਮੇਂ ਬੀ.ਐਡ ਵਾਲੇ ਜੇ.ਬੀ.ਟੀ. ਦੀ ਪੋਸਟ ਲਈ ਅਪਲਾਈ ਕਰ ਸਕਦੇ ਸੀ ਸੋ ਉਨ੍ਹਾਂ ਨੇ ਇਸ ਪੋਸਟ ਲਈ ਅਪਲਾਈ ਕਰ ਦਿੱਤਾ ਸੀ।

ਸ੍ਰੀ ਸ਼ਿਵ ਕੁਮਾਰ ਦਾ ਵਿਆਹ ਪਟਿਆਲਾ ਵਿਖੇ ਸਵ: ਸ੍ਰੀ ਗੋਪਾਲ ਕ੍ਰਿਸ਼ਨ ਖੰਨਾ ਦੀ ਬੇਟੀ ਬੰਦਨਾ ਖੰਨਾ ਨਾਲ 4 ਮਈ 1993 ਨੂੰ ਹੋਇਆ। ਉਨ੍ਹਾਂ ਦੇ ਘਰ ਬੇਟੀ ਸਬੀਨਾ ਘਈ ਅਤੇ ਬੇਟੇ ਸਾਰੰਗ ਘਈ ਨੇ ਜਨਮ ਲਿਆ। ਮਾਸਟਰ ਕਾਡਰ ਦੀ ਸਿੱਧੀ ਭਰਤੀ ਰਾਹੀਂ ਉਨ੍ਹਾਂ ਦੀ ਨਿਯੁਕਤੀ ਬਤੌਰ ਸ.ਸ. ਮਾਸਟਰ ਹੋ ਗਈ ਅਤੇ 15 ਅਪ੍ਰੈਲ 1997 ਨੂੰ ਸ.ਹ.ਸ . ਭੜੋ (ਸੰ-ਗਰੂਰ) ਵਿਖੇ ਹਾਜ਼ਰ ਹੋ ਗਏ। ਇਥੇ ਉਨ੍ਹਾਂ ਲੰਬਾ ਸਮਾਂ ਇਮਾਨਦਾਰੀ ਨਾਲ ਡਿਊਟੀ ਨਿਭਾਈ ।ਉਨ੍ਹਾ ਦੀ ਤਰੱਕੀ ਬਤੌਰ ਲੈਕਚਰਾਰ ਜੌਗਰਫੀ ਹੋਣ ਉਪਰੰਤ ਉਨ੍ਹਾਂ ਨੇ ਸ.ਸ.ਸ.ਸ. ਮਾ-ਛੀਕੇ (ਮੋਗਾ) ਵਿਖੇ ਹਾਜ਼ਰੀ ਦਿੱਤੀ। ਉਨ੍ਹਾਂ ਦੀ ਬਦਲੀ ਕੁਝ ਮਹੀਨੇ ਬਾਅਦ ਸ.ਸ.ਸ.ਸ. ਮਾਝੀ (ਸੰਗਰੂਰ) ਵਿਖੇ ਹੋ ਗਈ। ਉਨ੍ਹਾਂ ਆਪਣੀ ਘੰਟੀ ਵਿੱਚ ਹਮੇਸ਼ਾਂ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਪੜ੍ਹਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਵਿਸ਼ੇ ਦੇ ਇਸ ਸਕੂਲ ਵਿੱਚ ਬੋਰਡ ਦੀਆਂ ਕਲਾਸਾਂ ਦੇ ਨਤੀਜੇ ਬੋਰਡ ਦੇ ਨਤੀਜੇ ਨਾਲੋਂ ਵੱਧ ਰਹੇ ਹਨ। ਉਨ੍ਹਾਂ ਦੇ ਪੜ੍ਹਾਉਣ ਦਾ ਨਿਵੇਕਲਾ ਢੰਗ ਹੀ ਬੋਰਡ ਦੇ ਨਤੀਜਿਆਂ ਤੋਂ ਸਪਸ਼ਟ ਦਿਖਾਈ ਦਿੰਦਾ ਹੈ। ਉਨ੍ਹਾਂ ਆਪਣੀ ਘੰਟੀ ਵਿੱਚ ਹਮੇਸ਼ਾਂ ਬੱਚਆਂ ਨੂੰ ਪੜ੍ਹਾਉਣ ਦੀ



ਕੋਸ਼ਿਸ਼ ਕੀਤੀ। ਸੇਵਾ ਦੌਰਾਨ ਸਮੇਂ ਦੀ ਪਾਬੰਦੀ ਦਾ ਉਨ੍ਹਾਂ ਵਲੋਂ ਹਮੇਸ਼ਾ ਧਿਆਨ ਰੱਖਿਆ ਗਿਆ। ਉਨ੍ਹਾਂ ਦੀ ਸਮੇਂ ਸਮੇਂ ਤੇ ਜੋ ਵਿਭਾਗ ਵੱਲੋਂ ਜੋ ਵੀ ਡਿਊਟੀ ਲਗਾਈ ਗਈ ਉਸ ਨੂੰ ਹਮੇਸ਼ਾਂ ਉਨ੍ਹਾਂ ਵਲੋਂ ਸਮੇਂ ਸਿਰ ਸਹੀ ਢੰਗ ਨਾਲ ਨਿਭਾਇਆ ਗਿਆ। ਸ੍ਰੀ ਸ਼ਿਵ ਕੁਮਾਰ ਸਿੱਖਿਆ ਵਿਭਾਗ ਪੰਜਾਬ ਵਿਚ ਤਕਰੀਬਨ 32 ਸਾਲ ਦੀ ਸਰਕਾਰੀ ਸੇਵਾ ਨਿਭਾਅ ਕੇ ਸ.ਸ.ਸ.ਸ. ਮਾਝੀ (ਸੰਗਰੂਰ) ਤੋਂ ਬਤੌਰ ਲੈਕਚਰਾਰ ਜੌਗਰਫੀ 31 ਅਗਸਤ 2023 ਨੂੰ ਸੇਵਾ ਮੁਕਤ ਹੋ ਰਹੇ ਹਨ।

ਉਹ ਧਾਰਮਿਕ ਬਿਰਤੀ ਵਾਲੇ ਇਨਸਾਨ ਹੋਣ ਕਰਕੇ ਪ੍ਰਮਾਤਮਾ ਤੇ ਭਰੋਸਾ ਰੱਖਣ ਵਾਲੇ ਹਨ। ਉਨ੍ਹਾਂ ਅੰਦਰ ਨਿਮਰਤਾ, ਸਹਿਜਤਾ, ਮਿੱਠ ਬੋਲੜਾ ਸੁਭਾਅ , ਕੰਮ ਕਰਨ ਦੀ ਨਿਪੁੰਨਤਾ ਆਦਿ ਤਾਂ ਦੇਖੀ ਜਾ ਹੀ ਸਕਦੀ ਹੈ ਸਗੋਂ ਹਰ ਕਿਸੇ ਦੇ ਕੰਮ ਕਰਨ ਨੂੰ ਵੀ ਖਿੜ੍ਹੇ ਮੱਥੇ ਤਿਆਰ ਰਹਿੰਦੇ ਹਨ ।ਉਹ ਸਾਦੀ ਜ਼ਿੰਦਗੀ ਬਿਤਾਉਣ ਵਾਲੇ ਇਨਸਾਨ ਹਨ। ਹੁਣ ਸੇਵਾ ਮੁਕਤ ਹੋਣ ਤੋਂ ਪਹਿਲਾਂ ਆਖਰੀ ਮਹੀਨੇ ਉਨ੍ਹਾਂ ਨੂੰ ਸਕੂ.ਲ ਦਾ ਇੰਚਾਰਜ਼ ਬਣਨ ਦਾ ਮੌਕਾ ਪ੍ਰਿੰਸੀਪਲ ਸ੍ਰੀਮਤੀ ਛਿੰਦਰਪਾਲ ਕੌਰ ਦੀ ਸੇਵਾ ਮੁਕਤੀ ਹੋਣ ਕਾਰਨ ਮਿਲਿਆ ਜੋ ਉਹ ਵਧੀਆ ਤਰੀਕੇ ਨਾਲ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਸਟਾਫ ਨਾਲ ਉਨ੍ਹਾਂ ਦੇ ਸਬੰਧ ਪਰਿਵਾਰ ਦੀ ਤਰ੍ਹਾਂ ਰਹੇ ਹਨ। ਉਨ੍ਹਾਂ ਦੀ ਬੇਟੀ ਸਬੀਨਾ ਘਈ ਬੀ.ਐਸ.ਸੀ. (ਮੈਡੀਕਲ) ਕਰਨ ਉਪਰੰਤ ਕਨੈਡਾ ਚਲੀ ਗਈ। ਉਸਨੇ ਆਪਣੇ ਭਰਾ ਸਾਰੰਗ ਘਈ ਨੂੰ ਉਸ ਦੇ ਬਾਰਵੀਂ ਪਾਸ ਕਰਨ ਉਪਰੰਤ ਕਨੈਡਾ ਵਿਖੇ ਹੀ ਬੁਲਾ ਲਿਆ। ਹੁਣ ਦੋਵੇਂ ਭੈਣ ਭਰਾ ਉਥੇ ਪੀ. ਆਰ. ਹੋ ਚੁੱਕੇ ਹਨ ਅਤੇ ਵਧੀਆ ਸੈਟਲ ਹਨ। ਉਹ ਆਂਪਣੇ ਪਰਿਵਾਰ ਨਾਲ ਸੰਗਤਪੁਰਾ ਮੁਹੱਲਾ ਨਾਭਾ ਵਿਖੇ ਰਹਿ ਰਹੇ ਹਨ। 'ਹਾਸ਼ਮ ਫਤਿਹ ਨਸੀਬ ਉਹਨਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ' ਸਤਰਾਂ ਦੀ ਸੱਚਾਈ ਨੂੰ ਉਨ੍ਹਾਂ ਨੇ ਜੇ.ਬੀ.ਟੀ. ਅਧਿਆਪਕ ਤੋਂ ਸਫਰ ਸ਼ੁਰੂ ਕਰਕੇ ਲੈਕਚਰਾਰ ਤੱਕ ਦਾ ਸਫਰ ਤਹਿ ਕਰਕੇ ਸੱਚ ਕਰ ਦਿਖਾਇਆ ਹੈ। ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਬਖਸ਼ੇ।

# ਅਜ਼ਾਦੀ ਲਈ ਕੁਰਬਾਨੀਆਂ 'ਚ ਆਦਿਵਾਸੀਆਂ ਦਾ ਕੋਈ ਸਾਨੀ ਨਹੀਂ



ਐਸ ਐਲ ਵਿਰਦੀ
ਐਡਵੋਕੇਟ

ਦੇਸ਼ ਵਿੱਚ 17 ਕਰੋੜ ਆਦਿਵਾਸੀ ਹਨ ਜੋ ਭਾਰਤ ਦੇ ਧਰਤੀ ਪੁੱਤਰ ਹਨ। ਦੇਸ਼ ਦੇ ਅਜ਼ਾਦੀ ਅੰਦੋਲਨ ਵਿਚ ਆਦਿਵਾਸੀਆਂ ਦੀਆਂ ਸ਼ਹੀਦੀਆਂ ਦਾ ਕੋਈ ਸਾਨੀ ਨਹੀ। ਭਾਰਤ ਦੇ ਅਜ਼ਾਦੀ ਅੰਦੋਲਨ 'ਚ 'ਚੁਹਾੜ ਵਿਦਰੋਹ' 'ਹੂਲ ਵਿਦਰੋਹ', ਭੀਲ ਖਾਨਦੇਸ ਵਿਦਰੋਹ, 'ਭੋਗਨਾ ਡੀਹ ਵਿਦਰੋਹ, 'ਵਿਰਸਾ ਮੁੰਡਾ ਵਿਦਰੋਹ', 'ਪਾਲਚਿੱਤਵਿਆ ਵਿਦਰੋਹ', 'ਰਜਵਾਰਾਂ ਦਾ ਵਿਦਰੋਹ' ਆਦਿ ਵਿਦਰੋਹਾਂ ਵਿਚ ਹਜ਼ਾਰਾਂ ਆਦਿਵਾਸੀ ਸ਼ਹੀਦ ਹੋਏ, ਹਜ਼ਾਰਾਂ ਜਖ਼ਮੀ ਤੇ ਹਜ਼ਾਰਾਂ ਨੇ ਜੇਲ੍ਹਾਂ ਕੱਟੀਆਂ। ਭਾਰਤ ਦੀ ਆਜ਼ਾਦੀ ਲਈ ਫੈਸਲਾਕੁੰਨ ਹੋਏ 'ਹਲਦੀ ਦੀ ਘਾਟੀ ਦੇ ਯੁੱਧ ਵਿਚ ਭੀਲ ਆਦਿਵਾਸੀਆਂ ਦੀ ਬਹਾਦਰੀ ਦੇ ਝੰਡੇ ਹਮੇਸ਼ਾਂ ਝੂਲਦੇ ਹਨ।

ਭਾਰਤ ਦੀ ਅਜ਼ਾਦੀ ਦਾ ਪਹਿਲਾ ਸੁਤੰਤਰਤਾ ਸੰਗਰਾਮ 1771-1784 ਦਰਮਿਆਨ ਆਦਿਵਾਸੀ ਤਿਲਕਾ ਮਾਝੀ ਅਤੇ ਉਸ ਦੇ ਸਾਥੀਆਂ ਨੇ 'ਹੂਲ ਵਿਦਰੋਹ' ਕਰਕੇ ਕੀਤਾ ਸੀ, ਜਿਸ ਵਿੱਚ 20 ਹਜ਼ਾਰ ਆਦਿਵਾਸੀ ਸ਼ਹੀਦ ਹੋਏ। ਤਿਲਕਾ ਮਾਝੀ, ਸਿੱਧੋ ਕਾਹਨੂੰ ਮੁਰਮੂ, ਸਰਦਾਰ ਰਮਨਾ ਅਹਾੜੀ ਤੇ ਅਮੜਾ ਪਾਂਡਾ, ਆਮ ਘਾਂਸ਼ੀ, ਕਰੀਆ ਪੁਜਹਰ ਭਾਰਤ ਦੇ ਅਜ਼ਾਦੀ ਅੰਦੋਲਨ ਦੇ ਮੁੱਢਲੇ ਵਿਦਰੋਹੀ ਸ਼ਹੀਦ ਹਨ। ਬਿਹਾਰ ਦਾ ਰਾਂਚੀ ਖੇਤਰ ਹੁਣ ਬਿਹਾਰ ਤੇ ਝਾੜਖੰਡ, ਛਤੀਸ਼ਗੜ, ਉੜੀਸਾ, ਰਾਜਸਥਾਨ ਆਦਿਵਾਸੀ ਬਹੁਲਤਾ ਵਾਲੇ ਇਲਾਕੇ ਹਨ। ਆਦਿਵਾਸੀ ਅਜ਼ਾਦੀ ਪਸੰਦ ਅਣਖ ਖੋਰੇ ਲੋਕ ਹਨ।

ਆਦਿਵਾਸੀਆਂ ਦੀ ਤ੍ਰਾਸ਼ਦੀ ਦਾ ਸੰਖੇਪ ਇਤਿਹਾਸ ਇਹ ਹੈ ਕਿ ਆਦਿਵਾਸੀ ਕਿਸਾਨ ਜਿਹੜੀ ਵੀ ਜ਼ਮੀਨ ਖੂਨ-ਪਸੀਨਾ ਵਹਾਕੇ, ਪਹਾੜ-ਪੱਥਰ ਤੋੜਕੇ, ਜੰਗਲ ਸਾਫ ਕਰਕੇ ਆਪਣੇ ਜੀਵਨ ਬਸਰ ਲਈ ਤਿਆਰ ਕਰਦੇ, ਉਸ ਨੂੰ ਹੜੱਪਣ ਲਈ ਜ਼ਿਮੀਂਦਾਰ ਸਮੰਤ ਸਾਜ਼ਿਸ਼ਾਂ ਰਚਕੇ, ਜਾਂ ਅੰਗਰੇਜ਼ਾਂ ਦੀ ਜੀ-ਹਜ਼ੂਰੀ ਕਰਕੇ, ਅੰਗਰੇਜ਼ਾਂ ਨੂੰ ਬਹਿਕਾ ਕੇ ਆਦਿਵਾਸੀਆਂ ਦੀਆਂ ਜ਼ਮੀਨਾਂ 'ਤੇ ਲਗਾਣ ਇੰਨਾ ਵਧਾ ਦਿੰਦੇ ਸੀ ਕਿ ਆਦਿ-ਵਾਸੀ ਅਦਾ ਹੀ ਨਾ ਕਰ ਸਕਦੇ। ਲਗਾਣ ਅਦਾ ਨਾ ਕਰਨ 'ਤੇ ਉਹ ਆਦਿਵਾਸੀਆਂ ਨੂੰ ਜ਼ਮੀਨ ਤੋਂ ਬੇਦਖਲ ਕਰਵਾ ਕੇ ਆਪ ਕਬਜੇ ਕਰ ਲੈਂਦੇ ਸਨ। ਵਿਰੋਧ ਕਰਨ 'ਤੇ ਅੰਗਰੇਜ਼ ਸਿਪਾਹੀ ਜ਼ਿਮੀਂਦਾਰ ਸਮੰਤਾਂ ਦੀ ਸ਼ਹਿ 'ਤੇ ਆਦਿਵਾਸੀਆਂ ਉਤੇ ਘੋਰ ਜ਼ੁੱਲਮ ਕਰਦੇ, ਉਹਨਾਂ ਦੀਆਂ ਔਰਤਾਂ ਦੀਆਂ ਇੱਜ਼ਤਾਂ ਲੁੱਟਦੇ।

ਆਦਿਵਾਸੀਆਂ ਨੇ ਇਕੱਠੇ ਹੋ ਕੇ ਇਸ ਜ਼ਬਰ ਦਾ ਪ੍ਰਚੰਡ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। 1771-1784 ਦਰਮਿਆਨ ਤਿਲਕਾ ਮਾਝੀ ਉਰਫ ਜਬਰਾ ਪਹਾੜੀਆ ਨੇ ਪਹਾੜੀ ਇਲਾਕਿਆਂ 'ਚੋਂ ਆਦਿਵਾਸੀਆਂ ਨੂੰ ਇਕੱਠੇ ਕਰਕੇ 'ਗੁਰੀਲਾ ਸੈਨਾ' ਤਿਆਰ ਕਰ ਲਈ। ਤਿਲਕਾ ਮਾਝੀ ਤੇ ਉਸ ਦੀ ਸੈਨਾ ਨੇ ਰਿਆਸਤੀ ਰਾਜਿਆਂ, ਸਮੰਤਾਂ ਅਤੇ ਝਾੜਖੰਡ 'ਚ ਸਰਕਾਰੀ ਅਫ਼ਸਰਾਂ ਨਾਲ ਲੋਹਾ ਲੈਣਾ ਸ਼ੁਰੂ ਕਰ ਦਿੱਤਾ। ਤਿਲਕਾ ਮਾਝੀ ਤੇ ਉਸ ਦੀ ਸੈਨਾ ਨੇ 1778 ਈ. ਵਿੱਚ ਅੰਗਰੇਜ਼ਾਂ ਦੇ ਰਾਮਗੜ੍ਹ ਕੈਂਪ 'ਤੇ ਕਬਜਾ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਉਥੋਂ ਭਜਾ ਦਿੱਤਾ। 1784 'ਚ ਜਬਰਾ ਨੇ ਲਾਰਡ ਕਲੀਬਲੈਂਡ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਲਾਰਡ ਆਇਰਕੁੱਟ ਨੇ ਜਬਰਾ ਦੀ ਗੁਰੀਲਾ ਸੈਨਾ 'ਤੇ ਭਾਰੀ ਫੌਜ ਨਾਲ ਜਬਰਦਸਤ ਹਮਲਾ ਕੀਤਾ, ਜਿਸ ਵਿੱਚ ਸੈਂਕੜੇ ਆਦਿਵਾਸੀ ਲੜਾਕੇ ਮਾਰੇ ਗਏ। ਅੰਗਰੇਜ਼ ਫੌਜ ਦੇ ਅਫ਼ਸਰ ਤਿਲਕਾ ਮਾਝੀ ਉਰਫ ਜਬਰਾ ਨੂੰ ਚਾਰ ਘੋੜਿਆਂ ਪਿੱਛੇ ਬੰਨ੍ਹ ਕੇ ਘਸੀਟਦੇ ਹੋਏ ਭਾਗਲਪੁਰ ਲੈ ਗਏ ਤੇ ਉੱਥੇ 13 ਜਨਵਰੀ 1785 ਨੂੰ ਜਬਰਾ ਪਹਾੜੀਆ ਉਰਫ ਤਿਲਕਾ ਮਾਝੀ ਨੂੰ ਫਾਂਸੀ 'ਤੇ ਲਟਕਾ ਦਿੱਤਾ। ਬੰਗਾਲ ਦੀ ਪ੍ਰਸਿੱਧ ਲੇਖਿਕਾ ਮਹਾਂਸ਼ਵੇਤਾ ਦੇਵੀ ਨੇ ਤਿਲਕਾ ਮਾਝੀ ਤੇ ਉਹਨਾਂ ਦੇ ਵਿਦਰੋਹ ਬਾਰੇ, "ਸ਼ਾਲ ਗਿਰਰ ਡਾਕੇ'' ਨਾਵਲ, ਹਿੰਦੀ ਦੇ ਨਾਵਲਕਾਰ, ਰਕੇਸ਼ ਕੁਮਾਰ ਸਿੰਘ ਨੇ ਆਦਿਵਾਸੀਆਂ ਦੀਆਂ ਕੁਰਬਾਨੀਆਂ ਬਾਰੇ,"ਹੂਲ ਪਹਾੜੀਆ'' ਨਾਵਲ ਲਿਖਿਆ। ਉਹਨਾਂ ਆਦਿਵਾਸੀਆਂ ਦੇ ਸਮੂਹਿਕ ਕਤਲੇਆਮ ਬਾਰੇ ਲਿੱਖਿਆ, '18ਵੀਂ ਸਦੀ 'ਚ ਸਮੰਤ ਜ਼ਿਮੀਂਦਾਰਾਂ ਨੇ ਅੰਗਰੇਜ਼ਾਂ ਨਾਲ ਮਿਲੀ ਭੁਗਤ ਕਰਕੇ, ਆਦਿਵਾਸੀ ਲੋਕਾਂ ਨੂੰ ਬਗਾਵਤੀ ਦੱਸਕੇ ਅੰਗਰੇਜ਼ ਫੌਜ਼ ਤੇ ਪੁਲਿਸ ਕੋਲੋਂ ਮਰਵਾ ਕੇ ਉਹਨਾਂ ਦੀਆਂ ਜ਼ਮੀਨ ਜਾਇਦਾਦਾਂ 'ਤੇ ਕਬਜੇ ਕਰਕੇ ਹਥਿਆ ਲਈਆਂ।

ਆਦਿਵਾਸੀ ਚੁਆੜ ਵਿਦਰੋਹਾਂ ਦੀ ਸੰਖੇਪ ਗਾਥਾ ਇਹ ਹੈ ਕਿ ਚੁਆੜਾਂ ਦੁਆਰਾ ਖੂੰਨ-ਪਸੀਨਾ ਵਹਾਕੇ ਉਪਜਾਊ ਕੀਤੀ ਗਈ ਜੱਦੀ ਜ਼ਮੀਨ ਨੂੰ ਬ੍ਰਿਟਿਸ਼ ਸਰਕਾਰ ਨੇ ਖੋਹ ਕੇ ਜਦ ਆਪਣੇ ਟੋਡੀ ਰਖੇਲ ਜ਼ਿਮੀਂਦਾਰਾਂ ਨੂੰ ਦੇਣ ਲੱਗ ਪਏ ਤਾਂ ਚੁਆੜਾਂ ਨੇ ਅੰਗਰੇਜ਼ਾਂ ਖਿਲਾਫ ਵਿਦਰੋਹ ਕਰ ਦਿੱਤਾ। ਉਸ ਸਮੇਂ ਬੇਸ਼ਕ ਸੈਂਕੜੇ ਚੁਆੜ ਸ਼ਹੀਦ ਹੋ ਗਏ ਪਰ ਫਿਰ ਵੀ ਚੁਆੜਾਂ ਨੇ ਵੀ ਅੰਗਰੇਜ਼ਾਂ ਤੇ ਸਮੰਤ ਜ਼ਗੀਰਦਾਰਾਂ ਉਤੇ ਜਵਾਬੀ ਕਾਰਵਾਈ ਕਰਕੇ ਜ਼ਮੀਨਾਂ ਮੁੜ ਆਪਣੇ ਕਬਜ਼ੇ 'ਚ ਕਰ ਲਈਆਂ। ਇਤਿਹਾਸ 'ਚ ਇਹ ਪਹਿਲੇ 'ਚੁਆੜ ਵਿਦਰੋਹ' ਦੇ ਨਾਮ ਨਾਲ ਪ੍ਰਸਿੱਧ ਹੈ।

ਰਾਜਸਥਾਨ ਵਿੱਚ ਆਦਿਵਾਸੀ ਭੀਲਾਂ ਤੋਂ ਜ਼ਿਮੀਦਾਰ ਜ਼ਬਰੀ ਬੇਗ਼ਾਰ ਲੈਂਦੇ ਸੀ। ਆਦਿਵਾਸੀ ਆਗੂ ਗੋਬਿੰਦ ਨੇ ਬਾਂਸਵਾੜਾ ਖੇਤਰ ਵਿਚ ਬੇਗ਼ਾਰ ਵਿਰੁੱਧ ਬਗਾਵਤ ਕਰਨ ਲਈ 'ਸਾਂਪ ਸਭਾ'ਬਣਾਕੇ ਬੇਗ਼ਾਰ ਦੇਣੀ ਬੰਦ ਕਰ ਦਿੱਤੀ। ਜ਼ਿਮੀਦਾਰਾਂ



ਨੇ ਅੰਗਰੇਜ਼ਾਂ ਨੂੰ ਇਹ ਕਹਿਕੇ ਭੜਕਾ ਦਿੱਤਾ, "ਭੀਲ ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਵਾਲੇ ਆ''। ਬ੍ਰਿਟਿਸ਼ ਕਰਨਲ ਸ਼ਟਨ ਨੇ ਅਹਿਮਦਾਬਾਦ, ਬੜੌਦਾ ਤੇ ਗੋਧਾਮ ਤੋਂ ਫੌਜਾਂ ਮੰਗਵਾ ਕੇ ਮਾਨਗੜ੍ਹ ਪਹਾੜੀ ਨੂੰ ਚਾਰੇ ਪਾਸਿਓ ਘੇਰਾ ਪਾ ਕੇ ਗੋਲਾ ਬਾਰੀ ਦਾ ਕਹਿਰ ਵਰਸਾ ਦਿੱਤਾ। ਨਿੱਥੇ 1500 ਭੀਲ ਥਾਂਹੇਂ ਸ਼ਹੀਦ ਕਰ ਦਿੱਤੇ ਗਏ। ਗੋਬਿੰਦ ਨੂੰ ਗਿਫ੍ਤਾਰ ਕਰਕੇ 30 ਅਕਤੂਬਰ 1831 ਨੂੰ ਸ਼ਹੀਦ ਕਰ ਦਿੱਤਾ। ਇਤਿਹਾਸ ਵਿੱਚ ਇਹ 'ਖਾਨਦੇਸ ਵਿਦਰੋਹ' ਨਾਲ ਪ੍ਰਸਿੱਧ ਹੈ। ਅੰਗਰੇਜ਼ ਕਰਨਲ ਟਾਡ ਨੇ ਲਿਖਿਆ ਹੈ ਕਿ ਰਾਜਸਥਾਨ ਦੇ ਬਾਂਸਵਾੜਾ ਖੇਤਰ 'ਚ ਆਜ਼ਾਦੀ ਦੇ ਯੁੱਧ ਵਿੱਚ, ਟਾਂਟੀਆ ਭੀਲ ਦੀ ਅਗਵਾਈ 'ਚ ਭੀਲਾਂ ਨੇ ਜੋ ਜ਼ੌਹਰ ਵਿਖਾਏ ਉਸ ਤੋਂ ਰਾਜਾ ਲਛਮਣ ਵੀ ਚੌਕ ਗਿਆ ਸੀ। ਰਾਣਾ ਪ੍ਰਤਾਪ ਨੂੰ ਭੀਲਾਂ ਦਾ ਪੂਰਾ ਸਹਿਯੋਗ ਰਿਹਾ। ਭਾਰਤ ਵਿਚ ਹਲਦੀ ਦੀ ਘਾਟੀ ਦਾ ਯੁੱਧ ਭੀਲਾਂ ਦੀ ਬਹਾਦਰੀ ਦੀ ਇੱਕ ਜਿਊਂਦੀ ਜਾਗਦੀ ਮਿਸਾਲ ਹੈ।

ਅੰਗ੍ਰੇਜ਼ੀ ਸਾਮਰਾਜ ਦੇ ਵਿਰੁੱਧ ਨਵਾਦਾ, ਰਾਜਗ੍ਰਹਿ ਅਤੇ ਰਜੌਲੀ ਦੇ ਰਜਵਾਰ ਆਦਿਵਾਸੀਆਂ ਦੇ ਵਿਦਰੋਹ, ਏਤਵਾ ਅਤੇ ਪਤੇਹ ਰਜਵਾਰਾ ਦੇ ਵਿਦਰੋਹ ਨੇ ਬ੍ਰਿਟਿਸ਼ ਸਰਕਾਰ ਦੀ ਨੀਂਦ ਹਰਾਮ ਕਰ ਦਿਤੀ। ਬ੍ਰਿਟਿਸ਼ ਸਰਕਾਰ ਦੀਆਂ 10 ਹਜ਼ਾਰ ਫੌਜਾਂ ਨੇ ਵਿਦਰੋਹੀਆਂ ਨੂੰ ਚਾਰੇ ਪਾਸਿਆਂ ਤੋਂ ਘੇਰਕੇ 8 ਅਪ੍ਰੈਲ 1863 ਨੂੰ ਬਕਸੋਤੀ ਦੇ ਜੰਗਲਾਂ ਤੇ ਧਾਵਾ ਬੋਲ ਦਿੱਤਾ। ਪਰ ਏਤਵਾ ਸਾਥੀਆਂ ਸਮੇਤ ਬਚ ਕੇ ਨਿਕਲਣ ਵਿੱਚ ਸਫਲ ਹੋ ਗਏ। ਪੁਲਿਸ ਨੇ ਵਿਦਰੋਹੀਆਂ ਨੂੰ ਜ਼ਿੰਦਾ ਜਾਂ ਮੁਰਦਾ ਫੜਾਉਣ ਲਈ ਕ੍ਰਾਂਤੀਕਾਰੀਆਂ ਦੇ ਇਨਾਮ ਰੱਖ ਦਿੱਤੇ। ਜਦ ਕਿਸੇ ਤਰ੍ਹਾਂ ਵੀ ਰਜਵਾਰਾ ਵਿਦਰੋਹੀ ਕਾਬੂ ਨਹੀਂ ਆਏ ਤਾਂ ਅੰਗ੍ਰੇਜ਼ਾਂ ਨੇ ਜ਼ਿਮੀਂਦਾਰ ਸਮੰਤਾਂ ਨਾਲ ਮਿਲੀ ਭਗਤ ਕਰਕੇ, ਵਿਦਰੋਹੀਆਂ ਦੇ ਖਾਣੇ 'ਚ ਜ਼ਹਿਰ ਮਿਲਵਾ ਕੇ ਉਨ੍ਹਾਂ ਨੂੰ ਖਤਮ ਕਰਵਾ ਦਿੱਤਾ। ਬੇਕਸੂਰ ਰਜਵਾਰਾਂ ਦੇ ਬੱਚੇ, ਬੁੱਢੇ ਅਤੇ ਇਸਤਰੀਆਂ ਨੂੰ ਗ੍ਰਿਫਤਾਰ ਕਰ ਲਿਆ। ਬ੍ਰਿਟਿਸ਼ ਸਰਕਾਰ ਨੇ ਪੂਰੇ ਰਜਵਾਰਾ ਸਮੁਦਾਇ ਨੂੰ ਹੀ ਡਕੈਤ, ਬਦਮਾਸ਼ ਤੇ ਅੱਤਵਾਦੀ ਸਮਾਜ ਘੋਸ਼ਿਤ ਕਰ ਦਿੱਤਾ। ਇੰਨਾ ਹੀ ਨਹੀਂ ਰਾਜਵਾਰਿਆਂ ਨੂੰ ਕੁਚਲਨ ਲਈ ਕ੍ਰਿਮੀਨਲ ਟ੍ਰਾਈਬਜ ਐਕਟ 1871 ਬਣਾ ਦਿੱਤਾ।

ਬਿਹਾਰ ਹੁਣ ਝਾੜ ਖੰਡ 'ਚ ਸਮੰਤ, ਜ਼ਿਮੀਦਾਰ ਤੇ ਅੰਗਰੇਜ਼ੀ ਸ਼ਾਸਕਾਂ ਦੇ ਅੱਤਿਆਚਾਰਾਂ ਦਾ ਵਿਰੋਧ ਕਰਨੇ ਲਈ 5 ਅੰਦੋਲਨ -ਪਹਿਲਾ 1850 ਤੋਂ ਸਰਦਾਰ ਅੰਦੋਲਨ, ਦੂਜਾ 1855 ਤੋਂ ਸੁਤੰਤਰਤਾ ਅੰਦੋਲਨ, ਤੀਜਾ 1858-1881 ਦਰਮਿਆਨ ਜ਼ਮੀਰ ਅੰਦੋਲਨ, ਚੌਥਾ 1882-1890 ਤੱਕ ਮਿਸ਼ਨ ਵਿਦਰੋਹ ਤੇ ਪੰਜਵਾ 1891 ਤੋਂ 1895 ਤਕ ਰਾਜਨੀਤਕ ਅੰਦੋਲਨ ਚਲਾਏ। ਸਾਹਿਬਗੰਜ ਜ਼ਿਲ੍ਹੇ 'ਚ ਅੰਗਰੇਜ਼ ਸਰਕਾਰ ਨੇ ਜ਼ਿਮੀਂਦਾਰਾਂ ਦੀ ਸ਼ਹਿ 'ਚ ਆਦਿਵਾਸੀਆਂ ਦੀਆਂ ਜ਼ਮੀਨਾਂ 'ਤੇ ਲਗਾਣ ਬਹੁਤ ਵਧਾ ਦਿੱਤਾ, ਤਾਂ ਜ਼ਿਲ੍ਹੇ ਦੀ ਭੋਗਨਾ ਡੀਹ ਦੇ 400 ਪਿੰਡਾਂ ਦੇ 40,000 ਆਦਿਵਾਸੀਆਂ ਨੇ ਅੰਗਰੇਜ਼ ਸਰਕਾਰ ਨੂੰ ਮਾਮਲਾ ਦੇਣ ਤੋਂ ਇਨਕਾਰ ਕਰ ਦਿੱਤਾ। 30 ਜੂਨ, 1855 ਨੂੰ ਸੰਥਾਲ ਆਦਿਵਾਸੀਆਂ ਨੇ ਸਿੱਧੋ ਕਾਹਨੂੰ, ਚਾਂਦ, ਭੈਰਵ ਅਤੇ ਉਹਨਾਂ ਦੀ ਭੈਣ ਫੂਲੋ, ਚਾਨੋ ਦੀ ਰਹਿਨੁਮਾਈ 'ਚ ਬਗ਼ਾਵਤ ਕਰਦਿਆ ਐਲਾਨਿਆ ਕਿਹਾ, "ਅੰਗਰੇਜ਼ੋ-ਸਾਡੀ ਧਰਤੀ ਛੱਡੋ''।

ਅੰਗਰੇਜ਼ ਸਰਕਾਰ ਨੇ ਸੰਥਾਲ ਆਦਿਵਾਸੀ ਸਿੱਧੋ ਕਾਹਨੂੰ, ਚਾਂਦ, ਭੈਰਵੋ ਆਦਿ ਨੂੰ ਯਕਦਮ ਗ੍ਰਿਫਤਾਰ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ। ਪੁਲਿਸ ਦਰੋਗਾ ਜਦ ਸਿੱਧੋ ਕਾਹਨੂੰ, ਚਾਂਦ, ਭੈਰਵ ਨੂੰ ਗ੍ਰਿਫਤਾਰ ਕਰਨ ਆਏ ਤਾਂ ਆਦਿਵਾਸੀਆਂ ਨੇ ਦਰੋਗਾ ਦਾ ਸਿਰ ਕੱਟ ਕੇ ਉਸਨੂੰ ਮਾਰ ਦਿੱਤਾ ਅਤੇ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਹੋਰ ਤੇਜ਼ ਕਰ ਦਿੱਤੀ। ਅੰਗਰੇਜ਼ਾਂ ਨੇ ਚਾਲੀ ਆਦਿਵਾਸੀ ਆਗੂ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ। ਉਹਨਾਂ 'ਚੋਂ ਅੱਠ ਆਗੂ ਜੇਲ੍ਹ ਵਿੱਚ ਹੀ ਸ਼ਹੀਦ ਹੋ ਗਏ। ਅੰਗਰੇਜ਼ੀ ਫੌਜ ਨੇ ਭੋਗਨਾ ਡੀਹ ਦੇ ਪਿੰਡਾਂ ਨੂੰ ਘੇਰ ਘੇਰ ਕੇ ਸੈਂਕੜੇ ਆਦਿਵਾਸੀਆਂ ਦੇ ਘੱਲੂ-ਘਾਰੇ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ।

ਅੰਗਰੇਜ਼ ਇਤਿਹਾਸਕਾਰ ਵਿਲਿਅਮ ਵੈਲਸਨ, ਹੰਟਰ ਨੇ ਆਪਣੀ ਕਿਤਾਬ 'ਦੀ ਅਨੈਲਸਿਜ਼ ਆਫ ਰੂਰਲ ਬੰਗਾਲ' ਦੇ ਸਫਾ 220 'ਚ ਲਿਖਿਆ ਹੈ, 'ਅੰਗਰੇਜ਼ਾਂ ਦਾ ਕੋਈ ਵੀ ਸਿਪਾਹੀ ਐਸਾ ਨਹੀਂ, ਜੋ ਆਦਿਵਾਸੀਆਂ ਦੇ ਬਲੀਦਾਨ ਨੂੰ ਲੈ ਕੇ ਸ਼ਰਮਿੰਦਾ ਨਾ ਹੋਇਆ ਹੋਵੇ। ਉਹਨਾਂ ਲਿੱਖਿਆ ਕਿ ਆਪਣੇ ਹੀ ਕੁਝ ਵਿਸ਼ਵਾਸਘਾਤੀਆਂ ਦੇ ਵਿਸ਼ਵਾਸਘਾਤ ਕਾਰਨ ਸਿੱਧੋ ਅਤੇ ਕਾਹਨੂੰ ਨੂੰ ਗ੍ਰਿਫਤਾਰ ਕਰਕੇ ਬ੍ਰਿਟਿਸ਼ ਰਾਜ ਦੀ ਦਹਿਸ਼ਤ ਫੈਲਾਉਣ ਲਈ ਅੰਗਰੇਜ਼ਾਂ ਨੇ ਭੋਗਨਾ ਡੀਹ ਪਿੰਡ 'ਚ ਸਭ ਦੇ ਸਾਹਮਣੇ ਇੱਕ ਦਰਖਤ 'ਤੇ ਟੰਗ ਕੇ ਸਿੱਧੋ ਅਤੇ ਕਾਹਨੂੰ ਨੂੰ ਫਾਂਸੀ 'ਤੇ ਲਟਕਾ ਦਿੱਤਾ। ਬਾਅਦ 'ਚ ਆਦਿਵਾਸੀ ਵਿਦਰੋਹੀਆਂ ਤੇ ਅੰਗਰੇਜ਼ ਫੌਜ਼, ਪੁਲਿਸ ਵਿਚਕਾਰ ਗਹਿ ਗੱਚ ਲੜਾਈ ਹੋਈ। ਇਸ ਲੜਾਈ ਵਿੱਚ ਹਜਾਰਾਂ ਆਦਿਵਾਸੀ ਮਾਰੇ ਗਏ।'' ਸਿੱਧੋ ਕਾਹਨੂੰ ਦੀ ਯਾਦ ਵਿੱਚ ਭਾਰਤ ਸਰਕਾਰ ਨੇ ਹੁਣ 2002 ਵਿੱਚ ਡਾਕ ਟਿਕਟ ਜਾਰੀ ਕੀਤਾ ਹੈ।

ਅੰਗਰੇਜਾਂ ਨੇ ਜਦ ਰਾਂਚੀ ਇਲਾਕੇ ਦੀ ਸਾਰੀ ਜ਼ਮੀਨ ਹੀ ਬਣ ਭੂਮੀ ਐਲਾਨ ਕਰ ਦਿੱਤੀ ਤਾਂ ਆਦਿਵਾਸੀ ਬਿਰਸਾ ਮੁੰਡਾ ਨੇ ਅੰਗਰੇਜ਼ਾਂ ਵਿਰੁੱਧ 24 ਦਿਸੰਬਰ 1899 ਈ. ਨੂੰ 'ਮੁੰਡਾ ਵਿਦਰੋਹ' ਸ਼ੁਰੂ ਕਰ ਦਿੱਤਾ। ਮੁੰਡਾ ਅੰਦੋਲਨ ਦੇ ਕ੍ਰਾਂਤੀਕਾਰੀਆਂ ਨੇ ਮਸ਼ਾਲਾਂ ਨਾਲ ਅੰਗਰੇਜ਼ਾਂ ਦੇ ਦਫਤਰਾਂ ਨੂੰ ਅੱਗਾਂ ਲਾ ਦਿੱਤੀਆਂ। ਅੰਦੋਲਨ ਰਾਂਚੀ, ਸਿੰਹ, ਭੂਮੀ, ਬਾਂਕੁਰਾ ਅਤੇ ਸੰਥਾਲ ਪਰਗਨਾਂ ਤਕ ਫੈਲ ਗਿਆ। ਅੰਗਰੇਜ਼ਾਂ ਨੇ ਬਿਰਸਾ ਮੁੰਡਾ ਨੂੰ ਫੜਾਉਣ ਲਈ 500 ਰੁਪਏ ਇਨਾਮ ਦਾ ਐਲਾਨ ਕਰ ਦਿੱਤਾ। ਅੰਤ ਉਸ ਨੂੰ ਫੜ ਲਿਆ ਗਿਆ ਅਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ, ਜਿੱਥੇ 6 ਜੂਨ 1900 ਨੂੰ ਉਹ ਸ਼ਹੀਦ ਹੋ ਗਏ। ਮੁੰਡਾ ਅੰਦੋਲਨ 'ਚ ਮੁੰਡਾ ਮਾਨ ਦੇਵ, ਮੁੰਡਾ ਸਾਂਢੇ, ਮੁੰਡਾ ਸੁਖਰਾਮ, ਮੁੰਡਾ ਸਾਂਬਰਾਏ, ਮੁੰਡਾ ਛਤੀਰਾਮ, ਮੁੰਡਾ ਹਰੋ ਆਦਿ ਨੇ ਵੀ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਮਾਨਗੜ੍ਹ ਦੇ ਕੋਲ ਸੀਮਾਵਰਤੀ ਗੁਜਰਾਤ ਦੀ ਵਿਜੈਨਗਰ ਤਹਿਸੀਲ ਦੇ ਪਿੰਡ ਪਾਲਚਿੱਤਰਿਆ 'ਚ ਅੰਗਰੇਜ਼ਾਂ ਦੀ ਸ਼ਹਿ 'ਤੇ ਜਾਗੀਰਦਾਰ ਤੇ ਸਮੰਤਾਂ ਨੇ ਆਦਿਵਾਸੀਆਂ ਦੀਆਂ ਜ਼ਮੀਨਾਂ ਤੇ ਜੰਗਲਾਂ 'ਤੇ ਕਬਜੇ ਕਰ ਲਏ। ਆਦਿ-ਵਾਸੀਆਂ ਨੇ 7 ਮਾਰਚ 1922 ਨੂੰ ਵਿਦਰੋਹ ਕਰ ਦਿੱਤਾ। ਹੌਲੀ-ਹੌਲੀ ਇਹ ਅੰਦੋਲਨ ਸਿਰੋਹੀ, ਦਾਤਾ, ਪਾਲਨਪੁਰ, ਈਡਰ ਅਤੇ ਵਿਜੈ-ਨਗਰ ਆਦਿ ਰਾਜਾਂ ਦੇ ਆਦਿਵਾਸੀ ਖੇਤਰਾਂ ਵਿੱਚ ਵੀ ਫੈਲ ਗਿਆ। ਆਦਿਵਾਸੀ ਆਗੂ ਤੇਜਾਵਤ ਨੇ ਵਿਜੈ ਨਗਰ ਦੇ ਨੀਮੜਾ ਪਿੰਡ ਵਿੱਚ ਬੜੀ ਭਾਰੀ ਕਾਨਫਰੰਸ ਦਾ ਆਯੋਜਨ ਕੀਤਾ। ਬ੍ਰਿਟਿਸ਼ ਕਮਾਂਡਰ ਐੱਚ. ਸੀ. ਹਟਨ ਨੇ ਆਦਿਵਾਸੀ ਵਿਦਰੋਹ ਨੂੰ ਦਬਾਉਣ ਲਈ ਮੈਵਾੜ ਅਤੇ ਗੁਆਂਢੀ ਰਿਆਸਤਾਂ ਦੀਆਂ ਫੌਜਾਂ ਮੰਗਵਾ ਲਈਆਂ। ਹਥਿਆਰਬੰਦ ਫੌਜ ਨੇ ਕਾਨਫਰੰਸ ਨੂੰ ਘੇਰ ਲਿਆ। ਮਸ਼ੀਨਗੰਨਾਂ ਤੇ ਬੰਦੂਕਾਂ ਨਾਲ ਅੰਧਾਧੁੰਦ ਗੋਲਾ ਬਾਰੀ ਕੀਤੀ ਗਈ। ਸੈਂਕੜੇ ਭੀਲ ਅਤੇ ਗ੍ਰਾਮੀਏ ਆਦਿਵਾਸੀ ਜਖ਼ਮੀ ਹੋਏ ਤੇ ਸੈਂਕੜੇ ਹੱਸ-ਹੱਸ ਕੇ ਸ਼ਹਾਦਤ ਦਾ ਜਾਮ ਪੀ ਗਏ। ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਕਰੀਬ 1200 ਆਦਿਵਾਸੀ ਮਾਰੇ ਗਏ। ਕੁੱਝ ਲਾਸ਼ਾਂ ਨੂੰ ਉੱਥੇ ਹੀ ਨੇੜੇ ਇੱਕ ਖੂਹ ਵਿੱਚ ਸੁੱਟ ਦਿੱਤਾ ਗਿਆ ਅਤੇ ਬਾਕੀਆਂ ਨੂੰ ਇਕ ਵੱਡੇ ਖੱਡੇ 'ਚ ਦਬਾ ਦਿੱਤਾ ਗਿਆ ਤੇ ਸੈਂਕੜੇ ਆਦਿਵਾਸੀ ਸੰਗਰਾਂਮੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ 'ਤੇ ਰਾਜਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ। ਗੁਜਰਾਤ ਸਰਕਾਰ ਨੇ ਆਦਿ ਵਾਸੀ ਸ਼ਹੀਦਾਂ ਦੀ ਯਾਦ ਵਿੱਚ ਇੱਕ ਸਮਾਰਕ 'ਲਾਟ' ਦੀ ਉਸਾਰੀ ਕਰਵਾਈ ਹੈ।

ਦੇਸ਼ ਦੇ ਅਜ਼ਾਦ ਹੋਣ ਤੋਂ ਬਾਅਦ ਵੀ ਸਰਕਾਰਾਂ ਆਦਿਵਾਸੀਆਂ ਦੀਆਂ ਘੁੱਪ ਹਨੇਰੀਆਂ ਝੁੱਗੀਆਂ ਵਿੱਚ ਚਾਨਣ ਕਿਉ ਨਹੀਂ ਕਰਦੀਆਂ? ਉਹਨਾਂ ਦੀ ਸੁੱਖ-ਸੁਵਿਧਾ ਲਈ ਪੀਣ ਵਾਲਾ ਪਾਣੀ, ਸਕੂਲ, ਹਸਪਤਾਲ, ਬੁਨਿਆਦੀ ਸਹੂਲਤਾਂ ਕਿਉ ਨਹੀਂ ਦੇ ਰਹੀਆਂ? ਆਦਿਵਾਸੀਆਂ ਦੇ ਜੀਵਨ ਵਿਚ ਪ੍ਰੀਵਰਤਨ ਕਿਉ ਨਹੀ ਆ ਰਿਹਾ?

ਇੱਥੇ ਜ਼ਿਕਰਯੋਗ ਹੈ ਕਿ ਆਦਿਵਾਸੀਆਂ ਨੂੰ ਉਹਨਾਂ ਦੀ ਜ਼ਮੀਨ ਜੰਗਲ ਤੋਂ ਇਸ ਲਈ ਉਜਾੜਿਆ ਜਾ ਰਿਹਾ ਹੈ ਕਿਉਕਿ ਜਿਹਨਾਂ ਜ਼ਮੀਨਾਂ, ਜੰਗਲਾਂ, ਪਹਾੜਾਂ 'ਚ ਆਦਿਵਾਸੀ ਰਹਿ ਰਹੇ ਹਨ, ਉਹ ਬੇਸ਼ੁਮਾਰ ਖਣਿਜਾਂ, ਧਾਤਾਂ, ਲੋਹਾ, ਕੋਲਾ, ਸੋਨਾ, ਹੀਰੇ ਜਵਾਹਰ ਆਦਿ ਕੁਦਰਤੀ ਵਸੀਲਿਆਂ ਨਾਲ ਭਰੇ ਪਏ ਹਨ। ਅਜ਼ਾਦੀ ਤੋਂ ਪਹਿਲਾਂ ਪਹਿਲਾਂ ਵੀ ਜ਼ਿਮੀਦਾਰ, ਸਮੰਤ, ਮੁਗਲ-ਅੰਗਰੇਜ਼ ਸ਼ਾਸ਼ਕਾਂ ਨਾਲ ਸਾਜ਼ਿਸ਼ਾਂ ਰਚਕੇ ਆਦਿਵਾਸੀਆਂ ਦੀਆਂ ਜ਼ਮੀਨਾਂ ਹੜੱਪਦੇ ਰਹੇ ਅਤੇ ਹੁਣ ਲੋਟੂ ਲੀਡਰ ਤੇ ਭਰਿਸ਼ਟ ਅਫ਼ਸਰ ਆਪਣੇ ਅਤੇ ਕਾਰਪੋਰੇਟ ਸਰਮਾਏਦਾਰਾਂ ਦੇ ਢਿੱਡ ਭਰਨ ਵਿਚ ਲੱਗੇ ਹੋਏ ਹਨ। ਆਦਿਵਾਸੀ ਗਰੀਬ ਮਜ਼ਦੂਰ ਕਿਸਾਨ ਅਨਪੜ੍ਹਤਾ ਤੇ ਗਰੀਬੀ 'ਚ ਜਨਮਦੇ ਹਨ, ਅਨਪੜ੍ਹਤਾ ਤੇ ਗਰੀਬੀ 'ਚ ਹੀ ਪਲਦੇ ਹਨ ਅਤੇ ਅਨਪੜ੍ਹਤਾ ਤੇ ਗਰੀਬੀ 'ਚ ਹੀ ਮਰ ਜਾਂਦੇ ਹਨ।

# ਸਾਹਿਤਕਾਰ ਦੇਸ ਰਾਜ ਕਾਲੀ ਦੇ ਚਲਾਣੇ ਤੇ ਪੰਜਾਬੀ ਸਾਹਿਤ ਸਭਾ ਵਲੋਂ ਦੁਖਦ ਅਹਿਸਾਸ



ਸਾਹਿਤਕਾਰ ਦੀ ਕਲਮ ਨੇ ਆਪਣੇ ਤਰੱਦਦ ਰਾਹੀਂ ਸਮਾਜ ਵਿਚਲੀਆਂ ਕਰੁਤੀਆਂ ਨੂੰ ਹੂੰਝ ਕੇ ਇੱਕ ਸੁਚੱਜੇ ਸਮਾਜ ਦਾ ਨਿਰਮਾਣ ਕਰਨਾ ਹੁੰਦਾ ਹੈ। ਇਹ ਸਭ ਕਲਮ ਦੀ ਤਾਕਤ ਨਾਲ ਹੀ ਸੰਭਵ ਹੈ।ਇਸੇ ਕਰਕੇ ਕਲਮ ਦੀ ਤਾਕਤ ਨੂੰ ਤੋਪ-ਤਲਵਾਰ ਤੋਂ ਵੱਡਾ ਮੰਨਿਆ ਜਾਂਦਾ ਹੈ। ਪਰ ਜਦੋਂ ਇਸ ਕਲਮ ਦਾ ਧਾਰਕ ਸਮੇਂ ਤੋਂ ਬਹੁਤ ਪਹਿਲਾਂ ਸਦੀਵੀ ਵਿਛੋੜਾ ਦੇ ਜਾਵੇ ਤਾਂ ਭਾਸ਼ਾ, ਸਾਹਿਤ ਅਤੇ ਸਮਾਜ ਨੂੰ ਬਹੁਤ ਵੱਡਾ ਘਾਟਾ ਪੈ ਜਾਂਦਾ ਹੈ।ਇਹੋ ਘਾਟਾ ਪਾ ਗਿਆ ਮਹਿਜ਼ 52 ਵਰ੍ਹਿਆਂ ਦੀ ਉਮਰੇ ਕਹਾਣੀਕਾਰ, ਨਾਵਲਕਾਰ, ਇਤਿਹਾਸਕਾਰ, ਪੱਤਰਕਾਰ ਅਤੇ ਆਲੋਚਕ ਦੇਸ ਰਾਜ ਕਾਲੀ। ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਪ੍ਰਧਾਨ ਮਦਨ ਵੀਰਾ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਹੁਰਾਂ ਨੇ ਸਾਹਿਤ ਸਭਾ ਵਿੱਚ ਸ਼ੋਕ ਮਤਾ ਪੇਸ਼ ਕਰਦਿਆਂ ਕਿਹਾ ਕਿ ਦੇਸ ਰਾਜ ਕਾਲੀ ਨੇ ਆਪਣੀ ਕਲਮ ਤੋਂ ਪ੍ਰਥਮ ਪੁਰਾਣ, ਸ਼ਾਂਤੀ ਪਰਵ, ਸ਼ਹਿਰ ਵਿੱਚ ਸਾਨ੍ਹ ਹੋਣ ਦਾ ਮਤਲਵ, ਯਹਾਂ ਚਾਏ ਅੱਛੀ ਨਹੀਂ ਬਨਤੀ, ਪਰਣੇਸ਼ਵਰੀ, ਕੱਥ ਕਾਲੀ, ਫ਼ਕੀਰੀ, ਗ਼ਦਰੀ ਸ਼ਹੀਦ ਬੰਤਾ ਸਿੰਘ ਸੰਘਵਾਲ, ਗ਼ਦਰੀ ਰਾਮ ਸਰਨ ਦਾਸ ਤਲਵਾੜ, ਗ਼ਦਰ ਲਹਿਰ ਅਣਗੌ.ਲੇ ਨਾਇਕ, ਤਸੀਹੇ ਕਦੇ ਬੱਢੇ ਨਹੀਂ ਹੁੰਦੇ ਆਦਿ ਪੁਸਤਕਾਂ ਦੀ ਰਚਨਾ ਕਰਕੇ ਸਾਹਿਤ ਨੂੰ ਅਮੀਰੀ ਬਖ਼ਸ਼ੀ। ਮੈਗਜ਼ੀਨ 'ਲਕੀਰ' ਦੇ ਯਾਦਗਾਰੀ ਅੰਕ ਸੰਪਾਦਤ ਕੀਤੇ। ਅੱਜ ਕੱਲ੍ਹ ਉਹ ਆਪਣੇ ਯੂ-ਟਿਊਬ ਚੈਨਲ ਨੂੰ ਲੈ ਕੇ ਚਰਚਾ 'ਚ ਸੀ।ਕਾਲੀ ਆਪਣੀਆਂ ਬੇਬਾਕ ਟਿੱਪਣੀਆਂ ਲਈ ਮਸ਼ਹੂਰ ਸੀ। ਉਹ ਭਾਰਤ ਦੇ ਵੱਖ-ਵੱਖ ਰਾਜਾਂ, ਅਕਾਦਮੀਆਂ, ਕਾਲਜਾਂ, ਯੂਨੀਵਰਸਿਟੀਆਂ, ਸਾਹਿਤ ਸਭਾਵਾਂ ਤੋਂ ਇਲਾਵਾ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਵੀ ਸਾਹਿਤਕ ਸਾਂਝ ਪਾ ਚੁਕਿਆ ਸੀ। ਇੱਡੇ ਵੱਡੇ ਸਾਹਿਤਕਾਰ ਦੀ ਕਮੀ ਹਮੇਸ਼ਾਂ ਸਾਹਿਤਕ ਹਲਕਿਆਂ ਵਿੱਚ ਮਹਿਸੂਸ ਕੀਤੀ ਜਾਂਦੀ ਰਹੇਗੀ। ਪਰ ਦੇਸ ਰਾਜ ਕਾਲੀ ਆਪਣੀਆਂ ਰਚਨਾਵਾਂ ਰਾਹੀਂ ਸਾਹਿਤ ਅਤੇ ਸਾਹਿਤ ਸਭਾਵਾਂ ਵਿੱਚ ਹਮੇਸ਼ਾਂ ਧੜਖਦਾ ਰਹੇਗਾ। ਇਸ ਸ਼ੋਕ ਸਭਾ ਵਿੱਚ ਡਾ. ਕਰਮਜੀਤ ਸਿੰਘ, ਕਲਤਾਰ ਸਿੰਘ ਕੁਲਤਾਰ, ਜਸਬੀਰ ਸਿੰਘ ਧੀਮਾਨ, ਡਾ. ਮਨਮੋਹਨ ਸੰਘ ਤੀਰ, ਸੁਰਿੰਦਰ ਸਿੰਘ ਕੰਗਵੀ, ਤ੍ਰਿਪਤਾ ਕੇ ਸਿੰਘ, ਡਾ. ਸ਼ਮਸ਼ੇਰ ਮੋਹੀ, ਸਤੀਸ਼ ਕੁਮਾਰ, ਡਾ. ਸੁਖਦੇਵ ਢਿੱਲੋਂ, ਡਾ. ਸਰਦੂਲ ਸਿੰਘ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ, ਲੈਕ. ਲਖਵਿੰਦਰ ਰਾਮ, ਸੋਮਦੱਤ ਦਿਲਗੀਰ, ਹਰਜਿੰਦਰ ਹਰਗੜ੍ਹੀਆ, ਦਰਸ਼ਨ ਸਿੰਘ ਦਰਸ਼ਨ, ਗੁਰਬਚਨ ਕੌਰ, ਡਾ. ਪਰਮਜੀਤ ਕੌਰ, ਪਰਵੀਨ, ਸੀਤਾ ਰਾਮ ਬਾਂਸਲ, ਪਰਮਜੀਤ ਕੌਰ, ਡਾ. ਰਵਿੰਦਰ ਕੌਰ ਆਦਿ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ**
(98158-25999)

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪਾਕਿ 'ਚ ਨਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸੁਰੱਖਿਅਤ, ਨਾ ਜੱਦੀ ਹਵੇਲੀ





**ਜਲੰਧਰ–** ਪਾਕਿਸਤਾਨ ਦੇ ਲਾਹੌਰ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ਦੇ ਬਾਹਰੋਂ ਉਤਾਰਿਆ ਗਿਆ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਆਦਮ-ਕੱਦ ਬੁੱਤ ਸੁਰੱਖਿਅਤ ਨਹੀਂ ਹੈ ਅਤੇ ਨਾ ਹੀ ਜ਼ਿਲ੍ਹਾ ਗੁੱਜਰਾਂਵਾਲਾ ਵਿਚ ਮੌਜੂਦ ਉਨ੍ਹਾਂ ਦੀ ਜੱਦੀ ਹਵੇਲੀ ਹੀ ਮਹਿਫ਼ੂਜ਼ ਹੈ। ਉਕਤ ਬੁੱਤ ਨੂੰ ਧਾਰਮਿਕ ਕੱਟੜਪੰਥੀਆਂ ਵਲੋਂ ਲਗਾਤਾਰ ਤੀਜੀ ਵਾਰ ਕੀਤੀ ਗਈ ਭੰਨਤੋੜ ਤੋਂ ਬਾਅਦ ਕੱਟੜਪੰਥੀ ਸੰਗਠਨ ਪਾਕਿਸਤਾਨ ਤਹਿਰੀਕ-ਏ-ਲੈਬਬੈਕ (ਪੀ. ਟੀ. ਐਲ.) ਦੇ ਡਰ ਤੋਂ ਅਜੇ ਤਕ ਕਿਲ੍ਹੇ ਵਿਚ ਮੁੜ ਤੋਂ ਸਥਾਪਤ ਨਹੀਂ ਕੀਤਾ ਜਾ ਸਕਿਆ ਹੈ।ਹਾਲਾਂਕਿ ਉਕਤ ਬੁੱਤ ਦੀ ਮੁਰੰਮਤ ਦਾ ਕੰਮ ਲਗਪਗ ਢਾਈ ਸਾਲ ਪਹਿਲਾਂ ਮੁਕੰਮਲ ਕੀਤਾ ਜਾ ਚੁੱਕਿਆ ਹੈ।ਇਸ ਦੇ ਇਲਾਵਾ ਜ਼ਿਲ੍ਹਾ ਗੁੱਜਰਾਂਵਾਲਾ ਵਿਚਲੀ ਮੱਛੀ ਮੰਡੀ ਵਿਚ ਸਥਿਤ ਸ਼ੇਰ-ਏ-ਪੰਜਾਬ ਦੀ ਜੱਦੀ ਹਵੇਲੀ ਦੇ ਵੱਡੇ ਹਿੱਸੇ ਦੇ ਢਹਿ ਜਾਣ ਦੇ ਇਕ ਸਾਲ ਬਾਅਦ ਵੀ ਸੰਬੰਧਿਤ ਵਿਭਾਗ ਨੇ ਅਜੇ ਤਕ ਉਕਤ ਸਮਾਰਕ ਦੀ ਨਵਉਸਾਰੀ ਸ਼ੁਰੂ ਨਹੀਂ ਕੀਤੀ ਹੈ।ਗੁੱਜਰਾਂਵਾਲਾ ਦੇ ਕਸਬਾ ਰਸੂਲ ਨਗਰ ਵਿਚ ਮੌਜੂਦ ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ (ਗਰਮੀਆਂ ਦਾ ਮਹਿਲ) ਖੰਡਰ ਦਾ ਰੂਪ ਲੈ ਚੁੱਕਿਆ ਹੈ।ਪਿੰਡ ਦੇ ਲੋਕਾਂ ਵਲੋਂ ਪਿਛਲੇ ਲੰਬੇ ਸਮੇਂ ਤੋਂ ਇਸ ਵਿਰਾਸਤੀ ਧਰੋਹਰ 'ਚ ਪਸ਼ੂ ਬੰਨ੍ਹੇ ਜਾ ਰਹੇ ਹਨ ਅਤੇ ਕੰਧਾਂ 'ਤੇ ਪਾਥੀਆਂ ਥੱਪੀਆਂ ਜਾ ਰਹੀਆਂ ਹਨ।

**ਪੈਨੋਰਮਾ ਸਰਕਾਰੀ ਅਣਗਹਿਲੀ ਦਾ ਸ਼ਿਕਾਰ**

ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸਕ ਸਥਾਨਕ ਰਾਮ ਬਾਗ਼ (ਕੰਪਨੀ ਬਾਗ਼) ਵਿਖੇ ਉਨ੍ਹਾਂ ਦੀ ਯਾਦ ਵਿਚ ਕਰੀਬ ਸਾਢੇ ਚਾਰ ਏਕੜ 'ਚ ਬਣਾਇਆ ਗਿਆ ਪੈਨੋਰਮਾ ਸਰਕਾਰ ਦੀ ਬੇਰੁਖ਼ੀ ਦਾ ਸ਼ਿਕਾਰ ਹੋਣ ਕਰਕੇ ਆਪਣੀ ਪਹਿਚਾਣ ਨਹੀਂ ਬਣਾ ਸਕਿਆ।ਮੁਖ ਮੰਤਰੀ ਦੇ ਪ੍ਰਚਾਰ ਲਈ ਚੱਪੇ-ਚੱਪੇ ਤੋਂ ਹੋਰਡਿੰਗ ਲਗਾਏ ਹਨ ਪਰ ਇਸ ਪੈਨੋਰਮਾ ਦੀ ਪਹਿਚਾਣ ਰਾਮ ਬਾਗ਼ ਦੀ ਚਾਰਦੀਵਾਰੀ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਦੇਸ਼ ਦੇ ਇਸ ਦੂਸਰੇ ਅਤੇ ਪੰਜਾਬ ਦਾ ਪਹਿਲੇ ਪੈਨੋਰਮਾ ਦਾ ਨੀਂਹ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ 200 ਸਾਲਾ ਵਰ੍ਹੇਗੰਢ ਦੇ ਮੌਕੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਵਲੋਂ 18 ਨਵੰਬਰ 2001 ਨੂੰ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਸੱਤਾ ਕਾਲ ਵਿਚ ਨੀਂਹ ਪੱਥਰ ਰੱਖਿਆ ਗਿਆ ਸੀ।ਇਸ ਪੈਨੋਰਮਾ 'ਤੇ ਕਰੀਬ 5.50 ਕਰੋੜ ਰੁਪਏ ਖ਼ਰਚ ਆਇਆ, ਜਿਸ ਨੂੰ ਨੈਸ਼ਨਲ ਕੌਂਸਲ ਆਫ਼ ਸਾਇੰਸ ਨਵੀਂ ਦਿੱਲੀ ਵਲੋਂ ਕਰੀਬ 5 ਸਾਲ 'ਚ ਤਿਆਰ ਕਰਵਾਇਆ ਗਿਆ, ਜਿਸ ਦਾ ਉਦਘਾਟਨ 20 ਜੁਲਾਈ 2006 ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤਾ ਗਿਆ ਅਤੇ ਇਹ ਪੈਨੋਰਮਾ ਪੂਰੀ ਤਰ੍ਹਾਂ ਨਾਲ ਤਿਆਰ ਹੋਣ ਉਪਰੰਤ 12 ਸਤੰਬਰ 2006 ਨੂੰ ਆਮ ਲੋਕਾਂ ਲਈ ਖੋਲ੍ਹਿਆ ਗਿਆ। ਉਕਤ ਬਾਗ਼ ਵਿਚ ਕਰੀਬ ਸਾਢੇ 4 ਏਕੜ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਬਣਾਇਆ ਗਏ ਇਸ ਪੈਨੋਰਮਾ ਦੀ ਜਿਸ ਤਰ੍ਹਾਂ ਦੀ ਪਹਿਚਾਣ ਬਣਨੀ ਚਾਹੀਦੀ ਸੀ ਸਰਕਾਰਾਂ ਉਹ ਪਹਿਚਾਣ ਬਣਾਉਣ ਵਿਚ ਅਸਫਲ ਰਹੀਆਂ ਹਨ। ਇਸ ਪੈਨੋਰਮਾ ਅੰਦਰ ਦੋ ਡਰੋਮਾ ਹਾਲ ਹਨ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜਨਮ, ਵਿਆਹ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਸੇਵਾ ਕਰਵਾਉਣ ਸਮੇਂ ਦੀਆਂ ਇਤਿਹਾਸਕ ਯਾਦਾਂ ਨੂੰ ਕਲਾਕ੍ਰਿਤੀਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੈਨੋਰਮਾ ਦੇ ਮੁੱਖ ਹਾਲ ਵਿਚ ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ ਵਿਚ ਲੜੀਆਂ 6 ਅਹਿਮ ਜੰਗਾਂ ਨੂੰ ਬਿਆਨ ਕਰਦੀਆਂ ਕਲਾਕ੍ਰਿਤੀਆਂ ਪੇਸ਼ ਕੀਤੀਆਂ ਗਈਆਂ ਅਤੇ ਇਸ ਦੇ ਨਾਂਅ ਜੰਗ ਦੇ ਮੈਦਾਨ ਵਿਚ ਘੋੜਿਆਂ ਅਤੇ ਤਲਵਾਰਾਂ ਦੇ ਖੜਾਕ ਦੀਆਂ ਆਵਾਜ਼ਾਂ ਚੱਲਦੀਆਂ ਹਨ। ਪੈਨੋਰਮਾ ਹਾਲ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਵੀ ਦਿਖਾਇਆ ਗਿਆ ਹੈ।ਇਸ ਹਾਲ ਵਿਚ 'ਟੱਚ ਸਕਰੀਨ' ਕੰਪਿਊਟਰ ਸਕਰੀਨਾਂ ਲਗਾਈਆਂ ਗਈਆਂ ਜਿਸ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਅੰਮ੍ਰਿਤਸਰ ਨਾਲ ਸੰਬੰਧਿਤ ਜਾਣਕਾਰੀ ਮਿਲਦੀ ਹੈ। ਇਥੇ ਔਸਤਨ ਇਕ ਦਿਨ ਵਿਚ 100 ਦੇ ਕਰੀਬ ਹੀ ਲੋਕ ਇਸ ਪੈਨੋਰਮਾ ਨੂੰ ਦੇਖਣ ਲਈ ਆਉਂਦੇ ਹਨ। ਸਾਫ ਹੈ ਕਿ ਇਸ ਦੇ ਪਿੱਛੇ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਨਕਾਮੀ ਹੈ।

**ਕੀ ਕੀਤਾ ਜਾਵੇ**

ਧਾਰਮਿਕ, ਇਤਿਹਾਸਕ ਅਤੇ ਵਿਰਾਸਤੀ ਪੱਖੋਂ ਦੁਨੀਆ ਭਰ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਅੰਮ੍ਰਿਤਸਰ ਸ਼ਹਿਰ ਦੀ ਲੁਪਤ ਹੋ ਰਹੀ ਵਿਰਾਸਤ ਨੂੰ ਬਚਾਉਣ ਲਈ ਸ਼ਹਿਰ ਦੇ ਇਤਿਹਾਸ ਨੂੰ ਪ੍ਰਮਾਣਿਕ ਦਸਤਾਵੇਜ਼ਾਂ ਦੇ ਆਧਾਰ 'ਤੇ ਕਲਮਬੱਧ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ।ਇਸ ਦੇ ਬਾਅਦ ਪੁਰਾਣੇ ਇਤਿਹਾਸਕ ਤੇ ਵਿਰਾਸਤੀ ਢਾਂਚਿਆਂ ਦੀ ਨਿਸ਼ਾਨਦੇਹੀ ਕਰਨ ਉਪਰੰਤ ਉਨ੍ਹਾਂ ਨੂੰ ਸੁਰੱਖਿਅਤ ਕਰਕੇ ਉਨ੍ਹਾਂ ਦੇ ਕੌਮਾਂਤਰੀ ਪੱਧਰ 'ਤੇ ਪ੍ਰਚਾਰ ਲਈ ਵਿਸ਼ੇਸ਼ ਸਾਰਥਕ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਤਿਹਾਸਕ ਸਮਾਰਕਾਂ ਦੀ ਪ੍ਰਮਾਣਿਕ ਤੱਥਾਂ ਦੇ ਆਧਾਰ 'ਤੇ ਨਿਸ਼ਾਨਦੇਹੀ ਕਰਕੇ ਇਨ੍ਹਾਂ ਦੀ ਸੰਭਾਲ ਲਈ 'ਵਾਲਡ ਸਿਟੀ ਅਥਾਰਿਟੀ ਅੰਮ੍ਰਿਤਸਰ' ਨੂੰ ਕਾਇਮ ਕਰਨਾ ਬੇਹੱਦ ਜ਼ਰੂਰੀ ਬਣ ਚੁੱਕਿਆ ਹੈ।ਇਸ ਅਥਾਰਿਟੀ ਅਧੀਨ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੀ ਤਰਜ਼ 'ਤੇ ਇਕ ਵਿਸ਼ੇਸ਼ ਐਕਟ ਬਣਾ ਕੇ ਅੰਦਰੂਨੀ ਸ਼ਹਿਰ ਦੀ ਵਿਰਾਸਤ ਅਤੇ ਵਿਰਾ-ਸਤੀ, ਇਤਿਹਾਸਕ ਅਤੇ ਧਾਰਮਿਕ ਸਮਾਰਕਾਂ ਨੂੰ ਲੁਪਤ ਜਾਂ ਜ਼ਮੀਨਦੋਜ਼ ਕੀਤੇ ਜਾਣ ਤੋਂ ਬਚਾਇਆ ਜਾ ਸਕਦਾ ਹੈ। ਇਤਿਹਾਸਕ ਸਮਾਰਕਾਂ ਦੀ ਸੁਰੱਖਿਆ ਲਈ 'ਵਾਲਡ ਸਿਟੀ ਅਥਾਰਿਟੀ ਅੰਮ੍ਰਿਤਸਰ' ਅਧੀਨ ਐਕਟ ਲਾਗੂ ਕਰਕੇ ਸਖ਼ਤ ਨਿਯਮ ਬਣਾਉਣ ਦੀ ਵੀ ਲੋੜ ਹੈ।

ਉਨ੍ਹਾਂ ਇਹ ਵੀ ਰਾਇ ਦਿੱਤੀ ਹੈ ਕਿ 'ਵਾਲਡ ਸਿਟੀ ਅਥਾਰਿਟੀ ਅੰਮ੍ਰਿਤਸਰ' ਨੂੰ ਸਥਾਪਤ ਕਰਕੇ ਇਸ ਦੇ ਪ੍ਰਬੰਧ ਸੁਤੰਤਰ ਰੂਪ ਵਿਚ ਸੇਵਾਮੁਕਤ ਹੋਏ ਸੀਨੀਅਰ ਆਈ. ਏ. ਐਸ. ਪੱਧਰ ਦੇ ਅਧਿਕਾਰੀਆਂ ਹੇਠ ਵੱਖ-ਵੱਖ ਐਨ. ਜੀ. ਓ., ਪੁਰਾਤਤਵ ਤੇ ਇਤਿਹਾਸ ਮਾਹਿਰਾਂ, ਵਿਰਾਸਤ ਪ੍ਰੇਮੀਆਂ ਅਤੇ ਰੱਖ-ਰਖਾਅ ਨਾਲ ਸੰਬੰਧਿਤ ਵਿਭਾਗਾਂ ਅਧੀਨ ਕੀਤੇ ਜਾਣੇ ਚਾਹੀਦੇ ਹਨ। ਇਸੇ ਦੇ ਨਾਲ ਹੀ ਮਿਸਲ ਕਾਲ ਵੇਲੇ ਬਣੇ ਬੁੰਗਿਆਂ ਦੇ ਬਚੇ-ਖੁਚੇ ਢਾਂਚਿਆਂ, ਸ਼ਹਿਰ ਦੇ 'ਮਿੰਨੀ ਸਿਟੀ' ਦੇ ਰੂਪ ਵਿਚ ਮੌਜੂਦ ਰਹੇ ਕੁਝ ਕਟੜਿਆਂ ਹੇਠਾਂ ਬਣੀਆਂ ਸੁਰੰਗਾਂ ਅਤੇ ਟੈਕਸ ਡਿਉੜ੍ਹੀਆਂ ਨੂੰ ਵੀ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ।






**ਸੰਪੂਰਨਤਾ ਦਿਵਸ ਨੂੰ ਸਮਰਪਿਤ ਲੇਖ**

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ - ਸੰਪੂਰਨਤਾ



ਸੰਤੋਖ ਸਿੰਘ ਸੰਧੂ
+64 22 071 0935

ਅੱਜ ਸਿੱਖ ਜਗਤ ਆਪਣੇ ਸਦਜੀਵਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਮਨਾ ਰਿਹਾ ਹੈ । ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦੋ ਵਾਰ ਹੋਈ ਸੀ। ਪਹਿਲੀ ਵਾਰ ਸ਼੍ਰੀ ਗੁਰੂ ਅਰਜੁਨ ਦੇਵ ਜੀ ਨੇ ਆਪਣੇ ਸਮੇਤ ਪੰਜ ਸਿੱਖ ਗੁਰੂਆਂ, 15 ਭਗਤਾਂ, 4 ਸਿੱਖ ਸੰਤਾਂ ਅਤੇ 13 ਭੱਟਾਂ ਦੀ ਉਚਾਰੀ ਹੋਈ ਬਾਣੀ ਦਾ ਸੰਕਲਨ ਕਰਕੇ ਉਸ ਵੇਲੇ ਦੇ ਉੱਘੇ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਕੋਲੋਂ ਲਿਖਵਾ ਕੇ ਇੱਕ ਗ੍ਰੰਥ ਤਿਆਰ ਕਰਵਾਇਆ। ਇਸ ਗ੍ਰੰਥ ਦੀ ਸੰਪੂਰਨਤਾ 30 ਅਗਸਤ 1604 ਈ: ਨੂੰ ਹੋਈ । ਇਸੇ ਸਾਲ ਪਹਿਲੀ ਸਤੰਬਰ ਨੂੰ ਇਸ ਗ੍ਰੰਥ ਸਾਹਿਬ ਨੂੰ ਸੱਚ ਖੰਡ ਸ਼੍ਰੀ ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ ਦੀ ਤਿਆਰ ਹੋਈ ਇਮਾਰਤ ਵਿੱਚ ਸਥਾਪਿਤ ਕਰਕੇ ਇਸਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਇਸ ਤਰ੍ਹਾਂ ਸੱਚ ਖੰਡ ਸ਼੍ਰੀ ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ ਵਿਖੇ ਗੁਰਬਾਣੀ ਦੇ ਨਿਰੰਤਰ ਨਿਤਨੇਮ ਅਤੇ ਕੀਰਤਨ ਦੀ ਸ਼ੁਰੂਆਤ ਹੋਈ। ਇਸ ਨਿਤਨੇਮ ਦੀ ਖਾਸੀਅਤ ਇਹ ਸੀ ਕਿ ਇਸ ਧਾਰਮਿਕ ਅਸਥਾਨ ਵਿਖੇ ਕਿਸੇ ਵੀ ਵਰਣ ਜਾਂ ਜਾਤ ਦੇ ਮਨੁੱਖ ਦੇ ਪ੍ਰਵੇਸ਼ ਕਰਨ ਦੀ ਮਨਾਹੀ ਨਹੀਂ ਸੀ, ਜਿਵੇਂ ਕਿ ਇਸਤੌਂ ਪਹਿਲਾਂ ਤਥਾਕਥਿਤ ਦਲਿਤ ਜਾਂ ਸ਼ੂਦਰ ਵਰਣ ਦੇ ਲੋਕਾਂ ਦੇ ਧਾਰਮਿਕ ਅਸਥਾਨਾਂ ਵਿੱਚ ਪ੍ਰਵੇਸ਼ ਕਰਨ ਦੀ ਮਨਾਹੀ ਹੁੰਦੀ ਸੀ। ਇਸ ਤਰ੍ਹਾਂ ਸਮਾਜ ਦੇ ਸਾਰੇ ਵਰਣਾਂ ਅਤੇ ਜਾਤਾਂ ਦੇ ਲੋਕ ਇੱਥੇ ਬਿਨਾ ਝਿਜਕ ਆ ਕੇ ਗੁਰਬਾਣੀ ਅਤੇ ਕੀਰਤਨ ਦਾ ਰਸ ਮਾਨਣ ਲੱਗੇ।

ਗੁਰੂ ਸਾਹਿਬ ਨੇ ਉਸ ਵੇਲੇ ਨੀਂਵੇਂ ਵਰਗ ਦੇ ਲੋਕਾਂ ਉਤੇ ਲੱਗੀਆਂ ਹੋਈਆਂ ਪੁਰਾਣੀਆਂ ਅਤੇ ਤਰਕਹੀਣ ਬੰਦਸ਼ਾਂ ਨੂੰ ਖ਼ਤਮ ਕਰਕੇ ਸ਼੍ਰੀ ਹਰਿਮੰਦਰ ਸਾਹਿਬ ਨੂੰ ਸਾਂਝੀਵਾਲਤਾ ਦਾ ਕੇਂਦਰ ਬਣਇਆ ਸੀ। ਉਸ ਵੇਲੇ ਦੇ ਦਲਿਤ ਜਾਣੇ ਜਾਂਦੇ ਪਰ ਉੱਚ ਕੋਟੀ ਦੇ ਵਿਦਵਾਨਾਂ, ਪ੍ਰਭੂ ਭਗਤੀ ਦੇ ਸੱਚੇ ਸੁੱਚੇ ਪੈਰੋਕਾਰਾਂ ਅਤੇ ਮਨੁੱਖ ਜਾਤੀ ਨੂੰ ਇੱਕ ਰੂਪ ਸਮਝਣ ਅਤੇ ਕਹਿਣ ਵਾਲੇ ਭਗਤਾਂ - ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਨਾਮ ਦੇਵ ਜੀ ਦੀ ਬਾਣੀ ਨੂੰ ਗੁਰੂ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਯੋਗ ਥਾਂ ਦੇ ਕੇ ਨਿਵਾਜਿਆ।

ਇਸ ਗ੍ਰੰਥ ਸਾਹਿਬ ਦਾ ਨਾਂ ਆਦਿ ਗ੍ਰੰਥ ਕਰਕੇ ਲਿਆ ਜਾਂਦਾ ਹੈ।ਗੁਰੂ ਗ੍ਰੰਥ ਸਾਹਿਬ ਦੀ ਇਹ ਬੀੜ ਅੱਜ ਵੀ ਜਲੰਧਰ ਤੋਂ ਉਤਰ-ਪੱਛਮ ਦੀ ਦਿਸ਼ਾ ਵਿੱਚ ਕੋਈ 15 ਕਿਲੋਮੀਟਰ ਦੂਰ ਸਥਿੱਤ ਕਸਬੇ ਕਰਤਾਰਪੁਰ ਵਿੱਚ ਧੀਰਮੱਲੀਆਂ ਦੇ ਪਰਿਵਾਰ ਕੋਲ ਮੌਜੂਦ ਅਤੇ ਸੁਰੱਖਿਅਤ ਪਈ ਹੋਈ ਹੈ। ਇਹ ਬੀੜ ਮੌਜੂਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਵਗਾਮੀ ਸਰੂਪ ਹੈ।

ਦੂਸਰੀ ਵਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਸਵੇਂ ਗੁਰੂ, ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਨ 1704 ਤੋਂ 1706ਵਿੱਚ ਕੀਤੀ ਗਈ । ਜਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗ਼ਲ ਹਕੂਮਤ ਜਾਂ ਜ਼ਾਲਿਮ ਔਰੰਗਜ਼ੇਬ ਸਰਕਾਰ ਨਾਲ ਲਗਾਤਾਰ ਖੂੰਨੀ ਯੰਗਾਂ ਤੋਂ ਫੁਰਸਤ ਮਿਲੀ ਤਾਂ ਗੁਰੂ ਜੀ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਆ ਕੇ ਨਿਵਾਸ ਕੀਤਾ। ਦੱਸਿਆ ਜਾਂਦਾ ਹੈ ਕਿ ਇਸ ਦੌਰਾਨ ਗੁਰੂ ਜੀ ਨੇ ਕੁਝ ਸਿੱਖਾਂ ਨੂੰ ਕਰਤਾਰਪੁਰ ਭੇਜ ਕੇ ਧੀਰਮੱਲੀ ਪਰਿਵਾਰ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਗੀ। ਪ੍ਰਚਲਤ ਮਾਨਤਾ ਹੈ ਕਿ ਧੀਰਮੱਲੀ ਪਰਿਵਾਰ ਨੇ ਉਹ ਬੀੜ ਦੇਣ ਤੋਂ ਨਾਂਹ ਕਰਦਿਆਂ ਕਿਹਾ ਕਿ ਜੇ ਗੋਬਿੰਦ ਸਿੰਘ ਗੁਰੂ ਹੈ ਤਾਂ ਉਹ ਖੁਦ ਨਵਾਂ ਗ੍ਰੰਥ ਤਿਆਰ ਕਰ ਲਵੇ। ਗੁਰੂ ਗੋਬਿੰਦ ਸਿੰਘ ਜੀ ਤਾਕਤ ਨਾਲ ਵੀ ਉਹ ਆਦਿ ਗ੍ਰੰਥ ਸਾਹਿਬ ਦੀ ਬੀੜ ਹਾਸਿਲ ਕਰ ਸਕਦੇ ਸਨ ਪਰ ਉਨ੍ਹਾਂ ਨੇ ਭਰਾ-ਮਾਰੂ ਕਲੇਸ਼ ਤੋਂ ਗੁਰੇਜ ਕਰਦੇ ਹੋਇਆਂ ਅੰਤਰ-ਧਿਆਨ ਸਮਾਧੀ ਵਿੱਚ ਬੈਠ ਕੇ ਬਾਣੀ ਦਾ ਉਚਾਰਣ ਕਰਦਿਆਂ ਭਾਈ ਮਨੀ ਸਿੰਘ ਨੂੰ ਨਾਲ ਨਾਲ ਲਿਖਣ ਲਈ ਕਿਹਾ। ਇੰਝ ਸੰਨ 1706 ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੂਬਹੂ ਉਚਾਰ ਕੇ ਨਵਾਂ ਗ੍ਰੰਥ ਸਾਹਿਬ ਤਿਆਰ ਕੀਤਾ ਗਿਆ।



ਇਸ ਨਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦ ਅਤੇ 57 ਸਲੋਕ ਜੋੜੇ ਗਏ। ਫਿਰ ਦਮਦਮਾ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਜਦ ਸੰਨ 1708 ਵਿੱਚ ਨੰਦੇੜ (ਦੱਖਣ) ਵੱਲ ਜਾਣ ਲੱਗੇ ਤਾਂ ਇਹ ਨਵਾਂ ਗੁਰੂ ਗ੍ਰੰਥ ਸਾਹਿਬ ਨਾਲ ਲੈ ਗਏ।

ਉਥੇ 20 ਅਕਤੂਬਰ 1708 ਨੂੰ ਉਸ ਨਵੇਂ ਗ੍ਰੰਥ ਨੂੰ ਸਦਜੀਵਤ ਗੁਰੂ ਦਾ ਦਰਜਾ ਦਿੱਤਾ। ਉਸਤੋਂ ਬਾਅਦ ਨਵੇਂ ਗੁਰੂ ਗ੍ਰੰਥ ਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਜੋਂ ਮਾਨਤਾ ਸ਼ੁਰੂ ਹੋਈ। ਇਸ ਦਿਹਾੜੇ ਨੂੰ ਹਰ ਸਾਲ ਗੁਰ ਗੱਦੀ ਦਿਵਸ ਕਰਕੇ ਮਨ-ਾਇਆ ਜਾਂਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਵਿੱਚ ਸਭ ਤੋਂ ਵੱਧ ਸਨਮਾਨਿਤ ਗ੍ਰੰਥ ਹੈ। ਇਸ ਵਿੱਚ ਗੁਰਬਾਣੀ ਦੇ 5894 ਸ਼ਬਦ ਦਰਜ । ਇਸ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ ਸਰੂਪ ਸੰਨ 1864 ਵਿੱਚ ਤਿਆਰ ਹੋਇਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ 1430 ਅੰਕ ਹਨ ਅਤੇ 33 ਖੰਡ ਹਨ। ਪਹਿਲੇ ਤਿੰਨ ਖੰਡ ਪ੍ਰਾਰਥਨਾ ਦੇ ਹਨ, ਜਿਨ੍ਹਾਂ ਵਿੱਚ ਪਹਿਲਾ ਖੰਡ ਸ਼੍ਰੀ ਜਪੁਜੀ ਸਾਹਿਬ (ਸਵੇਰ ਵੇਲੇ ਦੀ ਪ੍ਰਾਰਥਨਾ), ਦੂਸਰਾ ਖੰਡ ਸ਼੍ਰੀ ਸੋਦਰੁ ਰਹਿਰਾਸ ਸਾਹਿਬ (ਸ਼ਾਮ ਵੇਲੇ ਦੀ ਪ੍ਰਾਰਥਨਾ) ਅਤੇ ਤਸਿਰਾ ਖੰਡ ਕੀਰਤਨ ਸੋਹਿਲਾ (ਸੌਣ ਵੇਲੇ ਦੀ ਪ੍ਰਾਰਥਨਾ) ਅਤੇ ਸੰਪਨ ਖੰਡ ਵਿੱਚ ਸਲੋਕ ਤੇ ਮੁਦਾਵਣੀ ਸਾਹਿਬ ਦੀ ਬਾਣੀ ਦਰਜ ਹੈ।

**ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼:**

1. ਪ੍ਰਮਾਤਮਾ ਇੱਕ ਹੀ ਹੈ : ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ ਕਿ ਸਮੁੱਚੇ ਬ੍ਰਹਿਮੰਡ ਦਾ ਮਾਲਿਕ ਪ੍ਰਭੂ ਇੱਕ ਹੀ ਹੈ। ਮਨੁੱਖਾ ਸਮਾਜ ਨੇ ਪ੍ਰਮਾਤਮਾ ਨੂੰ ਆਪਣੇ ਧਰਮ, ਜਾਤ, ਨਸਲ, ਦੇਸ ਅਤੇ ਖਿੱਤੇ ਅਨੁਸਾਰ ਵੰਡ ਕੇ ਆਪਣੀ ਮਾਨਤਾ ਮੁਤਾਬਕ ਪ੍ਰਭੂ ਦੇ ਵੱਖ ਵੱਖ ਨਾਮ ਰੱਖ ਲਏ ਸਨ। ਇੰਝ ਇਹ ਇੱਕ ਭਰਮ ਬਣ ਗਿਆ ਕਿ ਸਭਨਾਂ ਦਾ ਪ੍ਰਭੂ ਵੱਖਰਾ ਵੱਖਰਾ ਹੈ।
2. ਪ੍ਰਭੂ ਸਦਾ ਸੱਚ ਅਤੇ ਸਭਨਾ ਅੰਦਰ ਵੱਸਦਾ ਹੈ : ਗੁਰਬਾਣੀ ਵਿੱਚ ਪ੍ਰਭੂ ਦੀ ਹੋਂਦ ਉਤੇ ਬੜਾ ਜ਼ੋਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ ਕਿ ਪ੍ਰਭੂ ਇੱਕ ਸੱਚਾਈ ਹੈ ਅਤੇ ਉਸਦਾ ਘਟ ਘਟ ਵਿੱਚ ਵਾਸ ਹੈ।
3. ਸਾਰੇ ਮਨੁੱਖ ਬਰਾਬਰ ਹਨ: ਮਨੁੱਖ ਨੇ ਇਸ ਸ੍ਰਿਸ਼ਟੀ ਉਤੇ ਮਨੁੱਖਾਂ ਵਿਚਕਾਰ ਧਰਮਾਂ, ਫਿਰਕਿਆਂ, ਉਚ, ਨੀਚ ਦੇ ਨਾਂ ਉਤੇ ਵੰਡੀਆਂ ਪਾਈਆਂ ਹੋਈਆਂ ਹਨ । ਗੁਰਬਾਣੀ ਵਿੱਚ ਇਨ੍ਹਾਂ ਵੰਡੀਆਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਸਭ ਮਨੁੱਖਾਂ ਨੂੰ ਬਰਾਬਰ ਮੰਨਿਆਂ ਗਿਆ ਹੈ।
4. ਮਰਦ ਤੇ ਔਰਤ ਵਿੱਚ ਕੋਈ ਉਤਮ ਅਤੇ ਕੋਈ ਘਟੀਆ ਨਹੀਂ ਹੈ : ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਸੀ। ਔਰਤਾਂ ਨੂੰ ਮਰਦਾਂ ਤੋਂ ਘਟੀਆ ਮੰਨਿਆਂ ਜਾਂਦਾ ਸੀ। ਇਹ ਵਿਤਕਰਾ ਅੱਜ ਵੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਕੁਰੀਤੀ ਦੀ ਸਖ਼ਤ ਨਿਖੇਧੀ ਕੀਤੀ ਹੈ।
5. ਪੰਜ ਵੱਕਾਰਾਂ ਉਤੇ ਕਾਬੂ: ਮਨੁੱਖ ਦੇ ਜੀਵਨ ਵਿੱਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਂ ਦੇ ਪੰਜ ਵੱਕਾਰ ਹਨ। ਇਨ੍ਹਾਂ ਵੱਕਾਰਾਂ ਵਿੱਚ ਲਿਪਤ ਹੋ ਕੇ ਮਨੁੱਖ ਕਈ ਤਰ੍ਹਾਂ ਦੇ ਪਾਪ ਕਰਦਾ ਹੋਇਆ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ। ਗੁਰਬਾਣੀ ਮਨੁੱਖ ਨੂੰ ਇਨ੍ਹਾਂ ਵੱਕਾਰਾਂ ਨੂੰ ਕਾਬੂ ਵਿੱਚ ਰੱਖਦਿਆਂ ਸਦਾ ਪ੍ਰਭੂ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੰਦੀ ਹੈ।
6. ਸਦਾ ਪ੍ਰਭੂ ਦੇ ਹੁਕਮ ਵਿੱਚ ਰਹੋ : ਦੁਖ ਸ਼ੁਖ ਜ਼ਿੰਦਗੀ ਦਾ ਹਿੱਸਾ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿੱਚ ਰਹਿਣ ਦੀ ਨਸੀਹਤ ਕੀਤੀ ਗਈ ਹੈ।
7. ਸਦਾ ਪ੍ਰੇਮ, ਦਯਾ, ਨਿਮਰਤਾ ਤੇ ਹਮਦਰਦੀ ਧਾਰਨ ਕਰੋ: ਗੁਰਰਬਾਣੀ ਵਿੱਚ ਮਨੁੱਖ ਨੂੰ ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ।

## ਪੁਸਤਕ ਸਮੀਖਿਆ

**ਰੁਮਾਲ ਦੇ ਧਾਗੇ**
**ਰੀਵਿਊਕਾਰ:ਬਲਜਿੰਦਰ ਮਾਨ 98150-18947**
**ਕਵੀ: ਸੁਖਮਨ ਸਿੰਘ**
**ਪ੍ਰਕਾਸ਼ਕ: ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ)**
**ਪੰਨੇ: 72,ਮੱਲ :125/-**

ਸੁਖਮਨ ਸਿੰਘ ਜੀਵਨ ਦੇ ਸੰਘਰਸ਼ ਨੂੰ ਇਕ ਚੈਲਿੰਜ ਮੰਨਦਾ ਹੋਇਆ ਆਪਣੀ ਮੰਜ਼ਿਲ ਨੂੰ ਖੁਦ ਤਲਾਸ਼ਦਾ ਹੈ। ਮਾਤਾ ਰਣਦੀਪ ਕੌਰ ਦੀ ਪ੍ਰੇਰਨਾ ਅਤੇ ਉਤਸ਼ਾਹ ਉਸਨੂੰ ਹਮੇਸ਼ਾਂ ਉਚੀਆਂ ਉਡਾਰੀਆਂ ਮਾਰਨ ਲਈ ਤਿਆਰ ਕਰਦਾ ਰਹਿੰਦਾ ਹੈ। ਇਸ ਸਦਕਾ ਹੀ ਉਹ ਦੋ ਮੌਲਿਕ ਅਤੇ ਚਾਰ ਪੁਸਤਕਾਂ ਦਾ ਸੰਪਾਦਨ ਕਰ ਚੁਕਾ ਹੈ। ਇੰਡੀਆ ਬੁਕ ਆਫ ਰਿਕਾਰਡਜ਼ ਵਿਚ ਦਰਜ ਰਸਾਲੇ ਨਿੱਕੀਆਂ ਕਰੂੰਬਲਾਂ ਦਾ ਇਹ ਆਰਟਿਸਟ ਕਲਾ ਜਗਤ ਵਿਚ ਡੂੰਘੀਆਂ ਪੈੜਾਂ ਪਾ ਰਿਹਾ ਹੈ।ਅਨੇਕਾਂ ਪੁਸਤਕਾਂ ਦੀ ਚਿੱਤਰਕਾਰੀ ਅਤੇ ਟਾਈਟਲ ਡਿਜ਼ਾਇਨਿੰਗ ਵੀ ਉਸਦੇ ਹਿੱਸੇ ਆਈ ਹੈ। ਉਹ ਇਕ ਬਹੁਵਿਧਾਵੀ ਲੇਖਕ ਹੈ। ਕਵਿਤਾ ਕਹਾਣੀ ਲੇਖ ਅਤੇ ਨਾਟਕ ਆਦਿ ਖੇਤਰਾਂ ਵਿਚ ਪਾਏਦਾਰ ਸਿਰਜਣਾ ਵਿਚ ਜੁਟਿਆ ਹੋਇਆ ਹੈ। ਰੁਮਾਲ ਦੇ ਧਾਗੇ ਕਾਵਿ ਸੰਗ੍ਰਹਿ ਵਿੱਚ ਸੁਖਮਨ ਸਿੰਘ ਨੇ ਜੀਵਨ ਦੀਆਂ ਤਲਖ ਹਕੀਕਤਾਂ ਨੂੰ ਸੂਖ਼ਮ ਅਹਿਸਾਸਾਂ ਵਿੱਚ ਚਿੱਤਰਣ ਦੀ ਕੋਸ਼ਿਸ਼ ਕੀਤੀ ਹੈ। ਅਜਿਹੇ ਨੌਜਵਾਨਾਂ ਨੂੰ ਮੋਬਾਇਲ ਫੋਨ ਤੋਂ ਹੀ ਫੁਰਸਤ ਨਹੀਂ ਪਰ ਸੁਖਮਨ ਅਕਾਦਮਿਕ, ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈ ਰਿਹਾ ਹੈ ਤੇ ਜੀਵਨ ਦੇ ਲੰਮੇਰੇ ਪੰਧ ਵੱਲ ਪਰ ਫੈਲਾਅ ਕੇ ਉੱਚੀ ਉਡਾਨ ਭਰਨ ਦੀ ਤਿਆਰੀ ਕਰ ਰਿਹਾ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਹ ਛੋਟੀਆਂ ਛੋਟੀਆਂ ਕਵਿਤਾਵਾਂ ਰਾਹੀਂ ਪਾਠਕਾਂ ਦੇ ਸਨਮੁੱਖ ਵੱਡਾ ਕੈਨਵਸ ਰੱਖਦਾ ਹੈ। ਸੁਖਮਨ ਸਿੰਘ ਲੋਕਾਂ ਦੇ ਚੁੱਪ ਰਹਿਣ 'ਤੇ ਕਟਾਕਸ਼ ਕਰਦਾ ਲਿਖਦਾ ਹੈ:-ਉਲਝਣਾਂ ਵਿੱਚੋਂ ਨਿਕਲਣ ਲਈ, ਮੈਂ ਜੁਆਬ ਲੱਭਦਾ ਹਾਂ।ਮੇਰੇ ਸਵਾਲਾਂ ਦਾ ਸਿਲਸਿਲਾ,ਜਾਰੀ ਰਹਿੰਦਾ ਹੈ,ਤੇ ਲੋਕਾਂ ਦੀ ਚੁੱਪੀ ਬਰਕਰਾਰ। ਕਵੀ ਅਜਿਹੇ ਰੁਮਾਲ ਦੇ ਧਾਗਿਆਂ ਦੀ ਕਾਮਨਾ ਕਰਦਾ ਹੈ ਜਿੱਥੇ ਪਿਆਰ ਵਿੱਚ ਰਿਸ਼ਤਿਆਂ ਵਿੱਚ ਕੋਈ ਧੋਖਾ ਨਾ ਹੋਵੇ। ਕਵੀ ਰਿਸ਼ਤਿਆਂ ਦੀ ਬੇਵਿਸ਼ਵਾਸੀ ਦਾ ਥਾਂ ਥਾਂ ਜ਼ਿਕਰ ਕਰਦਾ ਹੈ। ਕਵੀ ਨੂੰ ਪੂਰੇ ਦੇਸ਼ ਅਤੇ ਸਮਾਜ ਦੀ ਚਿੰਤਾ ਹੈ। ਉਸਨੂੰ ਗੱਭਰੂਆਂ ਦੀ ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੇ ਮਸਲੇ ਵੀ ਸਤਾ ਰਹੇ ਹਨ। ਇਸਦੇ ਨਾਲ ਨਾਲ ਉਹ ਆਪਣੀ ਹਿੰਮਤ ਨੂੰ ਵੀ ਸਦਾ ਬੁਲੰਦ ਰੱਖਣ ਦੀ ਸਲਾਹ ਦਿੰਦਾ ਹੈ। ਇਹਨਾਂ ਸਭ ਕਵਿਤਾਵਾਂ ਦੇ ਵਿਸ਼ੇ ਬੜੇ ਵੰਨ-ਸੁਵੰਨੇ ਹਨ ਜਿੰਨ੍ਹਾਂ ਨੂੰ ਕਵੀ ਨੇ ਬੜੀ ਬੇਵਾਕੀ ਨਾਲ ਪੇਸ਼ ਕੀਤਾ ਹੈ। ਉਸ ਅੰਦਰ ਦੇਸ਼ ਕੌਮ ਲਈ ਕੁੱਝ ਕਰਨ ਦਾ ਜਜ਼ਬਾ ਹੈ।ਇਸੇ ਕਰਕੇ ਹਰ ਰਚਨਾ ਵਿਚੋਂ ਇਕ ਨਵਾਂ ਤੇ ਨਰੋਆ ਸੁਨੇਹਾ ਮਿਲਦਾ ਹੈ।'ਮੈਂ ਸੀ, ਰਿਸ਼ਤਾ ਸੀ, ਮੇਰਾ ਸੀ, ਬਹੁਤ ਸੀ, ਕੁਝ ਸੀ, ਜਿੰਦਾ ਸੀ, ਸਾਹ ਸੀ, ਤੂੰ ਸੀ, ਹਾਂ ਸੀ।ਕਾਸ਼! ਇਹਨਾਂ ਸ਼ਬਦਾਂ ਪਿੱਛੇ ਹੈ ਹੁੰਦਾ ਤਾਂ ਮੈਂ ਜਿੰਦਾ ਹੋ ਕੇ ਵੀ ਜਿੰਦਾ ਹੰਦਾ।' ਕਵੀ ਅਧੂਰੀ ਮੁਹੱਬਤ ਦੀ ਗੱਲ ਕਰਦਾ ਇਸ ਕਾਵਿ ਸੰਗ੍ਰਹਿ ਵਿੱਚ ਲਿਖਦਾ ਹੈ। ਜ਼ਿੰਦਗੀ 'ਚ ਕੁਝ ਰਾਹਾਂ ਦੇ ਮੋੜ, ਮੈਨੂੰ ਰੋਕ ਲੈਂਦੇ ਨੇ, ਤੇ ਮੈਂ ਰੁਕ ਜਾਂਦਾ ਹਾਂ।ਕੁੱਝ ਪੁਰਾਣੀਆਂ ਯਾਦਾਂ ਦੀ ਬੁੱਕਲ ਵਿੱਚ।57 ਕਵਿਤਾਵਾਂ ਦਾ ਇਹ ਇਕ ਦਿਲ ਨੂੰ ਹਿਲਾਉਣ ਵਾਲਾ ਗੁਲਦਸਤਾ ਹੈ। ਇਸ ਵਿਚੋਂ ਪਿਆਰ ਸਤਿਕਾਰ ਅਤੇ ਸਮਾਜ ਦੇ ਕੋਹਝਾਂ ਦੇ ਨੈਣ ਨਕਸ਼ ਸਾਫ਼ ਦਿਖਾਈ ਦਿੰਦੇ ਹਨ।




## ਪੁਸਤਕ ਸਮੀਖਿਆ

**ਸਾਹਿਤ ਸੰਜੀਵਨੀ**
**ਰੀਵਿਊਕਾਰ:ਬਲਜਿੰਦਰ ਮਾਨ 98150-118947**
**ਲੇਖਕ: ਜੰਗ ਬਹਾਦਰ ਗੋਇਲ**
**ਪ੍ਰਕਾਸ਼ਕ: ਸਿੰਘ ਬ੍ਰਦਰਜ਼ ਅੰਮ੍ਰਿਤਸਰ,**
**ਪੰਨੇ: 168, ਮੁੱਲ: 200/-**

ਡਾ. ਜੰਗ ਬਹਾਦਰ ਗੋਇਲ ਸਾਹਿਤ ਦਾ ਖੋਜੀ ਲੇਖਕ ਹੈ। ਉਸਨੇ ਆਪਣੇ ਜੀਵਨ ਵਿਚ ਦੁਨੀਆਂ ਦਾ ਕੀਮਤੀ ਸਾਹਿਤ ਪੜ੍ਹਿਆ ਹੀ ਨਹੀਂ ਸਗੋਂ ਪੜਚੋਲਿਆ ਵੀ ਹੈ। ਉਹਨਾਂ ਮਹਾਨ ਲੇਖਕਾਂ ਦੀਆਂ ਮਹਾਨ ਪੁਸਤਕਾਂ ਨਾਲ ਸਾਡੇ ਗੂੜ੍ਹੇ ਸਬੰਧ ਕਾਇਮ ਕੀਤੇ ਹਨ। ਇਹਨਾਂ ਸਬੰਧਾਂ ਸਦਕਾ ਹੀ ਸਾਡੇ ਕਈ ਸਾਹਿਤਕਾਰਾਂ ਵਦੀਅਸ਼ਾਂ ਕਿਰਤਾਂ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਹੋ ਰਹੀਆਂ ਹਨ। ਡਾ. ਗੋਇਲ ਦੀ ਸਾਹਿਤ ਸੇਵਾ ਕਮਾਲ ਦੀ ਹੈ। ਉਹ ਜਿੱਥੇ ਜੀਵਨ ਵਿਚ ਸੰਘਰਸ਼ ਕਰਦੇ ਹਨ ਉਥੇ ਆਪਣੇ ਆਲੇ ਦੁਆਲੇ ਨੂੰ ਸੋਹਣਾ ਤੇ ਸਚੱਜਾ ਬਨਾਉਣ ਲਈ ਵੀ ਯਤਨਸ਼ੀਲ ਹਨ। ਹੱਥਲੀ ਪੁਸਤਕ 'ਸਾਹਿਤ ਸੰਜੀਵਨੀ' ਦਾ ਮਨੋਰਥ ਜੀਵਨ ਵਿਚ ਹਾਰ ਚੁੱਕੇ ਲੋਕਾਂ ਨੂੰ ਨਵਾਂ ਜੀਵਨ ਪ੍ਰਦਾਨ ਕਰਨਾ ਹੈ। ਖਾਸ ਕਰ ਉਹਨਾਂ ਲੋਕਾਂ ਨੂੰ ਜੋ ਹਾਦਸਿਆਂ ਜਾਂ ਬਿਮਾਰੀਆਂ ਕਾਰਨ ਕੁੱਝ ਵੀ ਕਰਨ ਦੇ ਸਮਰੱਥ ਨਹੀਂ ਰਹਿੰਦੇ।

ਪੁਸਤਕ ਵਿਚ ਪੂਰੀ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਵਸਦੇ ਮਹਾਨ ਲੇਖਕਾਂ ਅਤੇ ਦਾਰਸ਼ਨਿਕਾਂ ਦੇ ਜੀਵਨ ਪਲਟੇ ਨੂੰ ਪੇਸ਼ ਕੀਤਾ ਗਿਆ ਹੈ। ਕਿਸ ਕਿਤਾਬ ਨੇ ਕਿਸਦੇ ਜੀਵਨ ਨੂੰ ਪਲਟਾਇਆ ਅਤੇ ਉਹਨਾਂ ਇਸ ਸੰਸਾਰ ਵਿਚ ਕਿਵੇਂ ਸੰਦਲੀ ਪੈੜਾਂ ਪਾਈਆਂ। ਇਸ ਸਭ ਕੁੱਝ ਦਾ ਵਰਨਣ ਭਾਵ ਪੂਰਤ ਤਰੀਕੇ ਨਾਲ ਕੀਤਾ ਗਿਆ ਹੈ। ਅਸਲ ਵਿਚ ਇਹ ਪੁਸਤਕ ਸਾਨੂੰ ਦੁਨੀਆਂ ਦੀਆਂ ਮਹਾਨ ਪੁਸਤਕਾਂ ਬਾਰੇ ਵਾਕਫੀਅਤ ਰਵਾਉਂਦੀ ਹੋਈ ਆਪਣੇ ਕਦ ਨੂੰ ਵਿਸ਼ਵ ਪੱਧਰੀ ਬਨਾਉਣ ਦੀ ਤਿਆਰੀ ਕਰਵਾਉਂਦੀ ਹੈ। ਲੇਖਕ ਦੇ ਜੀਵਨ ਵਿਚ ਵਾਪਰੀ ਘਟਨਾ ਨੇ ਜਦੋਂ ਬੈਡ ਤੇ ਲੰਮਾ ਪਾ ਦਿੱਤਾ ਤਾਂ ਇਸ ਨਿਰਾਸ਼ਾ ਦੇ ਆਲਮ ਵਿਚੋਂ ਨਿਕਲਣ ਵਾਸਤੇ ਉਸਦੀਆਂ ਸਾਥੀ ਪੁਸਤਕਾਂ ਹੀ ਬਣਦੀਆਂ ਹਨ। ਜਿਨ੍ਹਾਂ ਦੇ ਆਸਰੇ ਉਹ ਦੂਜੀ ਵਾਰ ਨਵਾਂ ਜਨਮ ਲੈ ਕੇ ਸਮਾਜ ਨੂੰ ਨਰੋਈਆਂ ਲੀਹਾਂ ਪ੍ਰਦਾਨ ਕਰਦੇ ਹਨ। ਅਨੇਕਾਂ ਘਟਨਾਵਾਂ ਸਾਨੂੰ ਹੌਂਸਲਾ ਅਤੇ ਦਲੇਰੀ ਬਖਸ਼ਦੀਆਂ ਹਨ। ਦੁਨੀਆ ਦੇ ਸ਼ਾਹਕਾਰ ਨਾਵਲਾਂ ਦੁਆਰਾ ਅਮਰੀਕਾ, ਰੂਸ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿਚ ਲਿਆਂਦੀਆਂ ਕਰਾਂਤੀਆਂ ਸਾਡੇ ਅੰਦਰ ਹੋਰ ਜਾਨਣ ਦੀ ਜਗਿਆਸਾ ਪੈਦਾ ਕਰਦੀਆਂ ਹਨ। ਪੁਸਤਕ ਵਿਚ ਗਿਆਨ ਵਿਗਿਆਨ, ਚਕਿਤਸਾ, ਇਤਿਹਾਸ, ਕਵਿਤਾ, ਨਾਵਲ, ਕਹਾਣੀ, ਨਾਟਕ ਆਦਿ ਤਤ ਵਿਦਮਾਨ ਹਨ। ਇਸੇ ਕਰਕੇ ਪਾਠਕ ਅੱਗੇ ਤੋਂ ਅਗੇਰੇ ਪੜ੍ਹਨ ਲਈ ਤਿਆਰ ਰਹਿੰਦਾ ਹੈ।




ਸੁਰਜੀਤ ਪਾਤਰ, ਗੁਰਭਜਨ ਗਿੱਲ ਅਤੇ ਸਵਰਨਜੀਤ ਸਵੀ ਵਰਗੇ ਸ਼ਾਇਰਾਂ ਦੀਆਂ ਕਵਿਤਾਵਾਂ ਨਾਲ ਪੁਸਤਕਾਂ ਦੀ ਮਹਾਨਤਾ ਨੂੰ ਉਜਾਗਰ ਕੀਤਾ ਗਿਆ ਹੈ। ਸਾਡੀ ਅਤੇ ਸਮਾਜ ਦੀ ਮਾਨਸਿਕਤਾ ਨੂੰ ਪੁਸਤਕਾਂ ਹੀ ਬਦਲ ਸਕਦੀਆਂ ਹਨ। ਇਹ ਜਿਸ ਘਰ ਵਿਚ ਪਈਆਂ ਹਨ ਉਥੇ ਸ਼ੁੱਧ ਅਤੇ ਤਾਜੀ ਹਵਾ ਦਾ ਪਹਿਰਾ ਹੁੰਦਾ ਹੈ ,ਜਿਸ ਵਿਚੋਂ ਜੀਵਨ ਝਾਤੀਆਂ ਮਾਰਦਾ ਹੈ। ਪੁਸਤਕ ਦੇ ਛੇ ਭਾਗਾਂ ਵਿਚ ਪੁਸਤਕਾਂ ਮੇਰੀ ਜ਼ਿੰਦਗੀ ਵਿਚ, ਬਿਬਲਿਓਥੈਰੇਪੀ (ਪੁਸਤਕ ਚਕਿਤਸਾ,) ਸਾਹਿਤ ਅਧਿਐਨ ਅਤੇ ਚਕਿਤਸਕ ਪ੍ਰਭਾਵ, ਲੇਖਨ ਥੈਰੇਪੀ, ਲਿਟਰੇਰੀ ਕਲੀਨਿਕ ਅਤੇ ਸਾਹਿਤ: ਸਮਾਜ ਦਾ ਸਰਜਨ ਵਿਚ ਪਰੋਇਆ ਗਿਆ ਹੈ। ਜਿਨਾਂ ਲੋਕਾਂ ਨੇ ਜੀਵਨ ਦੀ ਆਸ ਹੀ ਖਤਮ ਕਰ ਦਿੱਤੀ ਸੀ ਪੁਸਤਕਾਂ ਨੇ ਉਹਨਾਂ ਅੰਦਰ ਨਵਾਂ ਜੋਸ਼ ਹੀ ਨਹੀਂ ਭਰਿਆ ਸਗੋਂ ਜੀਵਨ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਨ ਦੀ ਸਮਰੱਥਾ ਵੀ ਬਖਸ਼ੀ। ਲੇਖਕ ਦੇ ਦੋਸਤ ਰਵੀ ਸ਼ਰਮਾ ਐਗਰੋਫੋਬੀਆ ਦੀ ਬਿਮਾਰੀ ਤੋਂ ਛੁਟਕਾਰਾ ਪਾ ਕੇ ਲਿਖਦੇ ਹਨ- ਉਮੇਰੀ ਜਾਨ ਕਿਤਾਬਾਂ 'ਚ ਹੀ ਵਸਦੀ ਹੈ। ਇਹਨਾਂ ਕਿਤਾਬਾਂ ਦੀ ਬਦੌਲਤ ਹੀ ਅਜ ਮੈਂ ਜ਼ਿੰਦਾ ਹਾਂ। ਮੈਂ ਆਪਣੇ ਕਮਰੇ ਦੀ ਦੀਵਾਰ ਤੇ ਲਿਖ ਛੱਡਿਆ ਹੈ- 'ਮੈਂ ਤਾਂ ਮਰ ਚੱਲਿਆ ਸੀ, ਕਿਤਾਬ ਨੇ ਬਚਾ ਲਿਆ।" ਨੈਲਸਨ ਮੰਡੇਲਾ ਵਰਗੇ ਕਈ ਹੋਰ ਆਗੂਆਂ ਨੂੰ ਸਾਹਿਤ ਨੇ ਹੀ ਬਚਾਇਆ ਅਤੇ ਮਹਾਨ ਆਗੂ ਬਣਾਇਆ। ਸ਼ਹੀਦ ਭਗਤ ਸਿੰਘ ਵਾਂਗ ਹੋਰ ਕਈ ਸ਼ਹੀਦ ਤਸੀਹਿਆਂ ਦੇ ਬਾਵਜੂਦ ਸਾਹਿਤ ਨਾਲ ਜੁੜਕੇ ਜੀਵਨ ਦੇ ਸੰਘਰਸ਼ ਵਿਚ ਜੁਟੇ ਰਹੇ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸਾਡੇ ਜੀਵਨ ਲਈ ਸਾਹਿਤ ਦੀ ਆਕਸੀਜਨ ਵਾਂਗ ਜ਼ਰੂਰਤ ਹੈ। ਜਿਹੜੇ ਪੁਸਤਕਾਂ ਪੜ੍ਹਦੇ ਹਨ ਉਹਨਾਂ ਨੂੰ ਜਿਹੜਾ ਆਨੰਦ ਮਿਲਦਾ ਹੈ ਉਹ ਹੋਰ ਕੋਈ ਪ੍ਰਾਪਤ ਨਹੀ ਕਰ ਸਕਦਾ। ਭੈੜੀਆਂ ਬਿਮਾਰੀਆਂ ਦੀ ਚੁੰਗਲ ਚੋਂ ਮਨੁੱਖ ਨੂੰ ਦਵਾਈਆਂ ਨਹੀਂ ਸਗੋਂ ਕੀਮਤੀ ਪੁਸਤਕਾਂ ਛੁਡਾਉਂਦੀਆਂ ਹਨ। ਹਰ ਪੰਨੇ ਤੇ ਪੁਸਤਕਾਂ ਰਾਹੀਂ ਮਿਲੀ ਊਰਜਾ ਦਾ ਵਿਵਰਣ ਹਰ ਪਾਠਕ ਦੇ ਮਨ ਅੰਦਰ ਪੁਸਤਕਾਂ ਦੇ ਬਾਗ ਵਿਚ ਸੈਰ ਕਰਨ ਦੀ ਅਭਿਆਸ ਕਰਵਾਉਂਦਾ ਹੈ। ਤਲਵਾਰ ਸਿਰ ਤਾਂ ਕਲਮ ਕਰ ਸਕਦੀ ਹੈ ਪਰ ਸਾਡੀ ਸੋਚ ਨਹੀਂ ਬਦਲ ਸਕਦੀ। ਇਹ ਸ਼ਕਤੀ ਸਾਹਿਤ ਪਾਸ ਹੈ। ਜਿਸਦੀ ਵਰਤੋਂ ਨਾਲ ਹਰ ਇਨਸਾਨ ਆਪਣੇ ਹਨੇਰੇ ਕੋਨਿਆਂ ਨੂੰ ਰੌਸ਼ਨ ਕਰ ਸਕਦਾ ਹੈ। ਕੌਮਾਂ ਅਤੇ ਦੇਸ਼ ਸੁਧਾਰਾਂ ਨਾਲ ਗੁਫਾ ਤੋਂ ਪੁਲਾੜ ਤਕ ਦਾ ਸਫਰ ਤੈਅ ਕਰ ਸਕਦੇ ਹਨ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਨੀਨਾ ਬੁੰਧੇਲ ਨੇ ਬੇਟੀ ਐਮੀ ਨੂੰ ਦਿੱਤੀ ਜਨਮ ਦਿਨ ਮੁਬਾਰਕ

ਨੀਨਾ ਸਿੱਧੂ ਦੇ ਨਾਂਅ ਤੇ ਪੰਜਾਬੀ ਫ਼ਿਲਮਾਂ 'ਜੱਟ ਯੋਧੇ' ਇਨਸਾਫ਼ ਪੰਜਾਬ ਦਾ 'ਜਖ਼ਮੀ ਜਗੀਰਦਾਰ' 'ਜੱਟ ਪੰਜਾਬ ਦਾ' ਸਮੇਤ ਅਨੇਕਾਂ ਕਾਮਯਾਬ ਫ਼ਿਲਮਾਂ ਦੀ ਨਾਇਕਾ ਹੁਣ ਨੀਨਾ ਬੁੰਧੇਲ ਦੇ ਨਾਂਅ ਤੇ ਸਰਦਾਰਨੀ ਯੋਗਰਾਜ ਸਿੰਘ ਹੈ । ਨੀਨਾ ਬੁੰਧੇਲ ਨੇ ਆਪਣੀ ਟੈਨਿਸ ਖਿਡਾਰਨ ਬੇਟੀ ਐਮੀ ਦੇ ਜਨਮ ਦਿਨ



ਤੇ ਉਸਨੂੰ ਗਲਵੱਕੜੀ ਪਾ ਕਿ ਪਿਆਰੀ ਮੁਬਾਰਕ ਦਿੱਤੀ ਤੇ ਅਰਦਾਸ ਕੀਤੀ ਕਿ ਸਤਿਗੁਰੂ ਉਸਦੀ ਬੇਟੀ ਐਮੀ ਦਾ ਖੇਡ ਕੈਰੀਅਰ ਬੁਲੰਦ ਕਰੇ ਤੇ ਉਹ ਉਚਾਈਆਂ ਤੇ ਪਹੁੰਚੇ।

### ਯੋਗਰਾਜ ਸਿੰਘ ਦੀ ਸੇਵਾ ਤੇ ਸਿਮਰਨ

ਪਾਲੀਵੁੱਡ ਬਾਦਸ਼ਾਹ ਯੋਗਰਾਜ ਸਿੰਘ ਅਤਿਅੰਤ ਧਾਰਮਿਕ ਵਿਚਾਰਾਂ ਦੇ ਇਨਸਾਨ ਵੀ ਹਨ । ਆਪਣੇ ਮੁਰਸ਼ਦ ਦੇ ਕਹਿਣ ਤੇ ਯੋਗਰਾਜ ਸਿੰਘ ਨੇ ਸੇਵਾ ਤੇ ਸਿਮਰਨ ਦੋ ਪਰ ਤੇ ਇਹਨਾਂ ਪਰਾਂ ਤੇ ਉਡਾਰੀ ਮਰਨ ਲਈ ਸੇਵਾ ਦੇ ਨਾਲ ਨਾਲ ਸਿਮਰਨ ਵੀ ਸ਼ੁਰੂ ਕੀਤਾ ਹੈ । ਯੋਗਰਾਜ ਸਿੰਘ 'ਮੌਜਾਂ ਹੀ ਮੌਜਾਂ' 'ਚ ਨਜ਼ਰ ਆਉਣਗੇ ਤੇ ਸੰਜੇ ਦੱਤ ਨਾਲ ਵੀ ਫ਼ਿਲਮ ਕਰ ਰਹੇ ਹਨ । ਇਹ ਸਭ ਸੇਵਾ/ਸਿਮਰਨ ਦਾ ਫਲ ਹੈ।

### ਪੰਮਾ ਮੱਲ੍ਹੀ ਗਾਇਕ ਡੀ.ਜੀ.ਪੀ. ਵੱਲੋਂ ਸਨਮਾਨਿਤ

ਕਿਸਮਤ ਦੀ ਖੇਡ ਗਾਇਕ ਪੰਮਾ ਮੱਲ੍ਹੀ ਨੂੰ ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਨਮਾਨਿਤ ਕੀਤਾ ਸੀ। 'ਕਰੋਨਾ' ਤੇ ਗੀਤ ਲਈ ਤੇ ਹੁਣ ਕਾਬਿਲ ਪੁਲਿਸ ਅਫ਼ਓਮਪ;ਸਰ ਦੇ ਨਾਲ ਸਮਾਜਿਕ ਗਾਇਕ ਵਜੋਂ ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਪੁਲਿਸ ਨੇ ਵੀ ਸਨਮਾਨਿਤ ਕੀਤਾ ਹੈ। ਜਲਦੀ ਨਸ਼ਿਆਂ ਤੇ ਪੰਮਾ ਮੱਲ੍ਹੀ ਨਵੇਂ ਟਰੈਕ ਨਾਲ ਭਗਵੰਤ ਮਾਨ ਨੂੰ ਇਹ ਗੀਤ ਸਮਰਪਿਤ ਕਰਨਗੇ। ਬਲਜਿੰਦਰ ਸਿੰਘ





ਪੰਮਾ ਮੱਲ੍ਹੀ ਸਟਾਰ ਗਾਇਕ ਵੀ ਹਨ।

### ਅਮਰ ਨੂਰੀ 'ਪਿੰਡ ਅਮਰੀਕਾ' ਕਰੇ ਚੁੱਲ੍ਹਾ-ਚੌਕਾ

ਅਭਿਨੇਤਰੀ ਅਮਰ ਨੂਰੀ ਕਿਆ ਬਾਤ ਬੇਮਿਸਾਲ ਅਭਿਨੈ ਦੀ ਮੂਰਤ ਹੈ ਤੇ ਸਿਮਰਨ ਸਿੰਘ ਨਿਰਦੇਸ਼ਤ ਡਾਕਟਰ ਹਰਚੰਦ ਸਿੰਘ ਦੀ ਫ਼ਿਲਮ 'ਪਿੰਡ ਅਮਰੀਕਾ' ਜਲਦੀ ਆਉਣ ਵਾਲੀ 'ਚ ਉਸ ਨੇ ਪੁਰਾਤਨ ਰਸੋਈ ਜਿਸਨੂੰ ਚੁੱਲ੍ਹਾ-ਚੌਂਕਾ ਆਖਦੇ ਸਨ ਦਾ ਵਾਤਾਵਰਣ ਤੇ ਆਪਣੀ ਅਦਾਇਗੀ ਨਾਲ ਯਾਦ ਕਰਵਾਇਆ ਹੈ। ਅਮਰ ਨੂਰੀ 'ਪਿੰਡ ਅਮਰੀਕਾ' ਬਾਬਤ





ਆਖਦੀ ਏ ਫਿਲਮ ਦੇਖ ਕਿ ਹਰ ਕੋਈ ਕਹੇਗਾ ਕਿ ਸਭਿਆਚਾਰ ਜਿਉਂਦਾ ਕਰ ਦਿੱਤਾ ਇਸ ਫ਼ਿਲਮ ਨੇ।

### ਹਰਪਾਲ ਠੱਠੇਵਾਲਾ ਤੇ ਕੰਵਲਜੀਤ ਦੀ ਸੁਣੋ

ਦੋਗਾਣੇ ਅੱਜ ਵੀ ਜ਼ਿੰਦਾ ਨੇ ਤੇ ਅੱਗੇ ਨਾਲੋਂ ਜ਼ਿਆਦਾ ਲੋਕ



ਸੁਣਦੇ ਹਨ। ਵਿਚਾਰ ਸਟਾਰ ਜੋੜੀ ਹਰਪਾਲ ਠੱਠੇਵਾਲਾ-ਕੰਵਲਜੀਤ ਕੰਵਲ ਦੇ ਹਨ। ਅੱਜ ਵੀ ਪੇਂਡੂ ਮੇਲਿਆਂ ਦੀ ਦੀ ਸ਼ਾਨ ਹਰਪਾਲ ਤੇ ਕੰਵਲ ਹੁਣ ਫ਼ਿਓਮਪ;ਲਮਾਂ ਵੱਲ ਮੁਹਾਰ ਮੋੜ ਲਈ ਹੈ। ਆਪਣੇ ਦੋਗਾਣੇ ਨਾਲ ਦੋਹਵੇਂ 'ਇਸ਼ਕ ਮੁਹੱਬਤ' 'ਚ ਨਜ਼ਰ ਆਉਣਗੇ-ਸ਼ੁੱਭ ਦੁਆਵਾਂ।

### 'ਮਸਤਾਨੇ' ਦੇਖੋ ਹੈਪੀ ਰੰਦੇਵ-ਅਰਸ਼ ਨੇ ਕਿਹਾ

'ਸੱਤ ਦਿਨ' ਦੋਗਾਣੇ ਨਾਲ ਚਰਚਿਤ ਜੋੜੀ ਹੈਪੀ ਰੰਦੇਵ-ਅਰਸ਼ਦੀਪ ਨੇ ਪੰਜਾਬੀਆਂ ਨੂੰ ਕਿਹਾ ਹੈ ਕਿ 'ਮਸਤਾਨੇ' ਫ਼ਿਲਮ ਨੇ ਪੰਜਾਬ, ਸਰਦਾਰੀ ਤੇ ਇਤਿਹਾਸ ਦੀ ਸ਼ਾਨ ਉੱਚੀ ਕੀਤੀ ਹੈ। ਹਰੇਕ ਨੂੰ ਚਾਹੀਦਾ ਹੈ ਕਿ ਉਹ 'ਮਸਤਾਨੇ' ਜਰੂਰ ਦੇਖੇ। ਇਸ ਨਾਲ ਪੰਜਾਬੀ 'ਚ ਇਤਿਹਾਸਕ ਫਿਲਮਾਂ ਦਾ ਕੰਮ ਵਧੇਗਾ।

# 786 ਨੰਬਰਾਂ ਵਾਲੇ ਨੋਟ ਇਕੱਠੇ ਕਰਨ ਵਾਲਾ 'ਨਰਿੰਦਰਪਾਲ ਸਿੰਘ'



ਤਸਵਿੰਦਰ ਸਿੰਘ ਬੜੈਚ

91-98763-22677

ਖੂਬਸੂਰਤ ਸ਼ਹਿਰ ਚੰਡੀਗੜ੍ਹ 'ਚ ਰਹਿੰਦੇ 63 ਸਾਲਾ ਨਰਿੰਦਰਪਾਲ ਸਿੰਘ ਦਾ ਅਵੱਲਾ ਸ਼ੌਂਕ ਉਹ ਕਰੰਸੀ ਨੋਟ ਇਕੱਠੇ ਕਰਨਾ ਹੈ, ਜਿਨ੍ਹਾਂ 'ਤੇ ਅੱਗੇ ਅਤੇ ਪਿੱਛੇ 786 ਨੰਬਰ ਹੈ, ਜਿਵੇਂ 0786786, 7860786 ਆਦਿ। ਮੁਸਲਿਮ ਭਾਈਚਾਰੇ ਵਿਚ 786 ਅੰਕ ਦੀ ਬੜੀ ਮਾਨਤਾ ਹੈ। 786 ਅੰਕ ਦੀ ਲੋਕਪ੍ਰਿਯਤਾ ਇੰਨੀ ਵੱਧ ਗਈ ਹੈ ਕਿ ਮੁਸਲਮਾਨਾਂ ਦੇ ਨਾਲ-ਨਾਲ ਇਸ ਅੰਕ ਨੂੰ ਹੋਰ ਧਰਮਾਂ ਦੇ ਲੋਕ ਵੀ ਸੁਭ ਮੰਨਣ ਲੱਗੇ ਹਨ। ਜੇ ਗੱਲ ਨਰਿੰਦਰਪਾਲ ਸਿੰਘ ਵੱਲੋਂ ਇਕੱਠੇ ਕੀਤੇ ਹੋਏ 786 ਨੰਬਰਾਂ ਵਾਲੇ ਨੋਟਾਂ ਦੀ ਕਰੀਏ ਤਾਂ ਉਸ ਕੋਲ 2000, 500, 100, 50, 20, 10, 5, 2, 1 ਦੇ ਭਾਰਤੀ ਨੋਟ ਅਤੇ ਨਿਊਜ਼ੀਲੈਂਡ, ਆਸਟ੍ਰੇਲੀਆ, ਕਨੇਡਾ,



ਅਮਰੀਕਾ, ਇਟਲੀ, ਭੂਟਾਨ, ਨੇਪਾਲ, ਪਾਕਿਸਤਾਨ, ਬੰਗਲਾਦੇਸ ਆਦਿ ਦੇਸ਼ਾਂ ਦੀ 786 ਨੰਬਰਾਂ ਵਾਲੀ ਵਿਦੇਸੀ ਕਰੰਸੀ ਵੀ ਸਾਂਭੀ ਹੋਈ ਹੈ। ਨਰਿੰਦਰਪਾਲ ਸਿੰਘ 786 ਅੰਕ ਦਾ ਐਨਾ ਸੈਦਾਈ ਹੈ ਕਿ ਉਨ੍ਹਾਂ ਨੇ ਆਪਣੀ ਕਾਰ ਤੇ ਮੋਬਾਈਲ ਦਾ ਨੰਬਰ (ਪਿਛਲੇ ਤਿੰਨ ਅੱਖਰ) ਵੀ 786 ਲਿਆ ਹੋਇਆ ਹੈ। ਇਸ ਤੋਂ ਇਲਾਵਾ, 3 ਅਪ੍ਰੈਲ 1954 ਨੂੰ ਪਿਤਾ ਦਰਸ਼ਨ ਸਿੰਘ ਅਤੇ ਮਾਤਾ ਹਰਬੰਸ ਕੌਰ ਦੇ ਘਰ ਜਨਮੇ ਨਰਿੰਦਰਪਾਲ ਸਿੰਘ ਕੋਲ ਭਾਰਤ ਦੇ 5 ਰੁਪਏ ਦੇ ਸਿੱਕੇ ਦੀਆਂ 50 ਕਿਸਮਾਂ, 1 ਰੁਪਏ ਦੀਆਂ 33 ਕਿਸਮਾਂ, 10 ਪੈਸੇ ਦੀਆਂ 11 ਕਿਸਮਾਂ, 5 ਪੈਸੇ ਦੀਆਂ 8 ਕਿਸਮਾਂ, 25 ਪੈਸੇ ਦੀਆਂ 20 ਕਿਸਮਾਂ ਵੀ ਇਕੱਠੀਆਂ ਕੀਤੀਆਂ ਹੋਈਆਂ ਹਨ। ਉਸ ਕੋਲ ਮੌਲਾਨਾ ਅਬਦੁਲ ਕਲਾਮ, ਡਾ.ਸਿਆਮਾ ਪ੍ਰਸ਼ਾਦ ਮੁਖਰਜੀ, 9 ਵੀਂ ਏਸ਼ੀਅਨ ਗੇਮ, ਸੁਤੰਤਰਤਾ ਦੀ 50 ਵੀਂ ਵਰ੍ਹੇਗੰਢ, ਮਦਰ ਟਰੇਸਾ, ਜਹਾਜ ਮਹਿਕਮੇ ਦੀ 100 ਵੀਂ ਵਰ੍ਹੇਗੰਢ, ਵਿਸ਼ਵ ਫੂਡ ਅਤੇ ਵਾਤਾਵਰਨ ਦਿਵਸ, 25 ਵੀਂ ਸੁਤੰਤਰਤਾ ਜੈਅੰਤੀ, ਭਾਰਤੀ ਰਿਜ਼ਰਵ ਬੈਂਕ ਗੋਲਡਨ ਜੁਬਲੀ, ਖਾਲਸਾ ਸਤਾਬਦੀ ਦੇ 300 ਸਾਲ ਮੁਕੰਮਲ ਹੋਣ ਆਦਿ ਵਿਸ਼ੇਸ ਮੌਕਿਆ ਤੇ ਜਾਰੀ ਕੀਤੇ ਸਿੱਕੇ ਵੀ ਇਕੱਤਰ ਕੀਤੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਉਸ ਕੋਲ ਬਿਨ੍ਹਾਂ ਨੰਬਰਾਂ ਵਾਲੇ ਨੋਟ, ਅਧੂਰੇ ਨੰਬਰਾਂ ਵਾਲੇ ਨੋਟ, ਸਟਾਰ ਵਾਲੇ 500 ਦੇ ਨੋਟ, ਕਟਿੰਗ ਤੋਂ ਰਹਿ ਚੁੱਕੇ ਨੋਟ, ਜੋ ਪ੍ਰਕਾਸ਼ਨ ਦੌਰਾਨ ਤਕਨੀਕੀ ਗਲਤੀਆਂ ਨਾਲ ਬਾਹਰ ਆ ਕੇ ਵੰਡੇ ਗਏ, ਵੱਖ-ਵੱਖ ਨੰਬਰਾਂ ਵਾਲੇ ਜਿਵੇਂ 1, 2, 3, 4, 5, 6 ਨੋਟ ਵੀ ਸਾਂਭੇ ਪਏ ਹਨ। ਜਦ ਕਿ ਨੋਟਾਂ 'ਤੇ ਸਾਰੇ ਅੰਕ ਇਕੋ ਹੀ (ਜਿਵੇਂ 1111111) ਦੇ ਇਕ, ਦੋ, ਪੰਜ, ਦਸ, ਵੀਹ, ਪੰਜਾਹ, ਇਕ ਸੌ ਅਤੇ ਪੰਜ ਸੌ ਰੁਪਏ ਦੇ ਨੋਟ ਵੀ ਖਿੱਚ ਦਾ ਕੇਂਦਰ ਹਨ। ਉਹ ਕਰੀਬ 28 ਸਾਲਾਂ ਤੋਂ ਬੜੀ ਮਿਹਨਤ ਤੇ ਲਗਨ ਨਾਲ ਅਜਿਹੇ ਨੋਟ ਤੇ ਸਿੱਕੇ ਇਕੱਠੇ ਕਰਦਾ ਆ ਰਿਹਾ ਹੈ। ਨਰਿੰਦਰਪਾਲ ਸਿੰਘ ਨੇ ਪਿਛਲੇ 28 ਸਾਲਾਂ 'ਚ ਲਗਭਗ 15 ਲੱਖ ਰੁਪਏ ਦੇ, ਜਿਨ੍ਹਾਂ ਵਿਚ 2000, 500, 100, 50, 20, 5, 2, 1 ਦੇ ਭਾਰਤੀ ਨੋਟ , ਸਿੱਕੇ ਅਤੇ ਵਿਦੇਸ਼ੀ ਕਰੰਸੀ ਸਾਮਲ ਹਨ, ਇਕੱਠੇ ਕਰ ਲਏ ਹਨ । ਨੋਟਾਂ ਅਤੇ ਸਿੱਕਿਆਂ ਦੇ ਮਾਮਲੇ ਵਿਚ ਸ਼ਾਇਦ ਹੀ ਭਾਰਤ ਵਿਚ ਕੋਈ ਅਜਿਹਾ ਵਿਅਕਤੀ ਹੋਵੇ ਜਿਸ ਕੋਲ ਏਨੀ ਵੱਡੀ ਮਾਤਰਾ ਵਿਚ ਨੋਟ ਅਤੇ ਸਿੱਕੇ ਮੌਜੂਦ ਹੋਣ। ਚੰਡੀਗੜ੍ਹ ਦੇ ਸੈਕਟਰ 51 ਦੀ ਬੀ. ਐਸ. ਐਨ. ਐਲ. ਕਲੋਨੀ 'ਚ ਆਪਣੇ ਪਰਿਵਾਰ ਸਮੇਤ ਰਹਿਣ ਵਾਲੇ ਇਸ ਸੇਵਾ ਮੁਕਤ ਬੈਂਕ ਅਧਿਕਾਰੀ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਨੋਟ ਤੇ ਸਿੱਕੇ ਇਕੱਠੇ ਕਰਨਾ ਕੋਈ ਸੌਖਾ ਕੰਮ ਨਹੀਂ। ਪਿਛਲੇ 28 ਸਾਲਾਂ ਤੋਂ ਉਹ ਥਾਂ-ਥਾਂ ਭਟਕ ਰਹੇ ਹਨ ਤਾਂ ਜੋ ਇਕ ਰਿਕਾਰਡ ਬਣ ਸਕੇ ਅਤੇ ਉਨ੍ਹਾਂ ਨੂੰ ਸਫਲਤਾ ਵੀ ਮਿਲੀ ਹੈ। ਉਨ੍ਹਾਂ ਦਾ ਨਾਂਅ ਲਿਮਕਾ ਬੁੱਕ ਆਫ਼ ਰੀਕਾਰਡਜ਼, ਇੰਡੀਆ ਬੁੱਕ ਆਫ਼ ਰੀਕਾਰਡਜ਼ ਅਤੇ ਯੂਨੀਕ ਵਰਲਡ ਰੀਕਾਰਡਜ਼ ਵਿਚ ਦਰਜ ਹੈ। ਇਕ ਕੌਮੀ ਪੱਧਰ ਦੀ ਸੰਸਥਾਂ ਵੱਲੋਂ ਸਾਲ 2012 ਵਿਚ ਤਿਆਰ ਕੀਤੀ ਗਈ 120 ਪ੍ਰਤਿਭਾਸ਼ਾਲੀ ਵਿਅਕਤੀਆਂ ਦੀ ਸੂਚੀ 'ਚ ਅਤੇ 2013 ਵਿਚ ਚੁਣੇ 101 ਬੰਦਿਆਂ 'ਚ ਨਰਿੰਦਰਪਾਲ ਸਿੰਘ ਨੂੰ ਸ਼ਾਮਲ ਕੀਤਾ। ਨਰਿੰਦਰਪਾਲ ਸਿੰਘ ਨੂੰ ਇਹ ਖਜ਼ਾਨਾ ਸੰਭਾਲਣ ਬਦਲੇ ਜੈਪੁਰ ਵਿਖੇ ਸਾਲ 2009 'ਚ 'ਭਾਰਤ ਦਾ ਕੋਹਿਨੂਰ' ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਸਾਲ 2009 ਵਿਚ ਹੀ ਬਠਿੰਡਾ ਦੀ ਸੰਸਥਾਂ ਗਲੋਬਲ ਵਰਲਡ ਰੀਕਾਰਡਜ਼ ਵੀ ਨਰਿੰਦਰਪਾਲ ਸਿੰਘ ਨੂੰ ਸਨਮਾਨਿਤ ਕਰ ਚੁੱਕੀ ਹੈ। ਨੋਟਾਂ ਅਤੇ ਸਿੱਕਿਆਂ ਦੇ ਸ਼ੌਕ ਵਿਚ ਉਸ ਨੂੰ ਆਪਣੀ ਜੀਵਣ-ਸਾਥਣ ਗੁਰਦੀਪ ਕੌਰ ਅਤੇ ਸਮੁੱਚੇ ਪਰਿਵਾਰ ਦਾ ਬਹੁਤ ਯੋਗਦਾਨ ਹਾਸਿਲ ਹੈ। ਇਸ ਉਮਰੇ ਵੀ ਉਸ ਦਾ ਸ਼ੌਕ ਘੱਟ ਨਹੀਂ ਹੋਇਆ। ਨੋਟਾਂ ਅਤੇ ਸਿੱਕਿਆਂ ਦੀ ਭਾਲ 'ਚ ਉਹ ਅਜੇ ਵੀ ਤਤਪਰ ਹੈ। ਨਰਿੰਦਰਪਾਲ ਸਿੰਘ, ਜਿਸ ਨੇ ਇਹ ਨੋਟਾਂ ਤੇ ਸਿੱਕਿਆਂ ਦਾ ਸਾਰਾ ਖ਼ਜਾਨਾ ਬੈਂਕ ਲਾਕਰ 'ਚ ਰੱਖਿਆ ਹੋਇਆ ਹੈ, ਦੀ ਇੱਛਾ ਹੈ ਕਿ ਉਹ ਹੋਰ ਵੀ ਜਿਆਦਾ ਨੋਟ ਤੇ ਸਿੱਕੇ ਇਕੱਠੇ ਕਰਕੇ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ ਵਿਚ ਆਪਣਾ ਨਾਂਅ ਦਰਜ ਕਰਵਾਏ। ਵਹਿਗੁਰੂ ਕਰੇ, ਉਸ ਦੀ ਇਹ ਇੱਛਾ ਜਲਦੀ ਪੂਰੀ ਹੋਵੇ।

# ਚੰਦ 'ਤੇ ਮਿਲੇ ਸਲਫਰ, ਐਲੂਮੀਨੀਅਮ, ਆਇਰਨ ਸਮੇਤ ਕਈ ਪਦਾਰਥਾਂ ਦੇ ਸਬੂਤ

**ਨਵੀਂ ਦਿੱਲੀ (ਬਿਊਰੋ)–** ਇਸਰੋ ਦੇ ਚੰਦਰਯਾਨ-3 ਮਿਸ਼ਨ ਨੂੰ ਵੱਡੀ ਸਫਲਤਾ ਮਿਲੀ ਹੈ। ਪ੍ਰਗਿਆਨ ਰੋਵਰ ਨੂੰ ਚੰਦਰਮਾ 'ਤੇ ਕਈ ਪਦਾਰਥਾਂ ਦੇ ਸਬੂਤ ਮਿਲੇ ਹਨ। ਇਸਰੋ ਨੇ ਕਿਹਾ ਕਿ ਚੰਦਰਮਾ ਦੇ ਦੱਖਣੀ ਧਰੁਵ 'ਤੇ ਗੰਧਕ ਦੇ ਸਪੱਸ਼ਟ ਸਬੂਤ ਮਿਲੇ ਹਨ। ਇਸਰੋ ਨੇ ਦੱਸਿਆ ਕਿ ਉਨ੍ਹਾਂ ਨੂੰ ਚੰਦਰਮਾ ਦੀ ਸਤ੍ਹਾ 'ਤੇ ਕਈ ਪਦਾਰਥਾਂ ਦੇ ਸਬੂਤ ਮਿਲੇ ਹਨ। ਉਨ੍ਹਾਂ ਕਿਹਾ ਕਿ ਚੰਦਰਮਾ 'ਤੇ ਐਲੂਮੀਨੀਅਮ, ਆਇਰਨ, ਸਲਫਰ ਸਮੇਤ ਕਈ ਪਦਾਰਥਾਂ ਦੀ ਜਾਣਕਾਰੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਹਾਈਡ੍ਰੋਜਨ (ਐਚ.) ਦੀ ਭਾਲ ਜਾਰੀ ਹੈ। ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ (ਇਸਰੋ) ਨੇ ਮੰਗਲਵਾਰ ਨੂੰ ਕਿਹਾ ਕਿ ਪ੍ਰਗਿਆਨ ਰੋਵਰ ਦੇ ਲੇਜ਼ਰ-ਇੰਡਿਊਸਡ ਬ੍ਰੇਕਡ-ਾਊਨ ਸਪੈਕਟਰੋਸਕੋਪ ਨੇ ਪਹਿਲੀ ਵਾਰ ਸ਼ਹਿਰ ਦੇ ਅੰਦਰ-ਅੰਦਰ ਮਾਪਾਂ ਰਾਹੀਂ ਦੱਖਣੀ ਧਰੁਵ ਦੇ ਨੇੜੇ ਚੰਦਰਮਾ ਦੀ ਸਤ੍ਹਾ ਵਿੱਚ ਗੰਧਕ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਹੈ।



ਇਸਰੋ ਨੇ ਕਿਹਾ ਕਿ ਰੋਵਰ ਦੇ ਸਪੈਕਟਰੋਸਕੋਪ ਨੇ ਉਮੀਦ ਅਨੁਸਾਰ ਐਲੂਮੀਨੀਅਮ, ਕੈਲਸ਼ੀਅਮ, ਫੈਰਸ (ਆਇਰਨ), ਕ੍ਰੋਮੀਅਮ, ਟਾਈਟੇਨੀਅਮ, ਮੈਂਗਨੀਜ਼, ਸਿਲੀਕਾਨ ਅਤੇ ਆਕਸੀਜਨ ਦਾ ਵੀ ਪਤਾ ਲਗਾਇਆ। ਹਾਈਡ੍ਰੋਜਨ ਦੀ ਖੋਜ ਜਾਰੀ ਹੈ। "ਸ਼ੁਰੂਆਤੀ ਵਿਸ਼ਲੇਸ਼ਣ, ਗ੍ਰਾਫਿਕ ਤੌਰ 'ਤੇ ਪ੍ਰਸਤੁਤ ਕੀਤੇ ਗਏ ਹਨ, ਨੇ ਚੰਦਰਮਾ ਦੀ ਸਤ੍ਹਾ 'ਤੇ ਐਲੂਮੀਨੀਅਮ, ਸਲਫਰ, ਕੈਲਸ਼ੀਅਮ, ਆਇਰਨ, ਕ੍ਰੋਮੀਅਮ, ਅਤੇ ਟਾਈਟੇਨੀਅਮ ਦੀ ਮੌਜੂਦਗੀ ਦਾ ਖੁਲਾਸਾ ਕੀਤਾ ਹੈ। ਹੋਰ ਮਾਪਾਂ ਨੇ ਮੈਂਗਨੀਜ਼, ਸਿਲੀਕਾਨ ਅਤੇ ਆਕਸੀਜਨ ਦੀ ਮੌਜੂਦਗੀ ਦਾ ਖੁਲਾਸਾ ਕੀਤਾ ਹੈ। ਇਸਰੋ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਹਾਈਡ੍ਰੋਜਨ ਦੀ ਮੌਜੂਦਗੀ ਬਾਰੇ ਪੂਰੀ ਜਾਂਚ ਚੱਲ ਰਹੀ ਹੈ।

# ਦੱਖਣੀ ਅਫਰੀਕਾ 'ਚ ਬਹੁਮੰਜ਼ਿਲਾ ਇਮਾਰਤ ਨੂੰ ਅੱਗ ਲੱਗਣ ਕਾਰਨ ਘੱਟੋ ਘੱਟ 64 ਮੌਤਾਂ ਤੇ 43 ਝੁਲਸੇ




**ਜੋਹੈਂਨਸਬਰਗ–** ਦੱਖਣੀ ਅਫਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਜੋਹੈਂਨਸਬਰਗ 'ਚ ਬਹੁਮੰਜ਼ਿਲਾ ਇਮਾਰਤ 'ਚ ਅੱਗ ਲੱਗਣ ਕਾਰਨ ਘੱਟੋ-ਘੱਟ 64 ਵਿਅਕਤੀਆਂ ਦੀ ਮੌਤ ਹੋ ਗਈ ਅਤੇ 43 ਹੋਰ ਜ਼ਖਮੀ ਹੋ ਗਏ।

ਐਮਰਜੰਸੀ ਪ੍ਰਬੰਧਨ ਸੇਵਾ ਨੇ ਦੱਸਿਆ ਕਿ ਵੀਰਵਾਰ ਤੜਕੇ ਲੱਗੀ ਅੱਗ 'ਚ ਘੱਟੋ-ਘੱਟ 64 ਵਿਅਕਤੀਆਂ ਦੀ ਮੌਤ ਹੋ ਗਈ ਅਤੇ 43 ਹੋਰ ਜ਼ਖਮੀ ਹੋ ਗਏ। ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

### ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust